ਕੌਮਾਂਤਰੀ www.amritsartimes.com
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 238| 29 July to 4 August 2026 | Ph.: (510) 240-5949 | Email: asrtimes@gmail.com




# ਪੰਥਕ ਸਿਆਸਤ ਦਾ ਬਦਲ ਰਿਹੈ ਚਿਹਰਾ-ਮੋਹਰਾ

## ਨਿੱਤ ਬਣ ਰਹੇ ਨਵੇਂ ਸਮੀਕਰਨਾਂ ਕਾਰਨ ਸੂਬੇ ਦੀ ਰਾਜਨੀਤੀ ’ਚ ਵੱਡਾ ਉਲਟ ਫੇਰ ਹੋਣ ਦੇ ਬਣੇ ਆਸਾਰ

ਜਗਮੋਹਨ ਸਿੰਘ ‘ਲੱਕੀ’

## ਰਵਾਇਤੀ ਸਿਆਸੀ ਪਾਰਟੀਆਂ ਲਈ ਚੁਣੌਤੀ ਬਣ ਸਕਦੀਆਂ ਨੇ ਨਵੀਂਆਂ ਪਾਰਟੀਆਂ

ਪੰਜਾਬ ਦੀ ਸਿਆਸਤ ਇਤਿਹਾਸਕ ਤੌਰ ’ਤੇ ਵੱਡੇ ਬਦਲਾਓ ਦੀ ਗਵਾਹ ਰਹੀ ਹੈ। ਸਾਲ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਦੀ ਵੱਡੀ ਜਿੱਤ, ਸਾਲ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਮੁੱਖ ਵਿਰੋਧੀ ਧਿਰ ਵਜੋਂ ਉਭਾਰ ਅਤੇ ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੂੰਝਾ ਫੇਰੂ ਜਿੱਤ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਪੰਜਾਬ ਦੇ ਵੋਟਰ ਜਦੋਂ ਪੰਜਾਬ ’ਚ ਸਿਆਸੀ ਤਬਦੀਲੀ ਦਾ ਮਨ ਬਣਾ ਲੈਂਦੇ ਹਨ ਤਾਂ ਉਹ ਰਵਾਇਤੀ ਸਮੀਕਰਨ ਪੂਰੀ ਤਰ੍ਹਾਂ ਬਦਲ ਦਿੰਦੇ ਹਨ। ਹੁਣ ਇੱਕ ਵਾਰ ਫੇਰ ਪੰਜਾਬ ਵਿੱਚ ‘ਸਿਆਸੀ ਬਦਲਾਓ ਦੀ ਲਹਿਰ ਸ਼ੁਰੂ ਹੋਣ ਦੀ ਆਹਟ’ ਮਿਲ ਰਹੀ ਹੈ ਅਤੇ ਪੰਜਾਬ ਦੀ ਰਾਜਨੀਤੀ ਮੁੜ ਕਰਵਟ ਲੈਂਦੀ ਦਿਖਾਈ ਦੇ ਰਹੀ ਹੈ। ਸਿਆਸੀ ਮਾਹਿਰਾਂ ਅਨੁਸਾਰ ਇਸ ਸਮੇਂ ਪੰਜਾਬ ਦੇ ਵੋਟਰ ਰਵਾਇਤੀ ਸਿਆਸੀ ਪਾਰਟੀਆਂ ਤੋਂ ਜਿੱਥੇ ਅੱਕੇ ਪਏ ਹਨ, ਉੱਥੇ ਉਹ ਤੀਜੇ ਸਿਆਸੀ ਮੋਰਚੇ ਦਾ ਬਦਲ ਦੇਣ ਦਾ ਦਾਅਵਾ ਕਰ ਚੁੱਕੀ ਆਮ ਆਦਮੀ ਪਾਰਟੀ ਤੋਂ ਵੀ ਨਿਰਾਸ਼ ਹੋ ਚੁੱਕੇ ਹਨ, ਜਿਸ ਕਾਰਨ ਪੰਜਾਬ ਦੇ ਲੋਕ ਹੁਣ ‘ਚੌਥੇ ਸਿਆਸੀ ਬਦਲ’ ਦੀ ਭਾਲ ਵਿੱਚ ਹਨ। ਸਿਆਸੀ ਮਾਹਿਰਾਂ ਅਨੁਸਾਰ ਪਿਛਲੇ ਕੁਝ ਸਮੇਂ ਤੋਂ ਹੁਣ ਤੱਕ ਦੇ ਸਿਆਸੀ ਰੁਝਾਨ ਤੋਂ ਇਹ ਮਹਿਸੂਸ ਹੋ ਰਿਹਾ ਹੈ ਕਿ ਪੰਜਾਬ ਵਿੱਚ ‘ਅਕਾਲੀ ਦਲ ਵਾਰਿਸ ਪੰਜਾਬ ਦੇ’ ਪਾਰਟੀ ਦੇ ਰੂਪ ਵਿੱਚ ਨਵੀਂ ਸਿਆਸੀ ਪਾਰਟੀ ਦਾ ਉਭਾਰ ਹੋ ਰਿਹਾ ਹੈ, ਜੋ ਕਿ ਰਵਾਇਤੀ ਸਿਆਸੀ ਪਾਰਟੀਆਂ ਦੇ ਨਾਲ ਆਮ ਆਦਮੀ ਪਾਰਟੀ ਲਈ ਵੀ ਵੱਡੀ ਚੁਣੌਤੀ ਬਣ ਸਕਦੀ ਹੈ। ‘ਅਕਾਲੀ ਦਲ ਵਾਰਿਸ ਪੰਜਾਬ ਦੇ’ ਪਾਰਟੀ ਵੱਲ ਨੌਜਵਾਨਾਂ ਦਾ ਵੱਧ ਰਿਹਾ ਝੁਕਾਓ ਪੰਜਾਬ ਵਿੱਚ ਇੱਕ ਹੋਰ ਸਿਆਸੀ ਬਦਲਾਓ ਦੀ ਸ਼ੁਰੂਆਤ ਵੀ ਹੋ ਸਕਦਾ ਹੈ, ਖ਼ਾਸ ਕਰਕੇ ਜਦੋਂ ਕਾਂਗਰਸ ਵਰਗੀਆਂ ਮਜ਼ਬੂਤ ਮੰਨੀਆਂ ਜਾਂਦੀਆਂ ਸਿਆਸੀ ਪਾਰਟੀਆਂ ਆਪਣੀ ਅੰਦਰੂਨੀ ਖਹਿਬਾਜ਼ੀ ਵਿੱਚ ਹੀ ਉਲਝੀਆਂ ਰਹਿਣ।



ਪੰਜਾਬ ਵਿੱਚ ਇਸ ਸਮੇਂ ਆਮ ਆਦਮੀ ਪਾਰਟੀ, ਭਾਜਪਾ, ਕਾਂਗਰਸ, ਅਕਾਲੀ ਦਲ ਬਾਦਲ, ਅਕਾਲੀ ਦਲ ਪੁਨਰ ਸੁਰਜੀਤ ਤੇ ਵਾਰਿਸ ਪੰਜਾਬ ਦੇ ਮੁੱਖ ਤੌਰ ’ਤੇ ਸਰਗਰਮ ਹਨ। ਭਾਜਪਾ ਨੂੰ ਭਾਰਤ ਵਿੱਚ ਸਭ ਤੋਂ ਅਨੁਸ਼ਾਸਿਤ ਪਾਰਟੀ ਮੰਨਿਆ ਜਾਂਦਾ ਹੈ। ਭਾਜਪਾ ਵੱਲੋਂ ਪੰਜਾਬ ਵਿੱਚ ਇਕੱਲਿਆਂ ਚੋਣਾਂ ਲੜਨ ਦਾ ਐਲਾਨ ਕੀਤਾ ਜਾ ਚੁੱਕਿਆ ਹੈ ਅਤੇ ਭਾਜਪਾ ਵੱਲੋਂ ਸਿੱਖ ਚਿਹਰਿਆਂ ਨੂੰ ਅੱਗੇ ਲਿਆ ਕੇ ਪੰਜਾਬ ਦੇ ਸਿੱਖਾਂ ਨੂੰ ਪਾਰਟੀ ਨਾਲ ਜੋੜਨ ਦੇ ਯਤਨ ਕੀਤੇ ਜਾ ਰਹੇ ਹਨ। ਭਾਜਪਾ ਨੇ ਪੰਜਾਬ ਦੇ ਸ਼ਹਿਰੀ ਇਲਾਕਿਆਂ ਦੇ ਨਾਲ ਪੇਂਡੂ ਖੇਤਰਾਂ ਵਿੱਚ ਵੀ ਸਰਗਰਮੀਆਂ ਵਧਾ ਦਿੱਤੀਆਂ ਹਨ ਭਾਵੇਂ ਕਿ ਭਾਜਪਾ ਨੂੰ ਅਜੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਭਰਵਾਂ ਹੁੰਗਾਰਾ ਮਿਲਣਾ ਸ਼ੁਰੂ ਨਹੀਂ ਹੋਇਆ। ਦੂਜੇ ਪਾਸੇ ਕਾਂਗਰਸ ਦੀ ਪੰਜਾਬ ਇਕਾਈ ਦੇ ਆਗੂ ਆਪੋ ਆਪਣੀ ਡਫਲੀ ਵਜਾ ਰਹੇ ਹਨ ਅਤੇ ਕਾਂਗਰਸ ਹਾਈਕਮਾਂਡ ਦੇ ਪੰਜਾਬ ਦੇ ਕਾਂਗਰਸੀ ਆਗੂਆਂ ਵਿੱਚ ਏਕੇ ਦੇ ਯਤਨ ਅਜੇ ਤੱਕ ਸਫਲ ਨਹੀਂ ਹੋਏ। ਕਾਂਗਰਸ ਨੂੰ ਭਾਵੇਂ 84 ਦੇ ਦੁਖਾਂਤ ਕਾਰਨ ਸਿੱਖ ਵਿਰੋਧੀ ਪਾਰਟੀ ਕਿਹਾ ਜਾਂਦਾ ਹੈ ਪਰ ਇਹ ਪਾਰਟੀ ਫੇਰ ਵੀ ਕਈ ਵਾਰ ਪੰਜਾਬ ਵਿੱਚ ਰਾਜ ਕਰਨ ਵਿੱਚ ਕਾਮਯਾਬ ਰਹੀ ਹੈ। ਇਸ ਸਮੇਂ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਨਿਰਾਸ਼ ਹੋਏ ਵੱਡੀ ਗਿਣਤੀ ਲੋਕ ਕਾਂਗਰਸ ਵੱਲ ਆਸ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਹਨ ਪਰ ਪੰਜਾਬੀਆਂ ਦੀ ਨਬਜ਼ ਪਛਾਣਨ ਵਿੱਚ ਕਾਂਗਰਸੀ ਆਗੂ ਅਜੇ ਤੱਕ ਕਾਮਯਾਬ ਨਹੀਂ ਹੋਏ, ਨਾ ਹੀ ਕਾਂਗਰਸੀ ਆਗੂ ਇੱਕ ਦੂਜੇ ਦੀ ਨਬਜ਼ ਪਛਾਣ ਰਹੇ ਹਨ। ਇਸ ਪਾਰਟੀ ਦੀ ਅੰਦਰੂਨੀ ਫੁੱਟ ਇਸ ਪਾਰਟੀ ਦੀ ਹਰਮਨਪਿਆਰਤਾ ਨੂੰ ਸੱਟ ਮਾਰ ਰਹੀ ਹੈ। ਜੇ ਅਕਾਲੀ ਦਲ ਬਾਦਲ ਦੀ ਗੱਲ ਕੀਤੀ ਜਾਵੇ ਤਾਂ ਬਾਦਲ ਦਲ ਅਗਲੀਆਂ ਵਿਧਾਨ ਸਭਾ ਚੋਣਾਂ ਦੀਆਂ ਪੂਰੀਆਂ ਤਿਆਰੀਆਂ ਕਰ ਚੁੱਕਿਆ ਹੈ। ਇਸ ਪਾਰਟੀ ਵੱਲੋਂ ਤਾਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਅਨੇਕਾਂ ਹਲਕਿਆਂ ਤੋਂ ਆਪਣੇ ਪਾਰਟੀ ਉਮੀਦਵਾਰਾਂ ਦਾ ਐਲਾਨ ਵੀ ਕੀਤਾ ਜਾ ਚੁੱਕਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਅਗਲੀ ਸਰਕਾਰ ਅਕਾਲੀ ਦਲ ਬਾਦਲ ਦੀ ਹੀ ਬਣੇਗੀ। ਅਕਾਲੀ ਦਲ ਦਾ ਮੋਰਚਿਆਂ ਅਤੇ ਕੁਰਬਾਨੀਆਂ ਭਰਿਆ ਇਤਿਹਾਸ ਰਿਹਾ ਹੈ ਪਰ ਹੁਣ ਇਸ ਪਾਰਟੀ ਦੇ ਵੱਡੀ ਗਿਣਤੀ ਵਰਕਰ ‘ਡਿਫੈਂਡਰਾਂ’ ਵਿੱਚ ਆਉਂਦੇ ਹਨ, ਜਿਸ ਕਾਰਨ ਅਜਿਹੇ ਵਰਕਰ ਕੋਈ ਵੱਡਾ ਪੰਥਕ ਮੋਰਚਾ ਲਗਾਉਣ ਜਾਂ ਜੇਲ੍ਹ ਭਰੋ ਅੰਦੋਲਨ ਕਰਨ ਦੇ ਹੱਕ ਵਿੱਚ ਨਹੀਂ ਲੱਗਦੇ। ਇਹੋ ਕਾਰਨ ਹੈ ਕਿ ਸੁਖਬੀਰ ਬਾਦਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਹੁਦੇ ਤੋਂ ਉਤਾਰਨ ਲਈ ਸ਼ੁਰੂ ਕਰਨ ਵਾਲੇ ਪੰਥਕ ਮੋਰਚੇ ਵਾਲੇ ਬਿਆਨ ਤੋਂ ਪਿੱਛੇ ਹੱਟ ਗਏ ਹਨ ਅਤੇ ਬਾਦਲ ਦਲ ਵੱਲੋਂ ਇਹ ਮੋਰਚਾ ਸ਼ੁਰੂ ਨਹੀਂ ਕੀਤਾ ਗਿਆ।



**ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਸਿਆਸੀ ਖ਼ਲਾਅ ਵਾਲੀ ਸਥਿਤੀ ਬਣੀ ਹੋਈ ਹੈ ਅਤੇ ਪੰਜਾਬ ਦੇ ਲੋਕ ਇਸ ਸਮੇਂ ਕਿਸੇ ਵੀ ਸਿਆਸੀ ਪਾਰਟੀ ਨੂੰ ਹੁੰਗਾਰਾ ਨਹੀਂ ਭਰ ਰਹੇ। ਇਹ ਠੀਕ ਹੈ ਕਿ ਵੱਖ-ਵੱਖ ਸਿਆਸੀ ਪਾਰਟੀਆਂ ਨੇ ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ ਅਤੇ ਸਾਰੀਆਂ ਸਿਆਸੀ ਧਿਰਾਂ ਨੇ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ ਪਰ ਜਦੋਂ ਪੰਜਾਬ ਦੇ ਆਮ ਲੋਕਾਂ ਦੀ ਗੱਲ ਆਉਂਦੀ ਹੈ ਤਾਂ ਪੰਜਾਬ ਦੇ ਵੱਡੀ ਗਿਣਤੀ ਲੋਕ ਅਜੇ ਤੱਕ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਨਹੀਂ ਤੁਰੇ ਤੇ ਨਾ ਹੀ ਕਿਸੇ ਸਿਆਸੀ ਪਾਰਟੀ ਦੇ ਹੱਕ ਵਿੱਚ ਕੋਈ ਲਹਿਰ ਸ਼ੁਰੂ ਹੋਈ ਹੈ,ਜਿਸ ਕਰਕੇ ਸਿਆਸੀ ਮਾਹਿਰਾਂ ਨੂੰ ਵੀ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੀ ਜਿੱਤ ਹਾਰ ਬਾਰੇ ਅੰਦਾਜ਼ੇ ਲਗਾਉਣਾ ਬਹੁਤ ਮੁਸ਼ਕਿਲ ਹੋ ਗਿਆ ਹੈ।**

ਪੰਜਾਬ ਦੀ ਸਿਆਸਤ ਦੀ ਗੱਲ ਕਰਨੀ ‘ਪੰਥਕ ਸਿਆਸਤ’ ਬਿਨਾਂ ਅਧੂਰੀ ਮੰਨੀ ਜਾਂਦੀ ਹੈ। ਪੰਥਕ ਸਿਆਸਤ ਦਾ ਪੰਜਾਬ ਦੀ ਰਾਜਨੀਤੀ ’ਤੇ ਸਿੱਧਾ ਪ੍ਰਭਾਵ ਪੈਂਦਾ ਹੈ। ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਇਸ ਦੀ ਵਧੇਰੇ ਵਸੋਂ ਪੇਂਡੂ ਖੇਤਰਾਂ ਵਿੱਚ ਹੈ। ਪੇਂਡੂ ਹਲਕਿਆਂ ਨੂੰ ਅਕਸਰ ‘ਪੰਥਕ ਵੋਟ ਬੈਂਕ’ ਦਾ ਗੜ੍ਹ ਮੰਨਿਆ ਜਾਂਦਾ ਹੈ। ਇਹੋ ਕਾਰਨ ਹੈ ਕਿ ਪੰਜਾਬ ਵਿੱਚ ‘ਪੇਂਡੂ ਪੰਥਕ ਵੋਟ ਬੈਂਕ’ ਕਾਰਨ ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਰਾਜ ਕਰਨ ਵਿੱਚ ਸਫ਼ਲ ਰਿਹਾ। ਪੰਜਾਬ ਵਿੱਚ ਪੱਕੀਆਂ ‘ਪੰਥਕ ਵੋਟਾਂ’ ਦੀ ਗਿਣਤੀ ਬਹੁਤ ਜਿਆਦਾ ਹੈ। ਇਹ ‘ਪੰਥਕ ਵੋਟਾਂ’ ਕਿਸੇ ਵੀ ਸਿਆਸੀ ਪਾਰਟੀ ਦੀ ਜਿੱਤ ਹਾਰ ਦਾ ਫੈਸਲਾ ਕਰਨ ਦੇ ਸਮਰੱਥ ਹੁੰਦੀਆਂ ਹਨ। ਇਹਨਾਂ ‘ਪੰਥਕ ਵੋਟਾਂ’ ਵਿੱਚ ਸਰਕਾਰੀ ਨੌਕਰੀਆਂ ਕਰਨ ਵਾਲੇ ਸਿੱਖ ( ਜੋ ਕਿ ਕਿਸੇ ਵੀ ਸਿਆਸੀ ਪਾਰਟੀ ਨਾਲ ਨਹੀਂ ਜੁੜੇ ਹੁੰਦੇ) ਅਤੇ ਉਹਨਾਂ ਦੇ ਪਰਿਵਾਰ, ਖੇਤੀਬਾੜੀ ਕਰਨ ਵਾਲੇ ਸਿੱਖ ਕਿਸਾਨ ਅਤੇ ਉਹਨਾਂ ਦੇ ਪਰਿਵਾਰ ਵੀ ਸ਼ਾਮਲ ਹੁੰਦੇ ਹਨ।

(ਬਾਕੀ ਸਫ਼ਾ 26 ’ਤੇ)


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

# ਦਿੱਲੀ ਅੰਦੋਲਨ ਵਿੱਚ ਪੈਲੇਟ ਗੰਨ ਦਾ ਕਹਿਰ



## ਅੰਦੋਲਨ ਨੂੰ ਦਬਾਉਣ ਲਈ ਪੈਲੇਟ ਗੰਨ ਦੀ ਵਰਤੋਂ ਨੇ ਖੜ੍ਹੇ ਕੀਤੇ ਗੰਭੀਰ ਸਵਾਲ

## ਸ਼ਾਂਤਮਈ ਵਿਦਿਆਰਥੀਆਂ 'ਤੇ ਪੈਲੇਟ ਗੰਨ ਚਲਾਉਣ ਦਾ ਹੁਕਮ ਕਿਸ ਨੇ ਦਿੱਤਾ? : ਰਾਹੁਲ ਗਾਂਧੀ

ਭਾਰਤ ਵਿੱਚ ਪੇਪਰ ਲੀਕ ਅਤੇ ਭ੍ਰਿਸ਼ਟ ਸਿੱਖਿਆ ਪ੍ਰਣਾਲੀ ਵਿਰੁੱਧ ਆਵਾਜ਼ ਬੁਲੰਦ ਕਰ ਰਹੇ ਵਿਦਿਆਰਥੀਆਂ ਉੱਪਰ ਹੋਏ ਪ੍ਰਸ਼ਾਸਨਿਕ ਜਬਰ ਨੇ ਦੇਸ਼ ਦੀ ਰਾਜਨੀਤੀ ਅਤੇ ਮਨੁੱਖੀ ਅਧਿਕਾਰਾਂ ਦੇ ਮੁਹਾਂਦਰੇ ਉੱਤੇ ਇੱਕ ਗੰਭੀਰ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। 20 ਜੁਲਾਈ 2026 ਨੂੰ 'ਕਾਕਰੋਚ ਜਨਤਾ ਪਾਰਟੀ' ਅਤੇ ਦੇਸ਼ ਭਰ ਤੋਂ ਆਏ ਵਿਦਿਆਰਥੀਆਂ ਵੱਲੋਂ 'ਚਲੋ ਸੰਸਦ' ਦਾ ਸੱਦਾ ਦਿੱਤਾ ਗਿਆ ਸੀ। ਇਸ ਦਾ ਮੁੱਖ ਮਨੋਰਥ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰਨਾ ਸੀ। ਹਾਲਾਂਕਿ, ਸੰਸਦ ਵੱਲ ਵਧ ਰਹੇ ਇਸ ਸ਼ਾਂਤਮਈ ਪ੍ਰਦਰਸ਼ਨ ਨੂੰ ਰੋਕਣ ਲਈ ਦਿੱਲੀ ਪੁਲਿਸ ਅਤੇ ਰੈਪਿਡ ਐਕਸ਼ਨ ਫੋਰਸ ਵੱਲੋਂ ਅਤਿ-ਘਾਤਕ ਬਲ ਦਾ ਇਸਤੇਮਾਲ ਕੀਤਾ ਗਿਆ ਸੀ। ਘਟਨਾ ਦੌਰਾਨ ਅੱਥਰੂ ਗੈਸ, ਲਾਠੀਚਾਰਜ ਅਤੇ 'ਸ਼ੌਕ ਬੈਟਨ' ਵਰਗੇ ਹਥਿਆਰਾਂ ਦੇ ਨਾਲ-ਨਾਲ ਪੈਲਟ ਗੰਨਾਂ ਦੀ ਵਰਤੋਂ ਕੀਤੀ ਗਈ ਸੀ। ਇਸ ਕਾਰਨ 80 ਤੋਂ ਵੱਧ ਵਿਦਿਆਰਥੀ ਤੇ ਨਾਗਰਿਕ ਅਤੇ ਲਗਭਗ 100 ਸੁਰੱਖਿਆ ਕਰਮੀ ਜ਼ਖ਼ਮੀ ਹੋ ਗਏ ਸਨ।

**ਅੱਖਾਂ ਦੀ ਰੋਸ਼ਨੀ ਗੁਆ ਚੁਕੇ ਹਨ ਨੌਜਵਾਨ ਅਤੇ ਕਈਆਂ ਦੀ ਜਾਨ ਨੂੰ ਖ਼ਤਰਾ**

ਇਸ ਪ੍ਰਸ਼ਾਸਨਿਕ ਜਬਰ ਦੀ ਸਭ ਤੋਂ ਦਰਦਨਾਕ ਤਸਵੀਰ ਜ਼ਖ਼ਮੀ ਨੌਜਵਾਨਾਂ ਦੀ ਸਰੀਰਕ ਹਾਲਤ ਤੋਂ ਸਾਹਮਣੇ ਆਉਂਦੀ ਹੈ। ਗੁੜਗਾਂਓਂ ਵਿਖੇ ਕੰਮ ਕਰਦੇ 25 ਸਾਲਾ ਇਰਸ਼ਾਦ ਮਨਸੂਰੀ ਦੀ ਛਾਤੀ, ਚਿਹਰੇ ਅਤੇ ਧੌਣ ਵਿਚ 30 ਤੋਂ 40 ਪੈਲਟ ਧੱਸ ਗਏ ਸਨ। ਇਸ ਕਾਰਣ ਉਸ ਨੂੰ ਕਈ ਵੱਡੀਆਂ ਸਰਜਰੀਆਂ ਵਿਚੋਂ ਲੰਘਣਾ ਪੈ ਰਿਹਾ ਹੈ। ਇਸੇ ਤਰ੍ਹਾਂ ਦਿੱਲੀ ਯੂਨੀਵਰਸਿਟੀ ਦੇ 19 ਸਾਲਾ ਵਿਦਿਆਰਥੀ ਸਾਹਿਲ ਲੋਹਚਬ ਦੀ ਸੱਜੀ ਅੱਖ ਵਿੱਚ ਪੈਲਟ ਲੱਗਣ ਕਾਰਨ ਡਾਕਟਰਾਂ ਨੇ ਉਸ ਦੀ ਨਜ਼ਰ ਵਾਪਸ ਆਉਣ ਦੀ ਸੰਭਾਵਨਾ ਸਿਰਫ਼ ਇੱਕ ਫ਼ੀਸਦੀ ਦੱਸੀ ਹੈ। ਘਟਨਾ ਦੀ ਕਵਰੇਜ ਕਰਨ ਗਏ ਆਊਟਲੁੱਕ ਮੈਗਜ਼ੀਨ ਦੇ 28 ਸਾਲਾ ਖੇਡ ਰਿਪੋਰਟਰ ਦੀ ਪਿੱਠ ਅਤੇ ਕੂਹਣੀ ਵਿਚ ਵੀ 30 ਤੋਂ ਵੱਧ ਸੀਸੇ ਦੇ ਛੱਰੇ ਧੱਸ ਗਏ ਸਨ। ਕਈ ਹੋਰ ਵਿਦਿਆਰਥੀ ਆਈਸੀਯੂ ਵਿੱਚ ਆਪਣੀ ਜ਼ਿੰਦਗੀ ਅਤੇ ਮੌਤ ਦੀ ਜੰਗ ਲੜ ਰਹੇ ਹਨ।

**ਸੀ.ਆਰ.ਪੀ.ਐਫ਼. ਜਾਂਚ ਵਿੱਚ 7 ਰੌਂਡ ਫਾਇਰਿੰਗ ਦੀ ਪੁਸ਼ਟੀ**

ਸ਼ੁਰੂਆਤ ਵਿੱਚ ਦਿੱਲੀ ਪੁਲੀਸ ਦੇ ਨਵੀਂ ਦਿੱਲੀ ਡਿਪਟੀ ਕਮਿਸ਼ਨਰ ਨੇ ਸੋਸ਼ਲ ਮੀਡੀਆ ਰਾਹੀਂ ਪੈਲਟ ਗੰਨ ਦੇ ਇਸਤੇਮਾਲ ਨੂੰ ਪੂਰੀ ਤਰ੍ਹਾਂ ਨਕਾਰਦਿਆਂ ਇਸ ਨੂੰ ਇੱਕ ਝੂਠਾ ਪ੍ਰਚਾਰ ਦੱਸਿਆ ਸੀ। ਪਰ ਹਸਪਤਾਲਾਂ ਦੀਆਂ ਮੈਡੀਕੋ-ਲੀਗਲ ਰਿਪੋਰਟਾਂ ਅਤੇ ਐਕਸ-ਰੇਅ ਨੇ ਸਰੀਰਾਂ ਅੰਦਰ ਸੀਸੇ ਦੇ ਛੱਰੇ ਹੋਣ ਦੀ ਪੁਸ਼ਟੀ ਕਰ ਦਿੱਤੀ ਸੀ। ਮਾਮਲਾ ਤੂਲ ਫੜਨ ਤੋਂ ਬਾਅਦ ਕੇਂਦਰੀ ਰਿਜ਼ਰਵ ਪੁਲਿਸ ਬਲ ਦੀ ਆਂਤਰਿਕ ਜਾਂਚ ਰਿਪੋਰਟ ਵਿੱਚ ਇਹ ਸੱਚਾਈ ਸਾਹਮਣੇ ਆਈ ਕਿ ਕਨਾਟ ਪਲੇਸ ਖੇਤਰ ਵਿੱਚ ਤਾਇਨਾਤ ਆਰਏਐਫ਼ ਦੇ ਇੱਕ ਜਵਾਨ ਵੱਲੋਂ 7 ਰੌਂਡ ਪੈਲਟ ਗੰਨ ਦੀ ਫਾਇਰਿੰਗ ਕੀਤੀ ਗਈ ਸੀ, ਜਿਸ ਵਿੱਚੋਂ 5 ਰੌਂਡ ਸਿੱਧੇ ਪ੍ਰਦਰਸ਼ਨਕਾਰੀਆਂ ਨੂੰ ਲੱਗੇ ਸਨ। ਸੀ.ਆਰ.ਪੀ.ਐਫ਼. ਦਾ ਦਾਅਵਾ ਹੈ ਕਿ ਇਹ ਕਾਰਵਾਈ ਪੱਥਰਬਾਜ਼ੀ ਅਤੇ ਭੀੜ ਦੇ ਹਮਲੇ ਤੋਂ ਬਾਅਦ ਕੀਤੀ ਗਈ ਸੀ, ਪਰ ਦੇਸ਼ ਦੀ ਰਾਜਧਾਨੀ ਦੇ ਕੇਂਦਰ ਵਿੱਚ ਨਿਹੱਥੇ ਵਿਦਿਆਰਥੀਆਂ ਉੱਪਰ ਅਜਿਹੇ ਹਥਿਆਰਾਂ ਦਾ ਚੱਲਣਾ ਸਰਕਾਰ ਦੀ ਨੀਅਤ ਉੱਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।



**ਰਾਹੁਲ ਗਾਂਧੀ ਨੇ ਸ਼ਾਹ ਨੂੰ ਘੇਰਿਆ**

ਇਸ ਸਰਕਾਰੀ ਹਿੰਸਕ ਕਾਰਵਾਈ ਤੋਂ ਬਾਅਦ ਦੇਸ਼ ਦੀ ਸਿਆਸਤ ਵਿੱਚ ਵੀ ਭੂਚਾਲ ਆ ਗਿਆ ਹੈ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪੈਲਟ ਗੰਨ ਨਾਲ ਪੀੜਤ ਸਾਹਿਲ ਲੋਹਚਬ ਨੂੰ ਨਾਲ ਲੈ ਕੇ ਪ੍ਰੈੱਸ ਕਾਨਫ਼ਰੰਸ ਕੀਤੀ ਸੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ





ਖ਼ਤ ਲਿਖ ਕੇ ਜਵਾਬਦੇਹੀ ਦੀ ਮੰਗ ਕੀਤੀ ਸੀ। ਰਾਹੁਲ ਗਾਂਧੀ ਨੇ ਸਿੱਧੇ ਸਵਾਲ ਪੁੱਛੇ ਸਨ ਕਿ ਸ਼ਾਂਤਮਈ ਵਿਦਿਆਰਥੀਆਂ 'ਤੇ ਪੈਲਟ ਗੰਨ ਅਤੇ ਲਾਠੀਚਾਰਜ ਵਰਗੇ ਘਾਤਕ ਬਲ ਪ੍ਰਯੋਗ ਦੀ ਪ੍ਰਵਾਨਗੀ ਕਿਸ ਨੇ ਦਿੱਤੀ ਸੀ, ਅਤੇ ਕੀ ਸਾਦੇ ਕੱਪੜਿਆਂ ਵਿੱਚ ਵਿਦਿਆਰਥੀਆਂ ਨੂੰ ਲਾਠੀਆਂ ਨਾਲ ਕੁੱਟਣ ਵਾਲੇ ਪੁਲਿਸ ਵਾਲੇ ਸਨ ਜਾਂ ਕੋਈ ਹੋਰ? ਵਿਰੋਧੀ ਧਿਰ ਵੱਲੋਂ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਕੀਤੀ ਜਾ ਰਹੀ ਹੈ, ਜਦਕਿ ਸਰਕਾਰ ਪੇਪਰ ਲੀਕ ਵਿਰੁੱਧ ਨਵਾਂ 'ਪਬਲਿਕ ਐਗਜ਼ਾਮੀਨੇਸ਼ਨ ਬਿਲ' ਲਿਆ ਕੇ ਸਥਿਤੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

**ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਅਦਾਲਤੀ ਹਦਾਇਤਾਂ ਅਤੇ ਲੋਕਤੰਤਰ ਦੇ ਭਵਿੱਖ ਦਾ ਸਵਾਲ**

ਡਾਕਟਰੀ ਵਿਗਿਆਨ ਅਨੁਸਾਰ, ਇੱਕ ਫਾਇਰ ਨਾਲ ਸੈਂਕੜੇ ਛੋਟੇ-ਛੋਟੇ ਸੀਸੇ ਦੇ ਛੱਰੇ ਅਨਿਸ਼ਚਿਤ ਦਿਸ਼ਾ ਵਿੱਚ ਫੈਲਦੇ ਹਨ, ਜੋ ਮਾਸਪੇਸ਼ੀਆਂ ਵਿੱਚ ਗਹਿਰੇ ਧੱਸ ਕੇ ਅੰਨ੍ਹੇਪਣ ਅਤੇ ਸਰੀਰ ਵਿੱਚ 'ਲੈੱਡ ਪੋਇਜ਼ਨਿੰਗ' (ਸੀਸੇ ਦਾ ਜ਼ਹਿਰ) ਦਾ ਕਾਰਨ ਬਣਦੇ ਹਨ। ਸਾਲ 2016 ਅਤੇ 2017 ਵਿੱਚ ਭਾਰਤ ਦੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਹਦਾਇਤ ਦਿੱਤੀ ਸੀ ਕਿ ਪੈਲਟ ਗੰਨ ਦੀ ਵਰਤੋਂ ਨੂੰ ਬੇਹੱਦ



ਘਟਾਇਆ ਜਾਵੇ ਅਤੇ ਇਸ ਨੂੰ ਕੇਵਲ 'ਆਖਰੀ ਵਿਕਲਪ' ਵਜੋਂ ਹੀ ਵਿਚਾਰਿਆ ਜਾਵੇ।

ਯੂ.ਐੱਨ. ਦੇ ਬੁਲਾਰੇ ਨੇ ਸਪੱਸ਼ਟ ਕੀਤਾ ਕਿ ਸੰਯੁਕਤ ਰਾਸ਼ਟਰ ਦਿੱਲੀ ਵਿੱਚ ਚੱਲ ਰਹੇ ਵਿਦਿਆਰਥੀ ਅੰਦੋਲਨ ਅਤੇ ਉਸ ਉੱਪਰ ਹੋਈ ਕਾਰਵਾਈ ਤੋਂ ਪੂਰੀ ਤਰ੍ਹਾਂ ਜਾਣੂ ਹੈ। ਯੂ.ਐੱਨ. ਨੇ ਜ਼ੋਰ ਦੇ ਕੇ ਕਿਹਾ ਕਿ ਲੋਕਤੰਤਰ ਵਿੱਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਨਾਗਰਿਕਾਂ ਨੂੰ ਬਿਨਾਂ ਕਿਸੇ ਡਰ, ਗ੍ਰਿਫ਼ਤਾਰੀ, ਧੱਕੇਸ਼ਾਹੀ ਜਾਂ ਸਰੀਰਕ ਸੱਟ ਦੇ ਖ਼ਤਰੇ ਤੋਂ ਬਿਨਾਂ ਆਪਣੀ ਆਵਾਜ਼ ਚੁੱਕਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਸੰਯੁਕਤ ਰਾਸ਼ਟਰ ਨੇ ਹਦਾਇਤ ਦਿੱਤੀ ਕਿ ਵਿਸ਼ਵ ਵਿੱਚ ਕਿਤੇ ਵੀ ਸੁਰੱਖਿਆ ਬਲਾਂ ਦੀ ਇਹ ਮੁੱਢਲੀ ਜ਼ਿੰਮੇਵਾਰੀ ਹੈ ਕਿ ਉਹ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ, ਨਾ ਕਿ ਉਨ੍ਹਾਂ 'ਤੇ ਅਤਿ-ਘਾਤਕ ਬਲ ਦਾ ਇਸਤੇਮਾਲ ਕਰਨ। ਨਿਊਯਾਰਕ ਸਥਿਤ ਅੰਤਰਰਾਸ਼ਟਰੀ ਮਾਨਵ ਅਧਿਕਾਰ ਸੰਸਥਾ 'ਹਿਊਮਨ ਰਾਇਟਸ ਵਾਚ' ਨੇ ਅਧਿਕਾਰਤ ਰਿਪੋਰਟ ਜਾਰੀ ਕਰਦਿਆਂ ਦਿੱਲੀ ਵਿੱਚ ਵਿਦਿਆਰਥੀਆਂ 'ਤੇ ਹੋਈ ਹਿੰਸਕ ਕਾਰਵਾਈ ਦੀ ਕੜੀ ਸ਼ਬਦਾਂ ਵਿੱਚ ਨਿੰਦਾ ਕੀਤੀ ਸੀ। ਹਿਊਮਨ ਰਾਈਟਸ ਵਾਚ ਨੇ ਮੌਕੇ 'ਤੇ ਮੌਜੂਦ 9 ਚਸ਼ਮਦੀਦਾਂ, ਪੱਤਰਕਾਰਾਂ, ਅਤੇ ਸੋਸ਼ਲ ਮੀਡੀਆ 'ਤੇ ਵਾਇਰਲ 10 ਵੀਡੀਓਜ਼ ਦੀ ਡਿਜੀਟਲ ਫੋਰੈਂਸਿਕ ਜਾਂਚ ਤੋਂ ਬਾਅਦ ਪੁਸ਼ਟੀ ਕੀਤੀ ਕਿ ਪੁਲੀਸ ਨੇ ਸ਼ਾਂਤਮਈ ਮਾਰਚ ਨੂੰ ਰੋਕਣ ਲਈ ਜ਼ਾਲਮਾਨਾ ਢੰਗ ਨਾਲ ਬਲ ਪ੍ਰਯੋਗ ਕੀਤਾ। ਸੰਯੁਕਤ ਰਾਸ਼ਟਰ ਦੀਆਂ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਪੈਲੇਟ ਗੰਨ ਵਰਗੇ ਹਥਿਆਰ ਅੱਖਾਂ, ਚਿਹਰੇ ਅਤੇ ਛਾਤੀ 'ਤੇ ਸਥਾਈ ਨੁਕਸਾਨ ਪਹੁੰਚਾਉਂਦੇ ਹਨ।

ਯੂ.ਐੱਨ. ਦੀ ਹਿਊਮਨ ਰਾਈਟਸ ਕੌਂਸਲ ਅਨੁਸਾਰ, ਆਮ ਨਾਗਰਿਕਾਂ ਅਤੇ ਵਿਦਿਆਰਥੀਆਂ ਦੀ ਭੀੜ ਨੂੰ ਕਾਬੂ ਕਰਨ ਲਈ ਅਜਿਹੇ ਅੰਨ੍ਹੇਵਾਹ ਸੱਟ ਪਹੁੰਚਾਉਣ ਵਾਲੇ ਹਥਿਆਰਾਂ ਦੀ ਵਰਤੋਂ ਅੰਤਰਰਾਸ਼ਟਰੀ ਮਾਨਵ ਅਧਿਕਾਰ ਸੰਧੀਆਂ ਦੀ ਸਿੱਧੀ ਉਲੰਘਣਾ ਹੈ।

ਸੰਯੁਕਤ ਰਾਸ਼ਟਰ ਦੇ ਇਸ ਬਿਆਨ ਤੋਂ ਬਾਅਦ ਇਹ ਮਾਮਲਾ ਕੇਵਲ ਭਾਰਤ ਦੀ ਰਾਸ਼ਟਰੀ ਰਾਜਨੀਤੀ ਤੱਕ ਸੀਮਤ ਨਹੀਂ ਰਿਹਾ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਭਾਰਤੀ ਸੁਰੱਖਿਆ ਬਲਾਂ ਦੁਆਰਾ ਭੀੜ ਕੰਟਰੋਲ ਲਈ ਵਰਤੇ ਜਾਂਦੇ ਘਾਤਕ ਤਰੀਕਿਆਂ 'ਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗ ਗਏ ਹਨ।

**ਗਲੋਬਲ ਮੀਡੀਆ ਦੀਆਂ ਨਜ਼ਰਾਂ ਵਿੱਚ ਜੰਤਰ-ਮੰਤਰ ਪ੍ਰਦਰਸ਼ਨ: 'ਪ੍ਰਧਾਨ ਮੰਤਰੀ ਮੋਦੀ ਲਈ ਵੱਡੀ ਰਾਜਨੀਤਿਕ ਚੁਣੌਤੀ'**

ਦਿੱਲੀ ਦੇ ਜੰਤਰ-ਮੰਤਰ ਤੋਂ ਸ਼ੁਰੂ ਹੋਏ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ 'ਕਾਕਰੋਚ' ਅੰਦੋਲਨ ਨੇ ਦੇਸ਼ ਦੀ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਲੈ ਆਉਂਦਾ ਹੈ। ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਕੇਵਲ ਇੱਕ ਮੰਤਰੀ ਦਾ ਅਹੁਦਾ ਛੱਡਣਾ ਨਹੀਂ ਹੈ, ਸਗੋਂ ਇਹ ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦੌਰਾਨ ਜਨਤਕ ਦਬਾਅ ਅੱਗੇ ਸੱਤਾ ਦੇ ਝੁਕਣ ਦੀ ਇੱਕ ਵੱਡੀ ਮਿਸਾਲ ਹੈ। ਰਾਇਟਰਜ਼, ਸੀ.ਐਨ.ਐਨ., ਬੀ.ਬੀ.ਸੀ. ਅਤੇ 'ਦ ਗਾਰਡੀਅਨ' ਵਰਗੇ ਵਿਸ਼ਵ ਪ੍ਰਸਿੱਧ ਮੀਡੀਆ ਅਦਾਰਿਆਂ ਨੇ ਇਸ ਵਿਦਿਆਰਥੀ ਅੰਦੋਲਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਇੱਕ ਵੱਡੀ 'ਰਾਜਨੀਤਿਕ ਚੁਣੌਤੀ' ਕਰਾਰ ਦਿੱਤਾ ਹੈ। ਅੰਤਰਰਾਸ਼ਟਰੀ ਮੀਡੀਆ ਦਾ ਇਹ ਮੰਨਣਾ ਹੈ ਕਿ ਇਹ ਅੰਦੋਲਨ ਕੇਵਲ ਪ੍ਰੀਖਿਆ ਸੁਧਾਰਾਂ ਤੱਕ ਸੀਮਤ ਨਹੀਂ ਸੀ, ਸਗੋਂ ਇਹ ਭਾਰਤ ਦੀ ਨਵੀਂ ਪੀੜ੍ਹੀ (ਜੈਨ-ਜ਼ੈਡ) ਦੇ ਆਪਣੇ ਭਵਿੱਖ ਨੂੰ ਲੈ ਕੇ ਚਿੰਤਾ ਅਤੇ ਗੁੱਸੇ ਦਾ ਪ੍ਰਤੀਕ ਹੈ।

ਇਸ ਅੰਦੋਲਨ ਨੇ 1970 ਦੇ ਦਹਾਕੇ ਦੇ 'ਨਵ ਨਿਰਮਾਣ ਅੰਦੋਲਨ' ਦੀ ਯਾਦ ਤਾਜ਼ਾ ਕਰ ਦਿੱਤੀ ਹੈ, ਜਿਸ ਨੇ ਭਾਰਤੀ ਰਾਜਨੀਤੀ ਦੀ ਦਿਸ਼ਾ ਬਦਲ ਦਿੱਤੀ ਸੀ। ਹੰਝੂ ਗੈਸ, ਲਾਠੀਚਾਰਜ ਅਤੇ ਪੁਲਿਸ ਦੀਆਂ ਕਾਰਵਾਈਆਂ ਦੇ ਬਾਵਜੂਦ ਹਜ਼ਾਰਾਂ ਵਿਦਿਆਰਥੀਆਂ ਦਾ ਸੜਕਾਂ 'ਤੇ ਡਟੇ ਰਹਿਣਾ ਇਹ ਦਰਸਾਉਂਦਾ ਹੈ ਕਿ ਜਦੋਂ ਨੌਜਵਾਨ ਆਪਣੇ ਹੱਕਾਂ ਲਈ ਲਾਮਬੰਦ ਹੁੰਦੇ ਹਨ, ਤਾਂ ਵੱਡੀਆਂ ਤੋਂ ਵੱਡੀਆਂ ਸਰਕਾਰਾਂ ਨੂੰ ਵੀ ਫੈਸਲੇ ਬਦਲਣੇ ਪੈਂਦੇ ਹਨ।

ਹਾਲਾਂਕਿ, ਸਿੱਖਿਆ ਮੰਤਰੀ ਦੇ ਅਸਤੀਫ਼ੇ ਨਾਲ ਹੀ ਸਾਰੇ ਸਵਾਲ ਖ਼ਤਮ ਨਹੀਂ ਹੋ ਜਾਂਦੇ। ਅਸਲ ਚੁਣੌਤੀ ਸਿੱਖਿਆ ਪ੍ਰਣਾਲੀ ਵਿੱਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਉਖਾੜਨਾ, ਪ੍ਰੀਖਿਆਵਾਂ ਦੀ ਪਾਰਦਰਸ਼ਤਾ ਬਹਾਲ ਕਰਨਾ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਪੁਖ਼ਤਾ ਅਵਸਰ ਪੈਦਾ ਕਰਨਾ ਹੈ। ਜੇਕਰ ਸਰਕਾਰ ਕੇਵਲ ਚਿਹਰੇ ਬਦਲ ਕੇ ਮੁੱਦੇ ਨੂੰ ਦਬਾਉਣ ਦੀ ਕੋਸ਼ਿਸ਼ ਕਰੇਗੀ, ਤਾਂ ਨੌਜਵਾਨਾਂ ਦਾ ਇਹ ਅਸੰਤੋਸ਼ ਆਉਣ ਵਾਲੇ ਸਮੇਂ ਵਿੱਚ ਸਰਕਾਰ ਲਈ ਹੋਰ ਵੀ ਵੱਡੀ ਰਾਜਨੀਤਿਕ ਮੁਸੀਬਤ ਬਣ ਸਕਦਾ ਹੈ। ਜੰਤਰ-ਮੰਤਰ ਦੇ ਇਸ ਪ੍ਰਦਰਸ਼ਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਦੇਸ਼ ਦਾ ਨੌਜਵਾਨ ਹੁਣ ਮੂਕ ਦਰਸ਼ਕ ਬਣ ਕੇ ਆਪਣੇ ਭਵਿੱਖ ਨਾਲ ਖਿਲਵਾੜ ਹੁੰਦਾ ਨਹੀਂ ਦੇਖੇਗਾ। ਲੋਕਤੰਤਰ ਵਿੱਚ ਜਵਾਬਦੇਹੀ ਹੀ ਸਭ ਤੋਂ ਵੱਡੀ ਤਾਕਤ ਹੈ, ਅਤੇ ਜੈਨ -ਜ਼ੀ ਨੇ ਇਹ ਸਾਬਤ ਕਰ ਦਿੱਤਾ ਹੈ।

### ਪੈਲੇਟ ਗੰਨ ਦਾ ਇਤਿਹਾਸ: ਖੇਡਾਂ ਤੋਂ ਯੁੱਧ ਦੇ ਮੈਦਾਨ ਤੱਕ

ਪੈਲਟ ਗੰਨ ਦਾ ਇਤਿਹਾਸ ਦੇਖੀਏ ਤਾਂ ਇਸ ਦੀ ਖੋਜ ਲਗਭਗ 500 ਸਾਲ ਪਹਿਲਾਂ ਯੂਰਪ ਵਿੱਚ ਮਨੋਰੰਜਨ ਅਤੇ ਖੇਡਾਂ ਲਈ ਹੋਈ ਸੀ। ਬਾਅਦ ਵਿੱਚ 18ਵੀਂ ਸਦੀ ਦੇ ਅਖੀਰ ਵਿੱਚ 'ਗਿਰਾਰਦੋਨੀ ਏਅਰ ਰਾਈਫਲ' ਵਜੋਂ ਇਸ ਦਾ ਆਧੁਨਿਕੀਕਰਨ ਹੋਇਆ ਸੀ। ਪਰ ਭੀੜ 'ਤੇ ਕਾਬੂ ਪਾਉਣ ਲਈ ਇਸ ਦੀ ਵਰਤੋਂ 1970ਵਿਆਂ 'ਚ ਉੱਤਰੀ ਆਇਰਲੈਂਡ ਵਿੱਚ ਬ੍ਰਿਟਿਸ਼ ਸੈਨਾ ਵੱਲੋਂ ਅਤੇ 1980-90 ਦੇ ਦਹਾਕੇ ਵਿੱਚ ਇਜ਼ਰਾਈਲ ਦੁਆਰਾ ਫਿਲਸਤੀਨੀ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਕੀਤੀ ਗਈ ਸੀ। ਭਾਰਤ ਵਿੱਚ ਇਹ ਖ਼ਤਰਨਾਕ ਹਥਿਆਰ 2010 ਦੌਰਾਨ ਜੰਮੂ-ਕਸ਼ਮੀਰ ਵਿੱਚ 12-ਗੇਜ ਪੰਪ-ਐਕਸ਼ਨ ਸ਼ਾਟਗੰਨ ਵਜੋਂ ਲਿਆਂਦਾ ਗਿਆ ਸੀ, ਜਿਸ ਨਾਲ ਹਜ਼ਾਰਾਂ ਨੌਜਵਾਨਾਂ ਦੀ ਅੱਖਾਂ ਦੀ ਰੋਸ਼ਨੀ ਚਲੀ ਗਈ ਸੀ। ਇਸ ਤੋਂ ਬਾਅਦ ਸ਼ੰਭੂ ਬਾਰਡਰ ਉੱਤੇ ਕਿਸਾਨ ਅੰਦੋਲਨ ਅਤੇ ਹੁਣ ਦਿੱਲੀ ਵਿੱਚ ਵਿਦਿਆਰਥੀਆਂ ਉੱਪਰ ਇਸ ਦਾ ਪ੍ਰਯੋਗ ਦੇਖਣ ਨੂੰ ਮਿਲਿਆ ਹੈ।

# ਅਮਰੀਕਾ ਨੇ ਇਰਾਨ ਜੰਗ ’ਤੇ ਖ਼ਰਚੇ 37.5 ਅਰਬ ਡਾਲਰ

## ਟਰੰਪ ਪ੍ਰਸ਼ਾਸਨ ਵੱਲੋਂ 88 ਅਰਬ ਡਾਲਰ ਦੀ ਐਮਰਜੈਂਸੀ ਫ਼ੰਡਿੰਗ ਦੀ ਮੰਗ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰੱਖਿਆ ਮੰਤਰੀ ਪੀਟ ਹੈਗਸੇਥ ਨੇ ਸੈਨੇਟਰਾਂ ਨੂੰ ਜਾਣਕਾਰੀ ਦਿੱਤੀ ਹੈ ਕਿ ਇਰਾਨ ਨਾਲ ਚੱਲ ਰਹੀ ਜੰਗ ’ਤੇ ਹੁਣ ਤੱਕ ਅੰਦਾਜ਼ਨ 37.5 ਅਰਬ ਡਾਲਰ (3.62 ਲੱਖ ਕਰੋੜ ਰੁਪਏ) ਦਾ ਖ਼ਰਚਾ ਆ ਚੁੱਕਾ ਹੈ। ਇਹ ਖੁਲਾਸਾ ਉਸ ਸਮੇਂ ਹੋਇਆ ਹੈ ਜਦੋਂ ਹੋਰਮੁਜ਼ ਸਟ੍ਰੇਟ ਵਿੱਚ ਮੁੜ ਸ਼ੁਰੂ ਹੋਈ ਜੰਗ ਦੇ ਦਰਮਿਆਨ ਟਰੰਪ ਪ੍ਰਸ਼ਾਸਨ ਨੇ ਲਗਭਗ 88 ਅਰਬ ਡਾਲਰ ਦੀ ਐਮਰਜੈਂਸੀ ਫ਼ੰਡਿੰਗ ਦੀ ਮੰਗ ਕੀਤੀ ਹੈ।

ਸੈਨੇਟ ਦੀ ‘ਐਪਰੋਪ੍ਰੀਏਸ਼ਨ ਕਮੇਟੀ’ ਦੀ ਸੁਣਵਾਈ ਦੌਰਾਨ ਹੈਗਸੇਥ ਨੇ ਦੱਸਿਆ ਕਿ ਪ੍ਰਸ਼ਾਸਨ ਕੁੱਲ 87.6 ਅਰਬ ਡਾਲਰ ਦੀ ਮੰਗ ਕਰ ਰਿਹਾ ਹੈ, ਜਿਸ ਵਿੱਚੋਂ ਲਗਭਗ 67 ਅਰਡਬ ਡਾਲਰ ਸਿੱਧੇ ਤੌਰ ’ਤੇ ਫ਼ੌਜੀ ਕਾਰਵਾਈਆਂ ਲਈ ਹੋਣਗੇ। ਇਸ ਫ਼ੰਡਿੰਗ ਵਿੱਚੋਂ 21 ਅਰਬ ਡਾਲਰ ਫ਼ੌਜੀ ਤਿਆਰੀਆਂ ਲਈ ਵਰਤੇ ਜਾਣਗੇ, ਜਿਸ ਵਿੱਚ ਫ਼ੌਜੀਆਂ ਦੀਆਂ ਤਨਖਾਹਾਂ, ਈਂਧਨ, ਨੈਸ਼ਨਲ ਗਾਰਡ ਸਪੋਰਟ ਅਤੇ ਸਾਜ਼ੋ-ਸਾਮਾਨ ਦੀ ਬਦਲੀ ਸ਼ਾਮਲ ਹੈ। ਇਸ ਤੋਂ ਇਲਾਵਾ 46 ਅਰਬ ਡਾਲਰ ਨਾਲ ਗੋਲਾ-ਬਾਰੂਦ ਦਾ ਉਤਪਾਦਨ ਵਧੇਗਾ ਅਤੇ ਹਾਈਪਰਸੋਨਿਕ ਹਥਿਆਰਾਂ, ਐਂਟੀ-ਡਰੋਨ ਪ੍ਰਣਾਲੀਆਂ ਅਤੇ ਸੈਟੇਲਾਈਟਾਂ ਵਰਗੀਆਂ ਆਧੁਨਿਕ ਤਕਨੀਕਾਂ ਵਿੱਚ ਨਿਵੇਸ਼ ਕੀਤਾ ਜਾਵੇਗਾ।

ਰੱਖਿਆ ਮੰਤਰੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਕਾਂਗਰਸ ਨੇ ਵਾਧੂ ਫ਼ੰਡਾਂ ਨੂੰ ਮਨਜ਼ੂਰੀ ਨਾ ਦਿੱਤੀ, ਤਾਂ ਫ਼ੌਜੀ ਸਿਖਲਾਈ ਅਭਿਆਸਾਂ ਵਿੱਚ ਕਟੌਤੀ ਕਰਨੀ ਪੈ ਸਕਦੀ ਹੈ। ਉਨ੍ਹਾਂ ਕਿਹਾ ਕਿ ਫ਼ੌਜ ਪਹਿਲਾਂ ਹੀ ਸਾਲਾਂ ਤੋਂ ਰੁਕੀ ਹੋਈ ਮੇਨਟੇਨੈਂਸ ਅਤੇ ਹਥਿਆਰਾਂ ਦੇ ਘਟਦੇ ਭੰਡਾਰ ਦੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਮੁਤਾਬਕ, ਫ਼ੰਡਾਂ ਦੀ ਕਮੀ ਨਾਲ ਫ਼ੌਜੀਆਂ ਨੂੰ ਤਨਖਾਹਾਂ ਦੇਣ, ਸਾਜ਼ੋ-ਸਾਮਾਨ ਦੀ ਪੂਰਤੀ ਕਰਨ ਅਤੇ ਮਹੱਤਵਪੂਰਨ ਫ਼ੌਜੀ ਕਾਰਵਾਈਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰੱਖਣ ਦੀ ਸਮਰੱਥਾ ਪ੍ਰਭਾਵਿਤ ਹੋ ਸਕਦੀ ਹੈ। ਦੂਜੇ ਪਾਸੇ ਸੈਨੇਟਰ ਮਰੇ ਨੇ ਅਮਰੀਕੀ ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ’ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਮਰੀਕੀ ਲੋਕ ਇਸ ਜੰਗ ਦਾ ਇੱਕ ਤੁਰੰਤ ਅਤੇ ਰਣਨੀਤਕ ਅੰਤ ਦੇਖਣਾ ਚਾਹੁੰਦੇ ਹਨ, ਨਾ ਕਿ ਆਪਣੇ ਟੈਕਸਾਂ ਦੇ 70 ਅਰਬ ਡਾਲਰ ਇਸ ਜੰਗ ਨੂੰ ਜਾਰੀ ਰੱਖਣ ਲਈ ਖ਼ਰਚ ਹੁੰਦੇ ਦੇਖਣਾ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ ਇਹ ਖ਼ਰਚੇ 30 ਸਤੰਬਰ ਤੱਕ ਹੋਣ ਵਾਲੀਆਂ ਫ਼ੌਜੀ ਕਾਰਵਾਈਆਂ ਅਤੇ ਰੱਖ-ਰਖਾਅ ਦੇ ਅਨੁਮਾਨਾਂ ’ਤੇ ਅਧਾਰਿਤ ਹਨ।

## ਗੂਗਲ ਮੁਲਾਜ਼ਮਾਂ ਦੀ ਥਾਂ ਮੁਨਾਫ਼ੇ ਨੂੰ ਦੇ ਰਿਹਾ ਹੈ ਤਰਜੀਹ : ਯੂਨੀਅਨ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: 4,500 ਤੋਂ ਵੱਧ ਗੂਗਲ ਕਰਮਚਾਰੀਆਂ ਨੇ ਸੀ. ਈ. ਓ. ਸੁੰਦਰ ਪਿਚਾਈ ਨੂੰ ਛਾਂਟੀ ਨੂੰ ਲੈ ਕੇ ਇੱਕ ਮੰਗ ਪੱਤਰ ਸੌਂਪਿਆ ਹੈ ਜਿਸ ਵਿਚ ਮੰਗ ਕੀਤੀ ਗਈ ਹੈ ਕਿ ਕੰਪਨੀ ਵੱਲੋਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ (ਏ.ਆਈ.) ਵਿੱਚ ਨਿਵੇਸ਼ ਕਰਦੇ ਸਮੇਂ ਕਰਮਚਾਰੀਆਂ ਨੂੰ ਨੌਕਰੀ ਸੁਰੱਖਿਆ ਮਿਲਣੀ ਚਾਹੀਦੀ ਹੈ। ਅਲਫ਼ਾਬੇਟ ਵਰਕਰਜ਼ ਯੂਨੀਅਨ ਦੁਆਰਾ ਤਿਆਰ ਇਸ ਮੰਗ ਪੱਤਰ ਵਿੱਚ ਗਾਰੰਟੀਸ਼ੁਦਾ ਛਾਂਟੀ, ਉਤਪਾਦ ਟੀਮਾਂ ਵਿੱਚ ਲਾਜ਼ਮੀ ਛਾਂਟੀ ਤੋਂ ਪਹਿਲਾਂ ਸਵੈ-ਇੱਛਤ ਸੇਵਾ ਮੁਕਤੀ

ਦਾ ਵਿਕਲਪ, ਵਧੀ ਹੋਈ ਤਨਖਾਹ ਨਾਲ ਛਾਂਟੀ ਪ੍ਰਾਪਤ ਕਰਨ ਦਾ ਵਿਕਲਪ, ਅਤੇ ਮੁਲਾਜ਼ਮਾਂ ਦੀ ਕਾਰਗੁਜਾਰੀ ਦੀ ਸਮੀਖਿਆ ਪ੍ਰਣਾਲੀ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਹੈ ਜੋ ਪ੍ਰਣਾਲੀ ਯੋਗਤਾ ਦੀ ਬਜਾਏ ਕੋਟੇ ’ਤੇ ਅਧਾਰਤ ਹੈ। ਗੂਗਲ ਸਾਫ਼ਟਵੇਅਰ ਇੰਜੀਨੀਅਰ ਅਤੇ ਅਲਫ਼ਾਬੇਟ ਵਰਕਰਜ਼ ਯੂਨੀਅਨ ਦੇ ਪ੍ਰਧਾਨ ਪਾਰੁਲ ਕੌਲ ਦੀ ਅਗਵਾਈ ਵਿੱਚ ਇੱਕ ਵਫ਼ਦ ਨੇ ਕੰਪਨੀ ਦੇ ਕੈਲੀਫ਼ੋਰਨੀਆ ਹੈੱਡਕੁਆਰਟਰ ਵਿਖੇ ਪਿਚਾਈ ਦੇ ਦਫ਼ਤਰ ਵਿੱਚ ਇਹ ਮੰਗ ਪੱਤਰ ਦਿੱਤਾ। ਹਾਲਾਂ ਕਿ ਹੈੱਡਕੁਆਰਟਰ ਦੇ ਬਾਹਰ ਮੀਡੀਆ ਨਾਲ ਗੱਲ ਕਰਦੇ ਹੋਏ, ਕੌਲ ਨੇ ਕਿਹਾ ਕਿ ਮੰਗ ਪੱਤਰ ਦਿੰਦੇ ਸਮੇਂ ਕਰਮਚਾਰੀਆਂ ਨੂੰ ਬਹੁਤ ਘੱਟ ਹੁੰਗਾਰਾ ਮਿਲਿਆ। ਇੱਕ ਸਟਾਫ਼ ਮੈਂਬਰ ਨੇ ਦਸਤਾਵੇਜ਼ ਸਵੀਕਾਰ ਕਰ ਲਿਆ ਅਤੇ ਕਿਹਾ ਕਿ ਇਸ ਨੂੰ ਸੀ ਈ ਓ ਨੂੰ ਸੌਂਪ ਦਿੱਤਾ ਜਾਵੇਗਾ ਤੇ ਸੀ ਈ ਓ ਖੁਦ ਮੰਗ ਪੱਤਰ ਲੈਣ ਨਹੀਂ ਆਏ। ਕੌਲ ਨੇ ਕਿਹਾ ਕਿ ਗੂਗਲ ਵੱਡੀ, ਬੇਮਿਸਾਲ ਸਫ਼ਲਤਾ ਦਾ ਆਨੰਦ ਮਾਣ ਰਿਹਾ ਹੈ ਜਦੋਂ ਕਿ ਨੌਕਰੀਆਂ ਵਿੱਚ ਕਟੌਤੀ ਜਾਰੀ ਹੈ। ਉਨਾਂ ਕਿਹਾ ਕਿ ਕੰਪਨੀ ਕਰਮਚਾਰੀਆਂ ਨਾਲੋਂ ਮੁਨਾਫ਼ੇ ਨੂੰ ਤਰਜੀਹ ਦੇ ਰਹੀ ਹੈ।

## ਅਮਰੀਕਾ ਵੱਲੋਂ ਜੈਨੇਰਿਕ ਦਵਾਈਆਂ ’ਤੇ 200 ਫ਼ੀਸਦੀ ਟੈਰਿਫ਼ ਲਗਾਉਣ ਦਾ ਐਲਾਨ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵੱਲੋਂ ਜੈਨੇਰਿਕ ਦਵਾਈਆਂ ’ਤੇ ਪ੍ਰਸਤਾਵਿਤ ਉੱਚ ਟੈਰਿਫ਼ ਭਾਰਤ ਦੇ ਸਭ ਤੋਂ ਵੱਡੇ ਫ਼ਾਰਮਾਸਿਊਟੀਕਲ ਨਿਰਯਾਤ ਬਾਜ਼ਾਰ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਹਾਲਾਂਕਿ, ਇਹ ਸਾਰੇ ਉਤਪਾਦਾਂ ਨੂੰ ਬਰਾਬਰ ਪ੍ਰਭਾਵਿਤ ਨਹੀਂ ਕਰੇਗਾ। ਇਹ ਸਸਤੀਆਂ ਦਵਾਈਆਂ ਹਨ ਜਿਨ੍ਹਾਂ ਵਿੱਚ ਬ੍ਰਾਂਡੇਡ ਦਵਾਈਆਂ ਵਾਂਗ ਹੀ ਕਿਰਿਆਸ਼ੀਲ ਤੱਤ, ਖ਼ੁਰਾਕ ਅਤੇ ਪ੍ਰਭਾਵਸ਼ੀਲਤਾ ਹੁੰਦੀ ਹੈ, ਪਰ ਆਮ ਤੌਰ ’ਤੇ ਪੇਟੈਂਟ ਦੀ ਮਿਆਦ ਪੁੱਗਣ ਤੋਂ ਬਾਅਦ ਘੱਟ ਕੀਮਤ ’ਤੇ ਵੇਚੀਆਂ ਜਾਂਦੀਆਂ ਹਨ।

ਆਰਥਿਕ ਖੋਜ ਸੰਗਠਨ ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ ਨੇ ਇੱਕ ਰਿਪੋਰਟ ਵਿੱਚ ਕਿਹਾ ਹੈ ਕਿ ਭਾਰਤੀ ਜੈਨਰਿਕ ਦਵਾਈਆਂ ਬ੍ਰਾਂਡੇਡ ਦਵਾਈਆਂ ਨਾਲੋਂ ਸੱਤ ਤੋਂ ਦਸ ਗੁਣਾ ਸਸਤੀਆਂ ਹਨ।



ਇਸ ਸਥਿਤੀ ਵਿੱਚ, 200 ਪ੍ਰਤੀਸ਼ਤ ਟੈਰਿਫ਼ ਲਗਾਏ ਜਾਣ ਤੋਂ ਬਾਅਦ ਵੀ ਬਹੁਤ ਸਾਰੇ ਉਤਪਾਦ ਕਿਫ਼ਾਇਤੀ ਰਹਿ ਸਕਦੇ ਹਨ। ਵਾਧੂ ਲਾਗਤ ਅਮਰੀਕੀ ਸਿਹਤ ਸੰਭਾਲ ਪ੍ਰਦਾਤਾਵਾਂ, ਬੀਮਾ ਕੰਪਨੀਆਂ ਅਤੇ ਮਰੀਜ਼ਾਂ ਨੂੰ ਦਿੱਤੀ ਜਾ ਸਕਦੀ ਹੈ। ਦਵਾਈ ਮਾਹਿਰ ਅਜੈ ਸ਼੍ਰੀਵਾਸਤਵ ਨੇ ਕਿਹਾ, ‘ਮਹਿੰਗੇ ਮੁੱਲ ਵਾਲੇ ਜੈਨਰਿਕ ਫ਼ਾਰਮੂਲੇ ਅਤੇ ਬ੍ਰਾਂਡੇਡ ਜੈਨਰਿਕ ਦਵਾਈਆਂ ’ਤੇ ਹੋਰ ਦਬਾਅ ਪੈ ਸਕਦਾ ਹੈ।’ ਉਨ੍ਹਾਂ ਸੁਝਾਅ ਦਿੱਤਾ ਕਿ ਭਾਰਤ ਨੂੰ ਅਮਰੀਕਾ ’ਤੇ ਆਪਣੀ ਨਿਰਭਰਤਾ ਘਟਾਉਣੀ ਚਾਹੀਦੀ ਹੈ ਅਤੇ ਯੂਰੋਪ, ਦੱਖਣੀ ਅਮਰੀਕਾ, ਅਫ਼ਰੀਕਾ ਅਤੇ ਏਸ਼ੀਆ ਨੂੰ ਨਿਰਯਾਤ ਵਧਾਉਣਾ ਚਾਹੀਦਾ ਹੈ। ਸੰਯੁਕਤ ਰਾਜ ਅਮਰੀਕਾ ਨੇ 2025 ਵਿੱਚ 213 ਬਿਲੀਅਨ ਡਾਲਰ ਦੇ ਫ਼ਾਰਮਾਸਿਊਟੀਕਲ ਉਤਪਾਦ ਆਯਾਤ ਕੀਤੇ, ਜਿਸ ਵਿੱਚ 94.1 ਬਿਲੀਅਨ ਡਾਲਰ ਦੀਆਂ ਤਿਆਰ ਦਵਾਈਆਂ ਸ਼ਾਮਲ ਹਨ।

ਜੈਨੇਰਿਕ ਦਵਾਈਆਂ ਦਾ ਇੱਕ ਵੱਖਰਾ ਸਹੀ ਅਨੁਮਾਨ ਉਪਲਬਧ ਨਹੀਂ ਹੈ ਭਾਰਤ ਨੇ ਪਿਛਲੇ ਸਾਲ 25.8 ਬਿਲੀਅਨ ਡਾਲਰ ਦੇ ਫ਼ਾਰਮਾਸਿਊਟੀਕਲ ਨਿਰਯਾਤ ਕੀਤੇ ਸਨ, ਜਿਸ ਵਿੱਚੋਂ 9.7 ਬਿਲੀਅਨ ਡਾਲਰ, ਜਾਂ 37.7 ਪ੍ਰਤੀਸ਼ਤ, ਅਮਰੀਕਾ ਨੂੰ ਗਏ ਸਨ।

## ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਛੱਡਣ ਲਈ ਮਜਬੂਰ ਕਰ ਸਕਦੇ ਹਨ ਨਵੇਂ ਵੀਜ਼ਾ ਨਿਯਮ

ਵਾਸ਼ਿੰਗਟਨ/ਏ.ਟੀ.ਨਿਊਜ਼: ਭਾਰਤੀ ਪ੍ਰਵਾਸੀਆਂ ਲਈ ਇੱਕ ਨੀਤੀ ਸਮੂਹ, ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ (ਐਫ਼.ਆਈ.ਆਈ.ਡੀ.ਐਸ.) ਨੇ ਇੱਕ ਗੰਭੀਰ ਚਿਤਾਵਨੀ ਜਾਰੀ ਕੀਤੀ ਹੈ। ਸੰਗਠਨ ਦਾ ਕਹਿਣਾ ਹੈ ਕਿ ਐਫ਼-1 ਅਤੇ ਜੇ-1 ਵੀਜ਼ਾ ’ਤੇ ਨਵੀਂ ਚਾਰ ਸਾਲਾਂ ਦੀ ਸੀਮਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਡਿਗਰੀਆਂ ਜਾਂ ਖੋਜ ਦੇ ਵਿਚਕਾਰ ਅਮਰੀਕਾ ਛੱਡਣ ਲਈ ਮਜਬੂਰ ਕਰ ਸਕਦੀ ਹੈ। ਐਫ਼.ਆਈ.ਆਈ.ਡੀ.ਐਸ. ਨੇ ਅਮਰੀਕੀ ਕਾਨੂੰਨਸਾਜ਼ਾਂ ਅਤੇ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਨੂੰ ਇਸ ਨਵੇਂ ਨਿਯਮ ਨੂੰ ਤੁਰੰਤ ਰੋਕਣ ਦੀ ਅਪੀਲ ਕੀਤੀ ਹੈ, ਜੋ ਕਿ ਸਤੰਬਰ ਦੇ ਅੱਧ ਵਿੱਚ ਲਾਗੂ ਹੋਣ ਵਾਲਾ ਹੈ।

ਇਸ ਨਵੇਂ ਨਿਯਮ ਦੇ ਤਹਿਤ ਲੰਬੇ ਸਮੇਂ ਤੋਂ ਚੱਲੀ ਆ ਰਹੀ ‘ਸਥਿਤੀ ਦੀ ਮਿਆਦ’ ਨੀਤੀ ਨੂੰ ਖਤਮ ਕਰ ਦਿੱਤਾ ਗਿਆ ਹੈ। ਵਿਦੇਸ਼ੀ ਵਿਦਿਆਰਥੀਆਂ ਲਈ ਵੱਧ ਤੋਂ ਵੱਧ ਠਹਿਰਨ



ਦੀ ਸੀਮਾ ਹੁਣ ਚਾਰ ਸਾਲ ਨਿਰਧਾਰਤ ਕੀਤੀ ਗਈ ਹੈ। ਇਸ ਵਿੱਚ ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ ਅਤੇ ਸਟੀਮ ਓ.ਪੀ.ਟੀ. ਦੀ ਮਿਆਦ ਸ਼ਾਮਲ ਹੈ। ਇਸ ਤੋਂ ਇਲਾਵਾ ਪੜ੍ਹਾਈ ਪੂਰੀ ਹੋਣ ਤੋਂ ਬਾਅਦ 60 ਦਿਨਾਂ ਦੀ ਗ੍ਰੇਸ ਪੀਰੀਅਡ ਨੂੰ ਘਟਾ ਕੇ 30 ਦਿਨ ਕਰ ਦਿੱਤਾ ਗਿਆ ਹੈ। ਵਿਦਿਆਰਥੀਆਂ ਨੂੰ ਹੁਣ ਆਪਣੇ ਵੀਜ਼ਾ ਵਧਾਉਣ ਲਈ ਫਾਰਮ ਆਈ-539 ਰਾਹੀਂ ਪਹਿਲਾਂ ਪ੍ਰਵਾਨਗੀ ਲੈਣ ਦੀ ਜ਼ਰੂਰਤ ਹੋਏਗੀ। ਐਫ਼.ਆਈ.ਆਈ.ਡੀ.ਐਸ. ਦੇ ਨੀਤੀ ਆਗੂ, ਖਾਂਡੇਰਾਓ ਕਾਂਡ ਨੇ ਕਿਹਾ ਕਿ ਇਹ ਫੈਸਲਾ ਅਮਰੀਕਾ ਦੀ ਮੁਕਾਬਲੇਬਾਜ਼ੀ ਨੂੰ ਨੁਕਸਾਨ ਪਹੁੰਚਾਏਗਾ। ਉਸਨੇ ਸਮਝਾਇਆ ਕਿ ਅੰਡਰਗ੍ਰੈਜੂਏਟ ਪੜ੍ਹਾਈ ਵਿੱਚ ਔਸਤਨ 52 ਮਹੀਨੇ ਅਤੇ ਪੀਐਚਡੀ ਵਿੱਚ ਲਗਭਗ 5.7 ਸਾਲ ਲੱਗਦੇ ਹਨ। ਚਾਰ ਸਾਲਾਂ ਦੀ ਸੀਮਾ ਵਿਹਾਰਕ ਨਹੀਂ ਹੈ। ਯੂ.ਐਸ.ਸੀ.ਆਈ.ਐਸ. ਕੋਲ ਪਹਿਲਾਂ ਹੀ 11 ਮਿਲੀਅਨ ਤੋਂ ਵੱਧ ਮਾਮਲਿਆਂ ਦਾ ਬੈਕਲਾਗ ਹੈ, ਜਿਨ੍ਹਾਂ ਨੂੰ ਹੱਲ ਕਰਨ ਵਿੱਚ ਇੱਕ ਸਾਲ ਲੱਗਦਾ ਹੈ। ਇਸ ਨਿਯਮ ਕਾਰਨ ਵਿਦਿਆਰਥੀ ਪੜ੍ਹਾਈ ਛੱਡ ਦੇਣਗੇ, ਪ੍ਰਯੋਗਸ਼ਾਲਾਵਾਂ ਨੂੰ ਨੁਕਸਾਨ ਪਹੁੰਚਾਏਗਾ ਅਤੇ ਅਮਰੀਕੀ ਨਵੀਨਤਾ ਸਮਰੱਥਾ ਨੂੰ ਮੁਕਾਬਲੇ ਵਾਲੇ ਦੇਸ਼ਾਂ ਨੂੰ ਸੌਂਪ ਦੇਣਗੇ ਉਨ੍ਹਾਂ ਦੱਸਿਆ ਕਿ ਬਹੁਤ ਸਾਰੇ ਖੋਜ ਪ੍ਰੋਗਰਾਮਾਂ, ਡਾਕਟਰੇਟ ਕੋਰਸਾਂ ਅਤੇ ਮੈਡੀਕਲ ਸਿਖਲਾਈ ਨੂੰ ਚਾਰ ਸਾਲਾਂ ਤੋਂ ਵੱਧ ਸਮਾਂ ਲੱਗਦਾ ਹੈ। ਜੇ-1 ਖੋਜ ਵਿਦਵਾਨਾਂ ਅਤੇ ਡਾਕਟਰਾਂ ਨੂੰ ਵੀ ਆਪਣੇ ਕੋਰਸ ਪੂਰੇ ਕਰਨ ਵਿੱਚ ਪੰਜ ਤੋਂ ਸੱਤ ਸਾਲ ਲੱਗਦੇ ਹਨ। ਵੀਜ਼ਾ ਐਕਸਟੈਂਸ਼ਨਾਂ ਬਾਰੇ ਅਨਿਸ਼ਚਿਤਤਾ ਪ੍ਰਯੋਗਸ਼ਾਲਾ ਦੇ ਕੰਮ ਵਿੱਚ ਵਿਘਨ ਪਾਵੇਗੀ, ਗ੍ਰੈਜੂਏਸ਼ਨ ਵਿੱਚ ਦੇਰੀ ਕਰੇਗੀ, ਅਤੇ ਅੰਤਰਰਾਸ਼ਟਰੀ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਦੀਆਂ ਯੋਜਨਾਵਾਂ ਨੂੰ ਪ੍ਰਭਾਵਤ ਕਰੇਗੀ।

ਐਫ.ਆਈ.ਆਈ.ਡੀ.ਐਸ. ਨੇ ਯੂ.ਐਸ. ਕਾਂਗਰਸ ਨੂੰ ਸਥਿਤੀ ਦੀ ਮਿਆਦ ਦੀ ਸੁਰੱਖਿਆ ਨੂੰ ਮੁੜ ਸਥਾਪਿਤ ਕਰਨ ਦੀ ਅਪੀਲ ਕੀਤੀ ਹੈ। ਸੰਗਠਨ ਸ਼ਾਨਦਾਰ ਵਿਦਿਆਰਥੀਆਂ ਲਈ ਆਟੋਮੈਟਿਕ ਵੀਜ਼ਾ ਐਕਸਟੈਂਸ਼ਨ ਦੀ ਸਿਫ਼ਾਰਸ਼ ਕਰਦਾ ਹੈ, ਚਾਰ ਸਾਲਾਂ ਦੀ ਗਣਨਾ ਤੋਂ ਓ.ਪੀ.ਟੀ. ਨੂੰ ਛੱਡ ਕੇ, ਅਰਜ਼ੀ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ ਅਤੇ 60 ਦਿਨਾਂ ਦੀ ਗ੍ਰੇਸ ਪੀਰੀਅਡ ਨੂੰ ਬਹਾਲ ਕਰਦਾ ਹੈ। ਸੰਗਠਨ ਦੇ ਅਨੁਸਾਰ 2025 ਦੇ ਪਤਝੜ ਸਮੈਸਟਰ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿੱਚ 17 ਪ੍ਰਤੀਸ਼ਤ ਦੀ ਗਿਰਾਵਟ ਆਈ, ਜਿਸਦੇ ਨਤੀਜੇ ਵਜੋਂ ਅਮਰੀਕੀ ਅਰਥਵਿਵਸਥਾ ਨੂੰ 1.1 ਬਿਲੀਅਨ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ ਅਤੇ ਲਗਭਗ 23,000 ਨੌਕਰੀਆਂ ਦਾ ਨੁਕਸਾਨ ਹੋਇਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਕੈਨੇਡਾ ਪੀ.ਆਰ. ਅਰਜ਼ੀਆਂ ਲਈ ਵੱਡਾ ਬਦਲਾਅ

# ਆਈ.ਆਰ.ਸੀ.ਸੀ. ਨੇ ਪਹਿਲੀ ਵਾਰ ਜਾਰੀ ਕੀਤਾ 'ਵੇਟਿੰਗ ਲਿਸਟ' ਦਾ ਸਰਕਾਰੀ ਅੰਕੜਾ

ਓਟਾਵਾ/ਏ.ਟੀ.ਨਿਊਜ਼: ਕੈਨੇਡਾ ਦੇ ਆਵਾਸ, ਸ਼ਰਨਾਰਥੀ ਅਤੇ ਨਾਗਰਿਕਤਾ ਵਿਭਾਗ ਨੇ ਪੱਕੀ ਰਿਹਾਇਸ਼ (ਪੀ.ਆਰ.) ਦੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਪ੍ਰਣਾਲੀ ਵਿੱਚ ਇੱਕ ਵੱਡਾ ਬਦਲਾਅ ਕੀਤਾ ਹੈ। ਤਾਜ਼ਾ ਜਾਣਕਾਰੀ ਅਨੁਸਾਰ, ਹੁਣ ਇਮੀਗ੍ਰੇਸ਼ਨ ਵਿਭਾਗ ਹਰ ਮਹੀਨੇ ਜਨਤਕ ਤੌਰ 'ਤੇ ਇਹ ਅੰਕੜਾ ਸਾਂਝਾ ਕਰੇਗਾ ਕਿ ਕੁੱਲ ਪੀ.ਆਰ. ਅਰਜ਼ੀਆਂ ਵਿੱਚੋਂ ਕਿੰਨੀਆਂ ਅਰਜ਼ੀਆਂ 'ਤੇ ਐਕਟਿਵ ਕੰਮ ਚੱਲ ਰਿਹਾ ਹੈ ਅਤੇ ਕਿੰਨੀਆਂ ਅਰਜ਼ੀਆਂ ਨੂੰ ਕੋਟਾ ਪੂਰਾ ਹੋਣ ਕਰਕੇ 'ਵੇਟਿੰਗ ਲਿਸਟ' ਵਿੱਚ ਰੱਖਿਆ ਗਿਆ ਹੈ। ਕੈਨੇਡਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਫੈਡਰਲ ਸਰਕਾਰ ਨੇ ਪੀ.ਆਰ. ਅਰਜ਼ੀਆਂ ਦੇ ਵੇਟਲਿਸਟ ਹੋਣ ਬਾਰੇ ਇੰਨੇ ਖੁੱਲ੍ਹੇ ਰੂਪ ਵਿੱਚ ਜਾਣਕਾਰੀ ਦਿੱਤੀ ਹੈ। ਵਿਭਾਗ ਨੇ ਆਪਣੀ ਵੈੱਬਸਾਈਟ 'ਤੇ 'ਐਪਲੀਕੇਸ਼ਨ ਇਨਵੈਂਟਰੀ' ਦੇ ਪੇਜ ਨੂੰ ਪੂਰੀ ਤਰ੍ਹਾਂ ਅੱਪਡੇਟ ਕਰ ਦਿੱਤਾ ਹੈ, ਜਿਸ ਨਾਲ ਹੁਣ ਆਵਾਸ ਪ੍ਰਣਾਲੀ ਵਿੱਚ ਹੋਰ ਪਾਰਦਰਸ਼ਤਾ ਆਉਣ ਦੀ ਉਮੀਦ ਹੈ।




**ਕਿਉਂ ਬਣਾਈ ਜਾ ਰਹੀ ਹੈ ਵੇਟਿੰਗ ਲਿਸਟ?**

ਕੈਨੇਡਾ ਸਰਕਾਰ ਵੱਲੋਂ ਹਰ ਸਾਲ ਆਪਣੀ 2026-2028 ਇਮੀਗ੍ਰੇਸ਼ਨ ਲੈਵਲ ਪਲਾਨ ਦੇ ਤਹਿਤ ਨਵੇਂ ਪੱਕੇ ਨਿਵਾਸੀਆਂ ਨੂੰ ਸ਼ਾਮਲ ਕਰਨ ਦਾ ਇੱਕ ਨਿਸ਼ਚਿਤ ਟੀਚਾ ਜਾਂ ਕੋਟਾ ਮਿਥਿਆ ਜਾਂਦਾ ਹੈ। ਆਈ.ਆਰ.ਸੀ.ਸੀ. ਅਨੁਸਾਰ, ਜਦੋਂ ਕਿਸੇ ਇਮੀਗ੍ਰੇਸ਼ਨ ਪ੍ਰੋਗਰਾਮ ਵਿੱਚ ਨਿਰਧਾਰਤ ਕੋਟੇ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ, ਤਾਂ ਸਰਕਾਰ ਕੋਲ ਉਹਨਾਂ ਸਾਰੀਆਂ ਅਰਜ਼ੀਆਂ ਨੂੰ ਉਸੇ ਸਾਲ ਮਨਜ਼ੂਰੀ ਦੇਣ ਲਈ ਢੁਕਵੀਂ ਥਾਂ ਨਹੀਂ ਹੁੰਦੀ। ਅਜਿਹੇ ਹਾਲਾਤ ਵਿੱਚ, ਵਾਧੂ ਅਰਜ਼ੀਆਂ ਦੀ ਪ੍ਰੋਸੈਸਿੰਗ ਨੂੰ ਰੋਕ ਕੇ ਉਹਨਾਂ ਨੂੰ ਅਗਲੇ ਸਾਲਾਂ ਦੇ ਕੋਟੇ ਲਈ 'ਵੇਟਲਿਸਟ' ਵਿੱਚ ਪਾ ਦਿੱਤਾ ਜਾਂਦਾ ਹੈ।

ਆਈ.ਆਰ.ਸੀ.ਸੀ. ਨੇ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਸਪੱਸ਼ਟ ਕੀਤਾ ਹੈ ਕਿ ਜਦੋਂ ਵੀ ਕਿਸੇ ਪ੍ਰੋਗਰਾਮ ਲਈ ਲੈਵਲ ਪਲਾਨ ਵਿੱਚ ਉਪਲਬਧ ਸੀਟਾਂ ਨਾਲੋਂ ਵੱਧ ਅਰਜ਼ੀਆਂ ਮਿਲਦੀਆਂ ਹਨ, ਤਾਂ ਕੁਝ ਅਰਜ਼ੀਆਂ ਨੂੰ ਭਵਿੱਖ ਦੇ ਸਾਲਾਂ ਵਿੱਚ ਥਾਂ ਖਾਲੀ ਹੋਣ ਤੱਕ ਉਡੀਕ ਕਰਨੀ ਪੈਂਦੀ ਹੈ। ਜਿੰਨਾ ਸਮਾਂ ਸੀਟਾਂ ਖਾਲੀ ਰਹਿਣਗੀਆਂ, ਅਰਜ਼ੀਆਂ 'ਤੇ ਕੰਮ ਚੱਲਦਾ ਰਹੇਗਾ, ਪਰ ਥਾਂ ਖ਼ਤਮ ਹੁੰਦੇ ਹੀ ਅਰਜ਼ੀਆਂ ਵੇਟਲਿਸਟ ਵਿੱਚ ਚਲੀਆਂ ਜਾਣਗੀਆਂ।

**ਪ੍ਰੋਸੈਸਿੰਗ ਸਮੇਂ 'ਤੇ ਪਵੇਗਾ ਸਿੱਧਾ ਅਸਰ**

ਇਸ ਨਵੀਂ ਨੀਤੀ ਦਾ ਸਿੱਧਾ ਅਸਰ ਆਗਾਮੀ ਸਮੇਂ ਵਿੱਚ ਅਪਲਾਈ ਕਰਨ ਵਾਲੇ ਅਤੇ ਪਹਿਲਾਂ ਤੋਂ ਲਾਈਨ ਵਿੱਚ ਲੱਗੇ ਬਿਨੈਕਾਰਾਂ ਦੇ ਪ੍ਰੋਸੈਸਿੰਗ ਟਾਈਮ 'ਤੇ ਪਵੇਗਾ। ਜਿਨ੍ਹਾਂ ਬਿਨੈਕਾਰਾਂ ਦੀਆਂ ਅਰਜ਼ੀਆਂ ਵੇਟਲਿਸਟ ਵਿੱਚ ਜਾਣਗੀਆਂ, ਉਨ੍ਹਾਂ ਦੇ ਫੈਸਲੇ ਆਉਣ ਵਿੱਚ ਪਹਿਲਾਂ ਨਾਲੋਂ ਜ਼ਿਆਦਾ ਸਮਾਂ ਲੱਗ ਸਕਦਾ ਹੈ। ਇਸ ਦੇ ਨਾਲ ਹੀ, ਆਈ.ਆਰ.ਸੀ.ਸੀ. ਨੇ ਇੱਕ ਹੋਰ ਵੱਡਾ ਬਦਲਾਅ ਕਰਦਿਆਂ ਇਹ ਐਲਾਨ ਕੀਤਾ ਹੈ ਕਿ ਉਹ ਹੁਣ ਆਪਣੀ ਵੈੱਬਸਾਈਟ 'ਤੇ ਇਹ ਜਾਣਕਾਰੀ ਜਾਰੀ ਨਹੀਂ ਕਰੇਗਾ ਕਿ ਕੁੱਲ ਅਰਜ਼ੀਆਂ ਵਿੱਚੋਂ ਕਿੰਨੇ ਪ੍ਰਤੀਸ਼ਤ ਅਰਜ਼ੀਆਂ ਨੂੰ ਨਿਰਧਾਰਤ 'ਸਰਵਿਸ ਸਟੈਂਡਰਡ' ਦੇ ਅੰਦਰ ਪ੍ਰੋਸੈਸ ਕੀਤਾ ਜਾ ਰਿਹਾ ਹੈ।

**31 ਮਈ 2026 ਤੱਕ ਦੇ ਤਾਜ਼ਾ ਅੰਕੜੇ**

ਆਈ.ਆਰ.ਸੀ.ਸੀ. ਵੱਲੋਂ ਜਾਰੀ ਕੀਤੇ ਗਏ ਪਹਿਲੇ ਅੰਕੜਿਆਂ (ਜੋ 31 ਮਈ 2026 ਤੱਕ ਦੇ ਹਨ) ਅਨੁਸਾਰ, ਕੈਨੇਡਾ ਕੋਲ ਕੁੱਲ 7,05,315 ਵ ਅਰਜ਼ੀਆਂ ਫੈਸਲੇ ਦੀ ਉਡੀਕ ਵਿੱਚ ਪੈਂਡਿੰਗ ਸਨ। ਵਿਭਾਗ ਨੇ ਇਹਨਾਂ ਅਰਜ਼ੀਆਂ ਨੂੰ ਮੁੱਖ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੈ।

ਪਹਿਲੀ, ਇਕਨਾਮਿਕ ਸ਼੍ਰੇਣੀ ਵਿੱਚ ਕੁੱਲ 2,38,335 ਅਰਜ਼ੀਆਂ ਪੈਂਡਿੰਗ ਸਨ। ਇਹਨਾਂ ਵਿੱਚੋਂ 75% ਅਰਜ਼ੀਆਂ 'ਤੇ ਐਕਟਿਵ ਪ੍ਰੋਸੈਸਿੰਗ ਚੱਲ ਰਹੀ ਹੈ, ਜਦਕਿ 25% ਅਰਜ਼ੀਆਂ ਵੇਟਲਿਸਟ ਵਿੱਚ ਹਨ। ਇਸ ਸ਼੍ਰੇਣੀ ਵਿੱਚ ਐਕਸਪ੍ਰੈਸ ਐਂਟਰੀ, ਫੈਡਰਲ ਬਿਜ਼ਨਸ ਪ੍ਰੋਗਰਾਮ, ਪ੍ਰੋਵਿੰਸ਼ੀਅਲ ਨੋਮੀਨੀ ਪ੍ਰੋਗਰਾਮ, ਅਟਲਾਂਟਿਕ ਇਮੀਗ੍ਰੇਸ਼ਨ ਪ੍ਰੋਗਰਾਮ, ਰੂਰਲ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ, ਅਤੇ ਫ੍ਰੈਂਕੋਫੋਨ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ ਸ਼ਾਮਲ ਹਨ। (ਬਾਕੀ ਸਫ਼ਾ 27 'ਤੇ)

# ਕੈਨੇਡਾ ਸਰਕਾਰ ਵੱਲੋਂ ਕਾਂਗੋ ਦੇ ਨਾਗਰਿਕਾਂ 'ਤੇ ਕੈਨੇਡਾ ਦਾਖ਼ਲੇ ਉੱਤੇ ਪਾਬੰਦੀ



ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਸਰਕਾਰ ਨੇ ਵਿਦੇਸ਼ੀ ਨਾਗਰਿਕਾਂ ਦੇ ਦਾਖ਼ਲੇ 'ਤੇ ਆਰਜ਼ੀ ਪਾਬੰਦੀ ਲਾਉਣ ਦਾ ਐਲਾਨ ਕੀਤਾ ਹੈ। ਸਰਕਾਰ ਨੇ ਕਿਹਾ ਹੈ ਕਿ ਪਿਛਲੇ 21 ਦਿਨ ਦੌਰਾਨ ਡੈਮੋਕ੍ਰੇਟਿਕ ਰਿਪਬਲਿਕ ਆਫ਼ ਕਾਂਗੋ ਦੀ ਯਾਤਰਾ ਕਰਨ ਵਾਲੇ ਲੋਕਾਂ ਨੂੰ ਮੁਲਕ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ। ਪਬਲਿਕ ਹੈਲਥ ਏਜੰਸੀ ਵੱਲੋਂ ਜਾਰੀ ਹੁਕਮ ਅੱਧੀ ਰਾਤ ਤੋਂ ਲਾਗੂ ਹੋ ਗਈ ਅਤੇ ਇਹ ਹੁਕਮ ਘੱਟੋ ਘੱਟ 31 ਅਗਸਤ ਤੱਕ ਜਾਰੀ ਰਹਿਣਗੇ। ਕਮਰਸ਼ੀਅਲ ਏਅਰਲਾਈਨਜ਼ ਅਤੇ ਪ੍ਰਾਈਵੇਟ ਏਅਰ ਕੈਰੀਅਰਜ਼ ਨੂੰ ਵੀ ਹਦਾਇਤ ਦਿਤੀ ਗਈ ਹੈ ਕਿ ਕਾਂਗੋ ਨਾਲ ਸਬੰਧਿਤ ਕਿਸੇ ਮੁਸਾਫ਼ਰ ਨੂੰ ਜਹਾਜ਼ ਵਿੱਚ ਚੜ੍ਹਨ ਦੀ ਇਜਾਜ਼ਤ ਨਾ ਦਿੱਤੀ ਜਾਵੇ। ਕੈਨੇਡਾ ਦੇ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਦੇਸ਼ ਦੇ ਲੋਕਾਂ ਦੀ ਸਿਹਤ ਸੁਰੱਖਿਆ ਸਾਡੀ ਤਰਜੀਹ ਹੈ। ਇਸ ਦੇ ਮੱਦੇਨਜ਼ਰ ਈਬੋਲਾ ਵਾਇਰਸ ਤੋਂ ਪ੍ਰਭਾਵਤ ਇਲਾਕਿਆਂ ਨਾਲ ਸਬੰਧਤ ਲੋਕਾਂ ਨੂੰ ਫ਼ਿਲਹਾਲ ਕੈਨੇਡਾ ਦੀਆਂ ਸਰਹੱਦਾਂ ਤੋਂ ਦੂਰ ਰੱਖਿਆ ਜਾਵੇਗਾ। ਦੱਸ ਦੇਈਏ ਕਿ ਮਈ ਵਿੱਚ ਲਾਗੂ ਬੰਦਿਸ਼ਾਂ ਤਹਿਤ ਕੈਨੇਡਾ ਦੇ ਸਿਹਤ ਵਿਭਾਗ ਵੱਲੋਂ ਈਬੋਲਾ ਵਾਇਰਸ ਨਾਲ ਪ੍ਰਭਾਵਿਤ ਖੇਤਰਾਂ ਤੋਂ ਆਉਣ ਵਾਲੇ ਲੋਕਾਂ ਨੂੰ 21 ਦਿਨ ਲਈ ਸੈਲਫ਼ ਆਈਸੋਲੇਟ ਹੋਣ ਦੇ ਹੁਕਮ ਦਿਤੇ ਗਏ ਸਨ ਪਰ ਇਸ ਵਾਰ ਦਾਖ਼ਲਾ ਹੀ ਰੋਕ ਦਿੱਤਾ ਗਿਆ। ਪਬਲਿਕ ਹੈਲਥ ਏਜੰਸੀ ਦੇ ਇੱਕ ਬੁਲਾਰੇ ਨੇ ਦੱਸਿਆ ਕਿ (ਬਾਕੀ ਸਫ਼ਾ 27 'ਤੇ)

# ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਦਾ ਵਰਕ ਪਰਮਿਟ ਰੱਦ

ਕੈਲਗਰੀ/ਏ.ਟੀ.ਨਿਊਜ਼: ਕੈਨੇਡਾ ਦੇ ਕੈਲਗਰੀ 'ਚ ਸਥਿਤ ਪੋਰਟੇਜ ਕਾਲਜ ਨੇ ਉਨ੍ਹਾਂ ਭਾਰਤੀ ਵਿਦਿਆਰਥੀਆਂ ਨੂੰ ਕਾਨੂੰਨੀ ਸਲਾਹ ਲੈਣ ਲਈ ਕਿਹਾ ਹੈ ਜੋ ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਰਾਹੀਂ ਆਪਣਾ ਵਰਕ ਵੀਜ਼ਾ ਰੱਦ ਕੀਤੇ ਜਾਣ ਤੋਂ ਬਾਅਦ ਵਿਰੋਧ ਕਰ ਰਹੇ ਹਨ। ਕਾਲਜ ਦਾ ਕਹਿਣਾ ਹੈ ਕਿ ਉਹ ਇਸ ਮਾਮਲੇ 'ਤੇ ਸਪੱਸ਼ਟੀਕਰਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਵੈੱਬਸਾਈਟ 'ਤੇ ਸਾਂਝੀ ਕੀਤੀ ਗਈ ਇੱਕ ਅਪਡੇਟ 'ਚ ਕਾਲਜ ਨੇ ਕਿਹਾ, 'ਪੋਰਟੇਜ ਕਾਲਜ ਇਸ ਮਾਮਲੇ 'ਤੇ ਸਪੱਸ਼ਟੀਕਰਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਸਹੀ ਜਾਣਕਾਰੀ ਦੇਣ ਤੇ ਨਵੀਂ ਜਾਣਕਾਰੀ ਮਿਲਣ 'ਤੇ ਵਿਦਿਆਰਥੀਆਂ ਨੂੰ ਸੂਚਿਤ ਰੱਖਣ ਲਈ ਵਚਨਬੱਧ ਹੈ।'

ਕਾਲਜ ਨੇ ਅੱਗੇ ਦੱਸਿਆ ਕਿ ਉਸ ਨੇ ਅਗਲੇ ਹਫ਼ਤੇ ਗਰੁੱਪ ਦੇ ਨੁਮਾਇੰਦਿਆਂ ਨਾਲ ਇੱਕ ਫਾਲੋ-ਅੱਪ ਮੀਟਿੰਗ ਤੈਅ ਕੀਤੀ ਹੈ। ਕਾਲਜ ਨੇ ਕਿਹਾ, 'ਇਸ ਮੀਟਿੰਗ ਨਾਲ ਸਾਨੂੰ ਗੱਲਬਾਤ ਜਾਰੀ ਰੱਖਣ, ਜਿੱਥੇ ਸੰਭਵ ਹੋਵੇ ਸਵਾਲਾਂ ਦੇ ਜਵਾਬ ਦੇਣ ਅਤੇ ਕੋਈ ਵੀ ਨਵੀਂ ਜਾਣਕਾਰੀ ਮਿਲਣ 'ਤੇ ਉਸ ਨੂੰ ਸਾਂਝਾ ਕਰਨ ਦਾ ਮੌਕਾ ਮਿਲੇਗਾ।'



**ਵਿਰੋਧ ਕਿਉਂ ਕਰ ਰਹੇ ਹਨ ਭਾਰਤੀ ਵਿਦਿਆਰਥੀ ?**

ਹਜ਼ਾਰਾਂ ਭਾਰਤੀ ਵਿਦਿਆਰਥੀਆਂ ਨੇ ਪੋਰਟੇਜ ਕਾਲਜ ਦੇ ਬਿਜ਼ਨੈੱਸ ਮੈਨੇਜਮੈਂਟ ਡਿਪਲੋਮਾ ਪ੍ਰੋਗਰਾਮ 'ਚ ਹਿੱਸਾ ਲਿਆ ਸੀ। ਆਪਣਾ ਪ੍ਰੋਗਰਾਮ ਪੂਰਾ ਕਰਨ ਤੋਂ ਬਾਅਦ ਵਿਦਿਆਰਥੀਆਂ ਨੇ ਪੋਸਟ-ਗ੍ਰੈਜੂਏਟ ਵਰਕ ਪਰਮਿਟ ਲਈ ਅਪਲਾਈ ਕੀਤਾ ਪਰ ਆਈ.ਆਰ.ਸੀ.ਸੀ. ਨੇ ਉਨ੍ਹਾਂ ਦੀਆਂ ਅਰਜ਼ੀਆਂ ਇਹ ਕਹਿ ਕੇ ਰੱਦ ਕਰ ਦਿੱਤੀਆਂ ਕਿ ਉਨ੍ਹਾਂ ਦੇ ਪ੍ਰੋਗਰਾਮ ਇਸ ਦੇ ਯੋਗ ਨਹੀਂ ਸਨ।

ਵਿਰੋਧ ਕਰ ਰਹੇ ਵਿਦਿਆਰਥੀਆਂ ਦਾ ਤਰਕ ਹੈ ਕਿ ਉਸੇ ਕਾਲਜ ਤੇ ਉਨ੍ਹਾਂ ਹੀ ਪ੍ਰੋਗਰਾਮਾਂ ਦੇ ਦੂਜੇ ਵਿਦਿਆਰਥੀਆਂ ਨੂੰ 7 ਜੁਲਾਈ ਤੋਂ ਪਹਿਲਾਂ ਪੀ. ਜੀ.ਡਬਲਯੂ.ਪੀ. ਮਨਜ਼ੂਰੀ ਮਿਲ ਚੁੱਕੀ ਹੈ। ਉਨ੍ਹਾਂ ਦਾ ਇਹ ਵੀ ਦੋਸ਼ ਹੈ ਕਿ ਇਮੀਗ੍ਰੇਸ਼ਨ ਅਥਾਰਟੀ ਨੇ ਇੱਕ ਨਿਯਮ ਬਦਲਿਆ ਹੈ ਅਤੇ ਨਾਨ-ਕ੍ਰੈਡਿਟ ਪ੍ਰੋਗਰਾਮ ਨੂੰ ਪਰਮਿਟ ਲਈ ਅਯੋਗ ਬਣਾ ਦਿੱਤਾ ਹੈ।

ਦੂਜੇ ਪਾਸੇ, ਆਈ.ਆਰ.ਸੀ.ਸੀ. ਦਾ ਦਾਅਵਾ ਹੈ ਕਿ ਕੋਈ ਨਿਯਮ ਨਹੀਂ ਬਦਲਿਆ ਗਿਆ ਹੈ। (ਬਾਕੀ ਸਫ਼ਾ 27 'ਤੇ)

# ਸਪਾਊਸ ਵੀਜ਼ਾ 'ਤੇ ਪਾਬੰਦੀ ਕਾਰਨ ਕੈਨੇਡਾ ਤੋਂ ਪੰਜਾਬੀ ਵਿਦਿਆਰਥੀਆਂ ਦਾ ਹੋਣ ਲੱਗਿਆ ਮੋਹ ਭੰਗ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਸਰਕਾਰ ਦੇ ਇਕ ਫ਼ੈਸਲੇ ਨੇ ਭਾਰਤੀਆਂ ਖ਼ਾਸ ਕਰ ਕੇ ਪੰਜਾਬੀ ਵਿਦਿਆਰਥੀਆਂ ਦੀ ਦਿਲ ਤੋੜ ਦਿੱਤਾ ਹੈ। ਸਰਕਾਰ ਦੇ ਸਪਾਊਸ ਵੀਜ਼ਾ 'ਤੇ ਪਾਬੰਦੀ ਲਗਾਉਣ ਮਗਰੋਂ ਪੰਜਾਬੀ ਵਿਦਿਆਰਥੀ ਹੁਣ ਦੂਜੇ ਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਹਾਲ ਹੀ ਵਿੱਚ ਕੈਨੇਡਾ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਵੀ ਮੰਨਿਆ ਹੈ ਕਿ ਭਾਰਤ ਖ਼ਾਸ ਕਰ ਕੇ ਪੰਜਾਬ ਤੋਂ ਸਟੱਡੀ ਵੀਜ਼ਾ ਦੀਆਂ ਅਰਜ਼ੀਆਂ ਵਿੱਚ ਆਈ ਕਮੀ ਦਾ ਇੱਕ ਵੱਡਾ ਕਾਰਨ ਪਤੀ-ਪਤਨੀ ਦੇ ਓਪਨ ਵਰਕ ਪਰਮਿਟ 'ਤੇ ਲਗਾਈਆਂ ਗਈਆਂ ਪਾਬੰਦੀਆਂ ਹਨ।

ਕੈਨੇਡੀਅਨ ਹਾਈ ਕਮਿਸ਼ਨ ਦੇ ਇੱਕ ਸੀਨੀਅਰ ਅਧਿਕਾਰੀ ਅਨੁਸਾਰ ਇਨ੍ਹਾਂ ਪਾਬੰਦੀਆਂ ਨੇ ਪਹਿਲਾਂ ਤੋਂ ਚੱਲ ਰਹੇ 'ਸਹੂਲਤ ਦੇ ਵਿਆਹਾਂ' ਜਾਂ 'ਕੰਟਰੈਕਟ ਮੈਰਿਜ' ਦੇ ਰੁਝਾਨ ਨੂੰ ਤੋੜ ਦਿੱਤਾ ਹੈ। ਨਵੀਂ ਦਿੱਲੀ ਸਥਿਤ ਕੈਨੇਡੀਅਨ ਹਾਈ ਕਮਿਸ਼ਨ ਦੇ ਫਸਟ ਸੈਕਟਰੀ ਹਾਨ ਡੂਆਨ ਨੇ ਖੁਲਾਸਾ ਕੀਤਾ ਕਿ ਕੈਨੇਡਾ ਵਿੱਚ ਪੜ੍ਹਾਈ ਅਤੇ ਰਹਿਣ-ਸਹਿਣ ਦਾ ਖਰਚਾ ਬਹੁਤ ਜ਼ਿਆਦਾ ਹੋਣ ਕਾਰਨ ਕਈ ਪੰਜਾਬੀ ਬਿਨੈਕਾਰ ਵਿੱਤੀ ਸਹਾਇਤਾ ਲਈ ਅਜਿਹੇ ਵਿਆਹਾਂ ਦਾ ਸਹਾਰਾ ਲੈਂਦੇ ਸਨ। ਇਸ ਬਦਲੇ ਦੂਜੇ ਸਾਥੀ ਨੂੰ ਸਪਾਊਸ ਓਪਨ ਵਰਕ ਪਰਮਿਟ ਮਿਲ ਜਾਂਦਾ ਸੀ। ਇਹ ਢੰਗ ਸਥਾਨਕ ਅਖ਼ਬਾਰਾਂ ਅਤੇ ਡੇਟਿੰਗ ਐਪਸ 'ਤੇ ਸ਼ਰੇਆਮ ਇਸ਼ਤਿਹਾਰਾਂ ਰਾਹੀਂ ਪ੍ਰਚਾਰਿਆ ਜਾਂਦਾ ਸੀ।



ਸਰੋਤਾਂ ਅਨੁਸਾਰ ਕੈਨੇਡਾ ਵੱਲੋਂ ਸਪਾਊਸ ਵੀਜ਼ਾ ਨਿਯਮਾਂ ਵਿੱਚ ਕੀਤੀ ਸਖ਼ਤੀ ਤੋਂ ਬਾਅਦ ਪੰਜਾਬੀ ਵਿਦਿਆਰਥੀਆਂ ਨੇ ਹੁਣ ਉਨ੍ਹਾਂ ਦੇਸ਼ਾਂ ਵੱਲ ਰੁਖ਼ ਕਰ ਲਿਆ ਹੈ ਜੋ ਅਜੇ ਵੀ ਪਤੀ-ਪਤਨੀ ਨੂੰ ਵੀਜ਼ਾ ਦਿੰਦੇ ਹਨ। ਖਾਸ ਕਰਕੇ ਜਰਮਨੀ, ਸਵੀਡਨ ਅਤੇ ਫਿਨਲੈਂਡ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ 'ਭਾਰੀ ਵਾਧਾ' ਦੇਖਿਆ ਗਿਆ ਹੈ। ਇਸੇ ਤਰ੍ਹਾਂ ਦੇ ਰੁਝਾਨ ਆਇਰਲੈਂਡ, ਫਰਾਂਸ ਅਤੇ ਇਟਲੀ ਵਿੱਚ ਵੀ ਦੇਖੇ ਗਏ ਹਨ। ਦੂਜੇ ਪਾਸੇ ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਯੂਨਾਈਟਿਡ ਕਿੰਗਡਮ ਵਿੱਚ ਵੀ ਭਾਰਤੀ ਅਰਜ਼ੀਆਂ ਵਿੱਚ ਕਮੀ ਆਈ ਹੈ ਕਿਉਂਕਿ ਉਨ੍ਹਾਂ ਨੇ ਵੀ ਅਜਿਹੀਆਂ ਹੀ ਪਾਬੰਦੀਆਂ ਲਗਾਈਆਂ ਹਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਨਾ ਸਿਰਫ਼ ਅਰਜ਼ੀਆਂ ਦੀ ਗਿਣਤੀ ਘਟੀ ਹੈ, ਸਗੋਂ ਵਿਦਿਆਰਥੀਆਂ ਦੀ ਗੁਣਵੱਤਾ ਵਿੱਚ ਵੀ ਗਿਰਾਵਟ ਆਈ ਹੈ। ਚੰਗੇ ਅਕਾਦਮਿਕ ਰਿਕਾਰਡ ਅਤੇ ਭਾਸ਼ਾ ਵਿੱਚ ਮੁਹਾਰਤ ਰੱਖਣ ਵਾਲੇ ਵਿਦਿਆਰਥੀ ਹੁਣ ਉਨ੍ਹਾਂ ਦੇਸ਼ਾਂ ਨੂੰ ਪਹਿਲ ਦੇ ਰਹੇ ਹਨ ਜਿੱਥੇ ਸਪਾਊਸ ਵੀਜ਼ਾ ਦੀ ਸਹੂਲਤ ਮਿਲਦੀ ਹੈ। ਇਸ ਤੋਂ ਇਲਾਵਾ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਪ੍ਰਤੀ ਬਦਲਦੇ ਜਨਤਕ ਨਜ਼ਰੀਏ ਨੇ ਵੀ ਵਿਦਿਆਰਥੀਆਂ ਦੇ ਫੈਸਲਿਆਂ ਨੂੰ ਪ੍ਰਭਾਵਿਤ ਕੀਤਾ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਨੇ ਇਹ ਪਾਬੰਦੀਆਂ ਸਾਲ 2024 ਵਿੱਚ ਸ਼ੁਰੂ ਕੀਤੀਆਂ ਸਨ। ਮੌਜੂਦਾ ਨਿਯਮਾਂ ਅਨੁਸਾਰ ਅੰਡਰ-ਗ੍ਰੈਜੂਏਟ ਅਤੇ ਕਾਲਜ ਕੋਰਸਾਂ ਵਿੱਚ ਪੜ੍ਹਨ ਵਾਲੇ ਜ਼ਿਆਦਾਤਰ ਵਿਦਿਆਰਥੀਆਂ ਦੇ ਪਤੀ ਜਾਂ ਪਤਨੀ ਹੁਣ ਵਰਕ ਪਰਮਿਟ ਲਈ ਯੋਗ ਨਹੀਂ ਹਨ। ਇਨ੍ਹਾਂ ਨੀਤੀਆਂ ਨੇ ਉਨ੍ਹਾਂ ਲੋਕਾਂ ਦੀਆਂ ਯੋਜਨਾਵਾਂ ਨੂੰ ਪੂਰੀ ਤਰ੍ਹਾਂ ਵਿਗਾੜ ਦਿੱਤਾ ਹੈ ਜੋ ਪੜ੍ਹਾਈ ਦੀ ਬਜਾਏ ਕੰਮ ਨੂੰ ਪਹਿਲ ਦੇਣ ਲਈ ਕੈਨੇਡਾ ਆਉਣਾ ਚਾਹੁੰਦੇ ਸਨ।

# ਐਡੀਲੇਡ ਦੇ ਗੁਰਦੁਆਰਾ ਸਾਹਿਬ 'ਦਸਮੇਸ਼ ਦਰਬਾਰ' ਦੀ ਇਮਾਰਤ ਅੱਗ ਲੱਗਣ ਕਾਰਨ ਪੂਰੀ ਤਰ੍ਹਾਂ ਤਬਾਹ

ਐਡੀਲੇਡ/ਏ.ਟੀ.ਨਿਊਜ਼: ਦੱਖਣੀ ਆਸਟ੍ਰੇਲੀਆ ਦੇ ਐਡੀਲੇਡ ਸ਼ਹਿਰ 'ਚ ਪਿਛਲੇ ਦਿਨੀਂ ਰਾਤ ਸਮੇਂ ਵਾਪਰੇ ਇੱਕ ਦਰਦਨਾਕ ਹਾਦਸੇ 'ਚ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਦੀ ਵਿਸ਼ਾਲ ਇਮਾਰਤ ਭਿਆਨਕ ਅੱਗ ਲੱਗਣ ਕਾਰਨ ਪੂਰੀ ਤਰ੍ਹਾਂ ਤਬਾਹ ਹੋ ਗਈ। ਇਸ ਅਗਨਕਾਂਡ ਦੌਰਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਅਗਨ ਭੇਟ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ, ਜਿਸ ਨਾਲ ਪੂਰੇ ਵਿਸ਼ਵ ਦੀ ਸਿੱਖ ਸੰਗਤ 'ਚ ਸੋਗ ਦੀ ਲਹਿਰ ਫੈਲ ਗਈ ਹੈ।






ਗੁਰਦੁਆਰਾ ਪ੍ਰਬੰਧਕ ਕਮੇਟੀ ਅਨੁਸਾਰ ਮੁੱਖ ਹਾਲ ਦੀ ਛੱਤ ਪਾਲਕੀ ਸਾਹਿਬ ਦੇ ਉੱਪਰ ਡਿੱਗ ਜਾਣ ਕਾਰਨ ਪਾਵਨ ਸਰੂਪਾਂ ਦੀ ਮੌਜੂਦਾ ਸਥਿਤੀ ਬਾਰੇ ਫਿਲਹਾਲ ਕੁਝ ਵੀ ਸਪੱਸ਼ਟ ਕਹਿਣਾ ਜਲਦਬਾਜ਼ੀ ਹੋਵੇਗੀ। ਰਾਹਤ ਤੇ ਬਚਾਅ ਟੀਮਾਂ ਵੱਲੋਂ ਡਿੱਗੀ ਹੋਈ ਛੱਤ ਨੂੰ ਕੱਟ ਕੇ ਹਟਾਉਣ ਦੇ ਯਤਨ ਲਗਾਤਾਰ ਜਾਰੀ ਹਨ, ਜਿਸ ਤੋਂ ਬਾਅਦ ਹੀ ਪਾਵਨ ਸਰੂਪਾਂ ਦੀ ਸਹੀ ਸਥਿਤੀ ਦਾ ਪਤਾ ਲੱਗ ਸਕੇਗਾ। ਦੂਜੇ ਪਾਸੇ ਸਥਾਨਕ ਪ੍ਰਸ਼ਾਸਨ ਤੇ ਪੁਲਿਸ ਨੇ ਅੱਗ ਲੱਗਣ ਦੇ ਅਸਲ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਮੁਤਾਬਕ ਅੱਗ ਪਿਛਲੇ ਦਿਨੀਂ ਰਾਤ ਲਗਭਗ 10.30 ਵਜੇ (ਆਸਟ੍ਰੇਲੀਆਈ ਸਮੇਂ ਅਨੁਸਾਰ) ਲੰਗਰ ਹਾਲ ਦੀ ਰਸੋਈ 'ਚੋਂ ਸ਼ੁਰੂ ਹੋਈ। ਦੇਖਦੇ ਹੀ ਦੇਖਦੇ ਅੱਗ ਦੀਆਂ ਭਿਆਨਕ ਲਪਟਾਂ ਲੰਗਰ ਹਾਲ ਤੋਂ ਹੁੰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਦੀਵਾਨ ਹਾਲ ਤੱਕ ਪਹੁੰਚ ਗਈਆਂ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਤੋਂ ਕੁਝ ਸਮਾਂ ਪਹਿਲਾਂ ਹੀ, ਯਾਨੀ ਰਾਤ 9.30 ਵਜੇ ਦੇ ਕਰੀਬ, ਐਤਵਾਰ ਦਾ ਰਾਤਰੀ ਦੀਵਾਨ ਸਮਾਪਤ ਹੋਇਆ ਸੀ। ਅੱਗ ਦੀ ਤੀਬਰਤਾ ਇੰਨੀ ਜ਼ਿਆਦਾ ਸੀ ਕਿ ਲੰਗਰ ਹਾਲ ਦੀ ਇਮਾਰਤ ਦੇ ਅੰਦਰ ਕਈ ਜ਼ੋਰਦਾਰ ਧਮਾਕੇ ਵੀ ਸੁਣੇ ਗਏ। ਅੱਗ ਦੀਆਂ ਲਪਟਾਂ ਕਾਰਨ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਇੱਕ ਵੱਡਾ ਹਿੱਸਾ ਕੁਝ ਹੀ ਸਮੇਂ ਵਿੱਚ ਢਹਿ-ਢੇਰੀ ਹੋ ਗਿਆ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਨੇ ਮੌਕੇ 'ਤੇ ਪਹੁੰਚ ਕੇ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਅਤੇ ਸੁਰੱਖਿਆ ਦੇ ਮੱਦੇਨਜ਼ਰ ਕਿਸੇ ਵੀ ਵਿਅਕਤੀ ਨੂੰ ਗੁਰਦੁਆਰਾ ਕੰਪਲੈਕਸ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਹਾਲਾਂਕਿ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਕਾਫ਼ੀ ਮਸ਼ੱਕਤ ਤੋਂ ਬਾਅਦ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਹੈ, ਪਰ ਜਾਂਚ ਅਧਿਕਾਰੀ ਇਮਾਰਤ ਦੇ ਨੁਕਸਾਨ ਦਾ ਜਾਇਜ਼ਾ ਲੈ ਰਹੇ ਹਨ।

## ਅਮਰੀਕਾ 'ਚ ਵਧੀਆਂ ਪੰਜਾਬੀ ਡਰਾਈਵਰਾਂ ਦੀਆਂ ਮੁਸ਼ਕਿਲਾਂ

# ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਜਾਇਜ਼ ਠਹਿਰਾਉਣ ਲਈ ਗ਼ੈਰ-ਕਾਨੂੰਨੀ ਪ੍ਰਵਾਸੀਆਂ ਅਤੇ ਡਰਾਈਵਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਟਰੰਪ ਸਰਕਾਰ

## ਇੱਕ ਸਿੱਖ ਡਰਾਇਵਰ ਲਈ ਕਾਨੂੰਨੀ ਲੜਾਈ ਲੜ ਰਹੀ ਹੈ 'ਯੂਨਾਈਟਿਡ ਸਿੱਖਜ਼' ਦੀ ਟੀਮ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਇੱਕ ਭਿਆਨਕ ਸੜਕ ਹਾਦਸੇ ਤੋਂ ਬਾਅਦ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਰਟੋਲ ਨਾਲ ਸਬੰਧਿਤ 28 ਕੁ ਸਾਲ ਦੇ ਪੰਜਾਬੀ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੇ ਕੇਸ ਵਿੱਚ ਵੱਡੀਆਂ ਪਰਤਾਂ ਖੁੱਲ੍ਹ ਕੇ ਸਾਹਮਣੇ ਆਈਆਂ ਹਨ। ਹਰਜਿੰਦਰ ਸਿੰਘ ਲਈ ਕਾਨੂੰਨੀ ਲੜਾਈ ਲੜ ਰਹੀ ਕੌਮਾਂਤਰੀ ਮਾਨਵਤਾਵਾਦੀ ਸੰਸਥਾ 'ਯੂਨਾਈਟਿਡ ਸਿੱਖਜ਼' ਦੀ ਟੀਮ ਹਰਜਿੰਦਰ ਸਿੰਘ ਨਾਲ ਅਮਰੀਕੀ ਜੇਲ੍ਹ ਵਿੱਚ ਮੁਲਾਕਾਤ ਕਰਨ ਅਤੇ ਉਸ ਦਾ ਸੁਨੇਹਾ ਲੈ ਕੇ ਪੰਜਾਬ ਵਿੱਚ ਉਸ ਦੇ ਪਰਿਵਾਰ ਨਾਲ ਮੁਲਾਕਾਤ ਕਰਨ ਲਈ ਪਹੁੰਚੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਨਾਈਟਿਡ ਸਿੱਖਜ਼ ਦੇ ਸਹਿ-ਸੰਸਥਾਪਕ ਹਰਦਿਆਲ ਸਿੰਘ ਅਤੇ ਕੈਨੇਡਾ ਤੋਂ ਡਾਇਰੈਕਟਰ ਰਣਬੀਰ ਸਿੰਘ ਨੇ ਕੇਸ ਦੀ ਮੌਜੂਦਾ ਸਥਿਤੀ ਅਤੇ ਅਮਰੀਕਾ 'ਚ ਪੰਜਾਬੀ ਡਰਾਈਵਰਾਂ ਦੀਆਂ ਵਧਦੀਆਂ ਮੁਸ਼ਕਿਲਾਂ ਬਾਰੇ ਚਰਚਾ ਕੀਤੀ। ਯੂਨਾਈਟਿਡ ਸਿੱਖਜ਼ ਦੇ ਆਗੂ ਹਰਦਿਆਲ ਸਿੰਘ ਨੇ ਦਸਿਆ ਕਿ ਹਰਜਿੰਦਰ ਸਿੰਘ ਪਿਛਲੇ ਡੇਢ ਕੁ ਸਾਲ ਤੋਂ ਫ਼ਲੋਰੀਡਾ ਦੀ 'ਸੈਂਟ ਲੂਸੀ' ਜੇਲ੍ਹ ਵਿੱਚ ਬੰਦ ਹੈ।

ਉਨ੍ਹਾਂ ਦਸਿਆ ਕਿ ਉਹ ਜੇਲ੍ਹ ਵਿੱਚ ਹਰਜਿੰਦਰ ਸਿੰਘ ਨੂੰ ਤਿੰਨ ਵਾਰ ਮਿਲ ਚੁੱਕੇ ਹਨ। ਹਰਦਿਆਲ ਸਿੰਘ ਨੇ ਦਸਿਆ ਕਿ ਹਰਜਿੰਦਰ ਸਿੰਘ ਬਹੁਤ ਹੀ ਨਿਮਰ ਅਤੇ ਗੁਰੂ ਦਾ ਨਾਮ ਲੇਵਾ ਗੁਰਸਿੱਖ ਨੌਜੁਆਨ ਹੈ। ਜਦੋਂ ਮੇਰੀ ਉਸ ਨਾਲ ਗੱਲਬਾਤ ਹੋਈ ਤਾਂ ਉਸ ਨੇ ਖ਼ੁਦ ਕਿਹਾ, 'ਦੇਖੋ ਜੀ, ਮੇਰੇ ਕੋਲੋਂ ਗ਼ਲਤੀ ਹੋਈ ਹੈ। ਮੇਰੀ ਇਸ ਗ਼ਲਤੀ ਦੀ ਜੋ ਵੀ ਸਜ਼ਾ ਬਣਦੀ ਹੈ, ਉਸ ਨੂੰ ਮਨਜ਼ੂਰ ਕਰਨ ਨੂੰ ਮੈਂ ਤਿਆਰ ਹਾਂ, ਪਰ ਮੇਰੇ ਨਾਲ ਨਾਜਾਇਜ਼ ਨਹੀਂ ਹੋਣੀ ਚਾਹੀਦੀ।' ਹਰਦਿਆਲ ਸਿੰਘ ਨੇ ਦਸਿਆ ਕਿ ਟਰੰਪ ਪ੍ਰਸ਼ਾਸਨ ਦੀਆਂ ਐਂਟੀ-ਇਮੀਗ੍ਰੈਂਟ ਨੀਤੀਆਂ ਕਾਰਨ ਇਸ ਕੇਸ ਨੂੰ ਜਾਣ-ਬੁਝ ਕੇ ਇੱਕ




ਉਦਾਹਰਣ ਵਜੋਂ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਟਰੰਪ ਸਰਕਾਰ ਅਪਣੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਜਾਇਜ਼ ਠਹਿਰਾਉਣ ਲਈ ਗ਼ੈਰ-ਕਾਨੂੰਨੀ ਪ੍ਰਵਾਸੀਆਂ ਅਤੇ ਡਰਾਈਵਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਜਿਥੇ ਇਹ ਹਾਦਸਾ ਵਾਪਰਿਆ, ਉਹ ਸਟੇਟ ਵੱਖਰੀ ਸੀ ਅਤੇ ਹਰਜਿੰਦਰ ਦਾ ਡਰਾਈਵਿੰਗ ਲਾਇਸੰਸ ਦੂਜੀ ਸਟੇਟ ਦਾ ਸੀ।

ਸਿਆਸੀ ਲਾਹਾ ਲੈਣ ਲਈ ਇਸ ਕੇਸ ਵਿੱਚ ਗ਼ਲਤ ਤਰੀਕੇ ਨਾਲ 'ਯੋਜਨਾਬੱਧ ਹਤਿਆ' ਵਰਗੀਆਂ ਗੰਭੀਰ ਧਾਰਾਵਾਂ ਅਤੇ ਸਿਵਲ ਰਾਈਟਸ ਨਾਲ ਜੁੜੇ ਕਈ ਵਾਧੂ ਇਲਜ਼ਾਮ ਲਗਾ ਕੇ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ, ਜੋ ਕਿ ਬਿਲਕੁਲ ਗ਼ਲਤ ਹੈ। ਇਮੀਗ੍ਰੇਸ਼ਨ ਕਾਨੂੰਨ ਜਾਂ ਜੋ ਪਾਲਿਸੀਆਂ ਬਣਦੀਆਂ ਹਨ, ਉਨ੍ਹਾਂ 'ਚ ਕਿਸੇ ਦੇ ਰੰਗ, ਨਸਲ ਜਾਂ ਦਸਤਾਰ ਦੇ ਆਧਾਰ ਉਤੇ ਅਦਾਲਤੀ ਕਾਰਵਾਈ ਵਿੱਚ ਵਿਤਕਰਾ ਨਹੀਂ ਹੋਣਾ ਚਾਹੀਦਾ। ਸਾਨੂੰ ਬਰਾਬਰ ਨਿਆਂ ਮਿਲਣਾ ਚਾਹੀਦਾ ਹੈ। ਇਸ ਤੋਂ ਇਲਾਵਾ ਨਾਗਰਿਕ ਅਧਿਕਾਰ ਅਤੇ ਬੀਮਾ ਦਾਅਵੇ ਨਾਲ ਜੁੜੇ ਕਈ ਹੋਰ ਦੋਸ਼ ਵੀ ਜੋੜੇ ਗਏ ਹਨ। ਹਰਦਿਆਲ ਸਿੰਘ ਨੇ ਕਿਹਾ ਕਿ ਇੱਕ ਸਰਕਾਰ ਨੇ ਦੂਜੀ ਸਰਕਾਰ ਨੂੰ ਇਲਜ਼ਾਮ ਲਗਾਇਆ ਤਾਂ ਕਿ ਉਨ੍ਹਾਂ ਨੂੰ ਸਿਆਸੀ ਲਾਹਾ ਮਿਲ ਸਕੇ। ਉਨ੍ਹਾਂ ਨੇ ਪ੍ਰਵਾਸੀਆਂ ਦਾ ਨਾਂਅ ਵਰਤ ਕੇ, ਜੋ ਰਿਫਿਊਜੀ ਲੋਕ ਉਥੇ ਕੇਸ ਫ਼ਾਈਲ ਕਰਦੇ ਹਨ, ਉਨ੍ਹਾਂ ਨੂੰ ਉਦਾਹਰਣ ਬਣਾ ਕੇ ਇਕ ਮੁੱਦਾ ਖੜਾ ਕੀਤਾ ਗਿਆ।

ਯੂਨਾਈਟਿਡ ਸਿੱਖਜ਼ ਦੇ ਡਾਇਰੈਕਟਰ ਰਣਬੀਰ ਸਿੰਘ ਨੇ ਹਰਜਿੰਦਰ ਸਿੰਘ ਦੇ ਪਰਿਵਾਰ ਨਾਲ ਹੋਈ ਮੁਲਾਕਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਰਿਵਾਰ ਨੇ ਦਸਿਆ ਕਿ ਉਹ ਬਹੁਤ ਠੰਡੇ ਸੁਭਾਅ ਦਾ ਅਤੇ ਸੇਵਾਭਾਵੀ ਨੌਜਵਾਨ ਹੈ। ਉਨ੍ਹਾਂ ਅੱਗੇ ਦਸਿਆ ਕਿ ਅਸੀਂ ਪਰਿਵਾਰ ਨੂੰ ਵੀ ਇਹੀ ਕਿਹਾ ਹੈ ਕਿ ਜੋ ਚਾਹੇ ਗੋਰਾ ਹੋਵੇ, ਕਾਲਾ ਹੋਵੇ, ਸਿਟੀਜ਼ਨ ਹੋਵੇ ਜਾਂ ਗ੍ਰੀਨ ਕਾਰਡ ਹੋਲਡਰ ਹੋਵੇ, ਜੇਕਰ ਉਸ ਤੋਂ ਹਾਦਸਾ ਹੋਇਆ ਹੁੰਦਾ ਤਾਂ ਅਦਾਲਤ ਉਸੇ ਆਧਾਰ 'ਤੇ ਫ਼ੈਸਲਾ ਕਰੇ ਜੋ ਇਸ ਦਾ ਗੁਨਾਹ ਹੈ, ਉਸ ਦੀ ਸਜ਼ਾ ਮਿਲੇ, ਨਾ ਕਿ ਇਸ ਨਾਲ ਰੰਗ ਜਾਂ ਦਸਤਾਰ ਦੇ ਆਧਾਰ 'ਤੇ ਪੱਖਪਾਤ ਹੋਵੇ। ਯੂਨਾਈਟਿਡ ਸਿੱਖਜ਼ ਵੱਲੋਂ ਜੇਲ੍ਹ ਵਿੱਚ ਹਰਜਿੰਦਰ ਸਿੰਘ ਦੇ ਪਰਿਵਾਰ ਨਾਲ ਫ਼ੋਨ 'ਤੇ ਗੱਲਬਾਤ ਕਰਨ ਅਤੇ ਹੋਰ ਲੋੜੀਂਦੇ ਖ਼ਰਚਿਆਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਪਰਿਵਾਰ ਬਹੁਤ ਚਿੰਤਤ ਹੈ, ਪਰ ਸੰਸਥਾ ਵੱਲੋਂ ਹਰਜਿੰਦਰ ਨੂੰ ਅਦਾਲਤ ਵਿੱਚ ਨਿਰਪੱਖ ਸੁਣਵਾਈ ਦਿਵਾਉਣ ਲਈ ਕਾਨੂੰਨੀ ਟੀਮਾਂ ਰਾਹੀਂ ਪੂਰਾ ਚਾਰਜ ਸੰਭਾਲਿਆ ਗਿਆ ਹੈ। (ਬਾਕੀ ਸਫ਼ਾ 26 'ਤੇ)

# ਟਰੰਪ ਦੀ 'ਟਰੁਥ ਸੋਸ਼ਲ' ਪੋਸਟ ਨਾਲ ਮੱਧ-ਪੂਰਬ ਵਿੱਚ ਵਧਿਆ ਤਣਾਅ

**➢ ਏ. ਆਈ. ਤਸਵੀਰਾਂ ਰਾਹੀਂ ਇਰਾਨੀ ਤੇਲ ਟੈਂਕਰਾਂ 'ਤੇ ਕਬਜ਼ੇ ਦਾ ਦਾਅਵਾ ➢ ਹੋਰਮੁਜ਼ ਦੀ ਸਟ੍ਰੇਟ 'ਚ ਜੜ੍ਹਤਾ ਬਰਕਰਾਰ: ਹਵਾਈ ਹਮਲੇ ਰੁਕਣ ਦੇ ਬਾਵਜੂਦ ਸਮੁੰਦਰੀ ਰਸਤਾ ਵਪਾਰ ਲਈ ਅਜੇ ਵੀ ਬੰਦ**

ਦੋ ਹਫ਼ਤਿਆਂ ਦੀ ਭਾਰੀ ਅਤੇ ਨਿਰੰਤਰ ਹਵਾਈ ਬੰਬਾਰੀ ਤੋਂ ਬਾਅਦ ਜਦੋਂ ਅਮਰੀਕਾ ਅਤੇ ਇਰਾਨ ਵਿਚਾਲੇ ਫ਼ੌਜੀ ਹਮਲੇ ਅਸਥਾਈ ਤੌਰ 'ਤੇ ਰੁਕੇ ਸਨ, ਤਾਂ ਦੁਨੀਆ ਨੇ ਇੱਕ ਪਲ ਲਈ ਸੁੱਖ ਦਾ ਸਾਹ ਲਿਆ ਸੀ ਕਿ ਸ਼ਾਇਦ ਹੁਣ ਜੰਗੀ ਰਖ ਜਾਵੇਗੀ। ਹਰ ਕੋਈ ਇਹ ਆਸ ਲਗਾਈ ਬੈਠਾ ਸੀ ਕਿ ਵਿਸ਼ਵ ਦੀਆਂ ਪ੍ਰਮੁੱਖ ਸ਼ਕਤੀਆਂ ਖੇਤਰ ਨੂੰ ਇੱਕ ਵਿਨਾਸ਼ਕਾਰੀ ਅਤੇ ਬਹੁ-ਪੱਖੀ ਸੰਘਰਸ਼ ਵੱਲ ਵਧਣ ਤੋਂ ਰੋਕ ਲੈਣਗੀਆਂ। ਪਰ ਇਹ ਰਾਹਤ ਮਹਿਜ਼ ਦੋ-ਤਿੰਨ ਦਿਨਾਂ ਦੀ ਇੱਕ ਅਸਥਾਈ ਠੱਲ੍ਹ ਹੀ ਸਾਬਤ ਹੋਈ। ਯਾਦ ਰਹੇ ਕਿ ਅਪ੍ਰੈਲ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਹੋਏ ਸਮਝੌਤਿਆਂ ਅਤੇ 17 ਜੂਨ ਦੇ ਮੰਗ-ਪੱਤਰ ਦੇ ਪੂਰੀ ਤਰ੍ਹਾਂ ਰੱਦ ਹੋ ਜਾਣ ਤੋਂ ਬਾਅਦ, ਕਿਸੇ ਵੀ ਸਥਾਈ ਕੂਟਨੀਤਕ ਹੱਲ ਦੀ ਉਮੀਦ ਲਗਭਗ ਖ਼ਤਮ ਹੋ ਚੁੱਕੀ ਹੈ। ਜੰਗ ਉੱਪਰ ਇਸ ਅਸਥਾਈ ਰੋਕ ਨਾਲ ਭਾਵੇਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਲਗਭਗ 5.7 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ, ਪਰ ਇਸ ਨਾਲ ਮੱਧ-ਪੂਰਬ ਦਾ ਮੂਲ ਸੰਕਟ ਹੱਲ ਨਹੀਂ ਹੋਇਆ। ਇਸ ਦੇ ਉਲਟ, ਲਾਲ ਸਾਗਰ ਵਿੱਚ ਹੂਥੀ ਬਾਗੀਆਂ ਦੀਆਂ ਹਿੰਸਕ ਗਤੀਵਿਧੀਆਂ ਅਤੇ ਸਾਊਦੀ ਅਰਬ ਦੇ ਰਸਤਿਆਂ 'ਤੇ ਲਗਾਈਆਂ ਗਈਆਂ ਰੋਕਾਂ ਨੇ ਗਲੋਬਲ ਵਪਾਰਕ ਪ੍ਰਣਾਲੀ ਅਤੇ ਆਰਥਿਕਤਾ 'ਤੇ ਇੱਕ ਨਵਾਂ ਅਤੇ ਅਤਿ-ਗੰਭੀਰ ਦਬਾਅ ਬਣਾ ਦਿੱਤਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਆਪਣੇ ਸੋਸ਼ਲ ਮੀਡੀਆ ਪਲੇਟਫ਼ਾਰਮ 'ਟਰੁਥ ਸੋਸ਼ਲ' 'ਤੇ ਸਾਂਝੀਆਂ ਕੀਤੀਆਂ ਗਈਆਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੁਆਰਾ ਤਿਆਰ ਕੀਤੀਆਂ ਗਈਆਂ ਤਸਵੀਰਾਂ ਨੇ ਇਸ ਬਲਦੀ ਅੱਗ ਵਿੱਚ ਹੋਰ ਘਿਓ ਪਾਉਣ ਦਾ ਕੰਮ ਕੀਤਾ ਹੈ। ਇਨ੍ਹਾਂ ਤਸਵੀਰਾਂ ਵਿੱਚ ਟਰੰਪ ਨੂੰ ਇਰਾਨੀ ਤੇਲ ਟੈਂਕਰਾਂ 'ਤੇ ਕਬਜ਼ਾ ਕਰਦੇ ਅਤੇ ਖਾਰਗ ਟਾਪੂ ਵਰਗੇ ਅਹਿਮ ਅਤੇ ਸੰਵੇਦਨਸ਼ੀਲ ਇਰਾਨੀ ਆਰਥਿਕ ਟਿਕਾਣਿਆਂ 'ਤੇ ਬੰਬਾਰੀ ਦਾ ਨਿਰਦੇਸ਼ਨ ਕਰਦੇ ਦਿਖਾਇਆ ਗਿਆ ਹੈ। ਆਪਣੇ ਆਪ ਨੂੰ 'ਦੁਨੀਆ ਦਾ ਰੱਖਿਅਕ' ਵਜੋਂ ਪੇਸ਼ ਕਰਨ ਵਾਲੀ ਇਹ ਸ਼ੋਅਬਾਜ਼ੀ ਮਹਿਜ਼ ਸੋਸ਼ਲ ਮੀਡੀਆ ਦੀ ਬਿਆਨਬਾਜ਼ੀ ਤੱਕ ਸੀਮਤ ਨਹੀਂ ਹੈ, ਬਲਕਿ ਇਹ ਅਮਰੀਕਾ ਵੱਲੋਂ ਚਲਾਈ ਜਾ ਰਹੀ ਇੱਕ ਬੇਹੱਦ ਖ਼ਤਰਨਾਕ ਮਨੋਵਿਗਿਆਨਕ ਜੰਗ ਦਾ ਹਿੱਸਾ ਹੈ। ਇਸ ਦੇ ਨਾਲ ਹੀ, ਅਮਰੀਕੀ ਰੱਖਿਆ ਭੰਡਾਰ ਵਿੱਚ ਇੰਟਰਸੈਪਟਰਾਂ, ਮਿਜ਼ਾਈਲਾਂ ਅਤੇ ਬਾਰੂਦ ਦੀ ਘਾਟ ਹੋਣ ਬਾਰੇ ਉੱਠ ਰਹੀਆਂ ਰਿਪੋਰਟਾਂ ਨੂੰ ਖਾਰਜ ਕਰਦਿਆਂ ਟਰੰਪ ਦਾ ਇਹ ਦਾਅਵਾ ਸੀ ਕਿ ਅਮਰੀਕਾ ਕੋਲ ਹਥਿਆਰਾਂ ਦੀ ਕੋਈ ਕਮੀ ਨਹੀਂ ਹੈ ਅਤੇ ਅਸਲ ਘਾਟ ਤਾਂ ਇਰਾਨੀ ਲਾਂਚ ਸਾਈਟਾਂ ਝੱਲ ਰਹੀਆਂ ਹਨ। ਟਰੰਪ ਦਾ ਇਹ ਬਿਆਨ ਜੰਗ ਦੀ ਸਥਿਤੀ ਨੂੰ ਹੋਰ ਭੜਕਾਉਂਦਾ ਹੈ।

ਹਾਲਾਂਕਿ, ਸੁਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੇ ਦਾਅਵੇ ਸੱਚਾਈ ਨੂੰ ਛੁਪਾਉਂਦੇ ਹਨ; ਇਰਾਨ ਕੋਲ ਮਿਜ਼ਾਈਲਾਂ ਅਤੇ ਆਤਮਘਾਤੀ ਡਰੋਨਾਂ ਦਾ ਇੱਕ ਬਹੁਤ ਹੀ ਵਿਸ਼ਾਲ ਭੰਡਾਰ ਹੈ, ਜੋ ਲੰਬੇ ਸਮੇਂ ਤੱਕ ਚੱਲਣ ਵਾਲੀ ਜੰਗ ਵਿੱਚ ਅਮਰੀਕਾ ਅਤੇ ਉਸ ਦੇ ਅੰਤਰਰਾਸ਼ਟਰੀ ਸਹਿਯੋਗੀਆਂ ਲਈ ਬੇਹੱਦ ਘਾਤਕ ਅਤੇ ਮਹਿੰਗਾ ਸਾਬਤ ਹੋ ਸਕਦਾ ਹੈ।

ਹੋਰਮੁਜ਼ ਦੀ ਸਟ੍ਰੇਟ , ਜੋ ਕਿ ਪੂਰੀ ਦੁਨੀਆ ਦੇ ਤੇਲ ਵਪਾਰ ਲਈ ਸਭ ਤੋਂ ਮਹੱਤਵਪੂਰਨ ਸਮੁੰਦਰੀ ਰਸਤਾ ਹੈ।ਇਸ ਵੇਲੇ ਪੂਰੀ ਤਰ੍ਹਾਂ ਬੰਦ ਹੈ। 13 ਤੋਂ 14 ਦਿਨਾਂ ਦੀ ਭਾਰੀ ਬੰਬਾਰੀ ਤੋਂ ਬਾਅਦ, (ਬਾਕੀ ਸਫ਼ਾ 26 'ਤੇ)

### ਜੈਨ-ਜ਼ੀ ਦੇ ਅੰਦੋਲਨ ਅੱਗੇ ਝੁਕੀ ਮੋਦੀ ਸਰਕਾਰ

# ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਦੇਣਾ ਪਿਆ ਅਸਤੀਫ਼ਾ

**☛ ਅੰਦੋਲਨ ਦੀ ਯੂ.ਐਨ.ਓ. ਤੱਕ ਪਈ ਗੂੰਜ ☛ ਸੀ.ਜੇ.ਪੀ. ਅੰਦੋਲਨ ਨੇ ਹਿਲਾਈਆਂ ਕੇਂਦਰ ਸਰਕਾਰ ਦੀਆਂ ਚੂਲਾਂ**




ਭਾਰਤੀ ਲੋਕਤੰਤਰ ਅਤੇ ਵਿਦਿਆਰਥੀ ਰਾਜਨੀਤੀ ਦੇ ਇਤਿਹਾਸ ਵਿੱਚ 20 ਜੂਨ ਤੋਂ 25 ਜੁਲਾਈ 2026 ਤੱਕ ਦਾ ਸਮਾਂ ਇੱਕ ਨਵੇਂ, ਅਭੁੱਲ ਅਤੇ ਇਤਿਹਾਸਕ ਅਧਿਆਏ ਵਜੋਂ ਦਰਜ ਹੋ ਚੁੱਕਾ ਹੈ। ਨੀਟ ਪੇਪਰ ਲੀਕ ਦੀਆਂ ਲਗਾਤਾਰ ਵਾਪਰੀਆਂ ਘਟਨਾਵਾਂ, ਸਰਕਾਰੀ ਪ੍ਰੀਖਿਆ ਪ੍ਰਣਾਲੀ ਦੇ ਨਿਕੰਮੇਪਣ ਅਤੇ ਸਿੱਖਿਆ ਦੇ ਵਪਾਰੀਕਰਨ ਵਿਰੁੱਧ ਦਿੱਲੀ ਦੇ ਜੰਤਰ-ਮੰਤਰ ਤੋਂ ਸ਼ੁਰੂ ਹੋਏ 'ਕਾਕਰੋਚ ਜਨਤਾ ਪਾਰਟੀ' ਦੇ ਅੰਦੋਲਨ ਨੇ ਆਖਰਕਾਰ ਕੇਂਦਰ ਦੀ ਸ਼ਕਤੀਸ਼ਾਲੀ ਸਰਕਾਰ ਨੂੰ ਆਪਣੇ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ। ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ, ਅੰਦੋਲਨਕਾਰੀ ਵਿਦਿਆਰਥੀਆਂ 'ਤੇ ਦਰਜ ਸਾਰੀਆਂ ਐਫ.ਆਈ.ਆਰ. ਅਤੇ ਪੁਲਿਸ ਕੇਸ ਵਾਪਸ ਲੈਣ ਦਾ ਭਰੋਸਾ, ਅਤੇ ਪੇਪਰ ਲੀਕ ਕਾਰਨ ਮਾਨਸਿਕ ਤਣਾਅ ਵਿੱਚ ਆ ਕੇ ਖ਼ੁਦਕੁਸ਼ੀ ਕਰਨ ਵਾਲੇ ਪੀੜਤ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਸਹਿਮਤੀ—ਇਹ ਸਭ ਦੇਸ਼ ਦੀ 'ਜੈਨ-ਜ਼ੀ' ਪੀੜ੍ਹੀ ਦੀ ਇੱਕ ਅਪ੍ਰਤੱਖ ਅਤੇ ਬੇਮਿਸਾਲ ਜਿੱਤ ਸੀ। ਇਸ ਅੰਦੋਲਨ ਨੇ ਦਰਸਾ ਦਿੱਤਾ ਕਿ ਜਦੋਂ ਨੌਜਵਾਨਾਂ ਦਾ ਭਵਿੱਖ ਦਾਅ 'ਤੇ ਲੱਗਦਾ ਹੈ, ਤਾਂ ਸੱਤਾ ਦੇ ਵੱਡੇ ਤੋਂ ਵੱਡੇ ਬੈਰੀਕੇਡ ਵੀ ਉਨ੍ਹਾਂ ਦੇ ਸਾਹਮਣੇ ਢਹਿ-ਢੇਰੀ ਹੋ ਜਾਂਦੇ ਹਨ।

**ਯੂ.ਐੱਨ.ਓ. ਵਿੱਚ ਗੂੰਜ, ਅੰਤਰਰਾਸ਼ਟਰੀ ਦਬਾਅ ਤੇ ਮਨੁੱਖੀ ਅਧਿਕਾਰ**

ਇਸ ਵਿਦਿਆਰਥੀ ਅੰਦੋਲਨ ਦੀ ਗੂੰਜ ਸੰਯੁਕਤ ਰਾਸ਼ਟਰ ਦੇ ਗਲਿਆਰਿਆਂ ਤੱਕ ਪਹੁੰਚ ਗਈ। ਜਦੋਂ ਦਿੱਲੀ ਦੀਆਂ ਸੜਕਾਂ 'ਤੇ ਸ਼ਾਂਤੀਪੂਰਨ ਮਾਰਚ ਕਰ ਰਹੇ ਨਿਹੱਥੇ ਵਿਦਿਆਰਥੀਆਂ 'ਤੇ ਪੁਲਿਸ ਵੱਲੋਂ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ, ਅੱਥਰੂ ਗੈਸ ਦੇ ਗੋਲੇ ਛੱਡੇ ਗਏ ਅਤੇ ਪੈਲੇਟ ਗੰਨਾਂ ਵਰਗੇ ਖ਼ਤਰਨਾਕ ਹਥਿਆਰਾਂ ਦੀ ਵਰਤੋਂ ਕੀਤੀ ਗਈ, ਤਾਂ ਅੰਤਰਰਾਸ਼ਟਰੀ ਭਾਈਚਾਰਾ ਚਿੰਤਤ ਹੋ ਉੱਠਿਆ। ਯੂ.ਐੱਨ. ਦੇ ਪ੍ਰਵੱਕਤਾ ਸਟੀਫਨ ਦੁਜਾਰਿਕ ਨੇ ਨਿਊਯਾਰਕ ਤੋਂ ਸਪੱਸ਼ਟ ਸ਼ਬਦਾਂ ਵਿੱਚ ਬਿਆਨ ਜਾਰੀ ਕਰਦਿਆਂ ਕਿਹਾ ਕਿ 'ਸ਼ਾਂਤੀਪੂਰਨ ਤਰੀਕੇ ਨਾਲ ਪ੍ਰਦਰਸ਼ਨ ਕਰਨਾ ਨਾਗਰਿਕਾਂ ਦਾ ਬੁਨਿਆਦੀ ਲੋਕਤੰਤਰਿਕ ਅਧਿਕਾਰ ਹੈ ਅਤੇ ਸੁਰੱਖਿਆ ਏਜੰਸੀਆਂ ਦੀ ਇਹ ਪਹਿਲੀ ਜ਼ਿੰਮੇਵਾਰੀ ਹੈ ਕਿ ਉਹ ਬਿਨਾਂ ਕਿਸੇ ਗ੍ਰਿਫ਼ਤਾਰੀ ਦੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰੇ।' ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਲੈ ਕੇ ਉੱਠੀਆਂ ਇਹਨਾਂ ਆਵਾਜ਼ਾਂ ਨੇ ਮੋਦੀ ਸਰਕਾਰ 'ਤੇ ਭਾਰੀ ਕੂਟਨੀਤਕ, ਰਾਜਨੀਤਿਕ ਅਤੇ ਨੈਤਿਕ ਦਬਾਅ ਬਣਾਇਆ, ਜਿਸ ਨਾਲ ਸਰਕਾਰ ਦਾ ਇਹ ਦਾਅਵਾ ਖਾਰਜ ਹੋ ਗਿਆ ਕਿ ਇਹ ਸਿਰਫ਼ ਦਿੱਲੀ ਦੀ ਇੱਕ ਸਥਾਨਕ ਕਾਨੂੰਨ-ਵਿਵਸਥਾ ਦਾ ਮੁੱਦਾ ਸੀ।

**ਸਰਕਾਰ ਦਾ ਅਹਿੰਕਾਰ ਢਹਿ ਢੇਰੀ, ਸੋਨਮ ਵਾਂਗਚੁਕ ਅਤੇ ਸੰਸਦ ਮਾਰਚ**

ਸਰਕਾਰ ਦੇ ਸ਼ੁਰੂਆਤੀ ਰਵੱਈਏ ਤੋਂ ਸਪੱਸ਼ਟ ਸੀ ਕਿ ਉਹ ਇਸ ਅੰਦੋਲਨ ਨੂੰ ਵੀ ਪਹਿਲਾਂ ਵਾਲੇ ਪ੍ਰਦਰਸ਼ਨਾਂ ਵਾਂਗ ਨਜ਼ਰਅੰਦਾਜ਼ ਕਰਕੇ, ਥਕਾ ਕੇ ਜਾਂ ਪੁਲਿਸ ਜਬਰ ਨਾਲ ਕੁਚਲ ਦੇਵੇਗੀ ਪਰ ਸਰਕਾਰ ਇਹ ਭੁੱਲ ਗਈ ਕਿ ਇਸ ਵਾਰ ਉਸ ਦਾ ਸਾਹਮਣਾ ਉਸ ਪੀੜ੍ਹੀ ਨਾਲ ਸੀ ਜੋ ਇੰਟਰਨੈੱਟ, ਸੋਸ਼ਲ ਮੀਡੀਆ ਅਤੇ ਡਿਜੀਟਲ ਦੁਨੀਆ ਵਿੱਚ ਵੱਡੀ ਹੋਈ ਹੈ। ਲੱਦਾਖ ਦੇ ਮਸ਼ਹੂਰ ਵਾਤਾਵਰਣ ਪ੍ਰੇਮੀ ਅਤੇ ਸਿੱਖਿਆ ਸ਼ਾਸਤਰੀ ਸੋਨਮ ਵਾਂਗਚੁਕ ਦੀ 26 ਦਿਨਾਂ ਦੀ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਨੇ ਅੰਦੋਲਨ ਨੂੰ ਇੱਕ ਡੂੰਘੀ ਨੈਤਿਕ ਊਰਜਾ ਦਿੱਤੀ। ਜਦੋਂ ਵਾਂਗਚੁਕ ਦੀ ਤਬੀਅਤ ਵਿਗੜਨ 'ਤੇ ਪੁਲਿਸ ਨੇ ਉਨ੍ਹਾਂ ਨੂੰ ਜਬਰਦਸਤੀ ਚੁੱਕ ਕੇ ਹਸਪਤਾਲ ਦਾਖਲ ਕਰਵਾਇਆ, ਤਾਂ ਵਿਦਿਆਰਥੀਆਂ ਦਾ ਗੁੱਸਾ ਹੋਰ ਭੜਕ ਗਿਆ। ਪਿਛਲੇ ਦਿਨੀਂ ਜਦੋਂ ਸੀਜੇਪੀ ਨੇ 'ਸੰਸਦ ਮਾਰਚ' ਦਾ ਸੱਦਾ ਦਿੱਤਾ ਸੀ। ਮੈਟਰੋ ਸਟੇਸ਼ਨ ਬੰਦ ਕਰਨ ਅਤੇ ਰਸਤੇ ਰੋਕਣ ਦੇ ਬਾਵਜੂਦ 1 ਲੱਖ ਤੋਂ ਵੱਧ ਵਿਦਿਆਰਥੀ ਦਿੱਲੀ ਦੀਆਂ ਸੜਕਾਂ 'ਤੇ ਉੱਤਰ ਆਏ। ਸੁਰੱਖਿਆ ਦਲਾਂ ਨੂੰ ਸੰਸਦ ਦੇ ਗੇਟ ਤੁਰੰਤ ਬੰਦ ਕਰਨੇ ਪਏ, ਜਿਸ ਨਾਲ ਸਰਕਾਰ ਦੇ ਹੱਥ-ਪੈਰ ਫੁੱਲ ਗਏ।

**ਮੀਮਜ਼, ਵਿਅੰਗ ਅਤੇ ਡਿਜੀਟਲ ਰਾਜਨੀਤੀ ਦਾ ਨਵਾਂ ਮਾਡਲ**

ਇਸ ਅੰਦੋਲਨ ਦੀ ਸਭ ਤੋਂ ਵੱਡੀ ਵਿਲੱਖਣਤਾ ਇਸ ਦੀ ਰਾਜਨੀਤਿਕ ਭਾਸ਼ਾ ਸੀ, ਜੋ ਕਿਸੇ ਪੁਰਾਣੇ ਘੋਸ਼ਣਾ-ਪੱਤਰਾਂ ਜਾਂ ਲੰਬੇ ਭਾਸ਼ਣਾਂ 'ਤੇ ਅਧਾਰਿਤ ਨਹੀਂ ਸੀ। ਪਿਛਲੇ ਇੱਕ ਦਹਾਕੇ ਤੋਂ ਭਾਜਪਾ ਨੇ ਜਿਸ ਡਿਜੀਟਲ ਅਤੇ ਸੋਸ਼ਲ ਮੀਡੀਆ ਦੇ ਮੈਦਾਨ 'ਤੇ ਏਕਤਰਫ਼ਾ ਰਾਜ ਕੀਤਾ ਸੀ, ਜੈਨ-ਜ਼ੀ ਨੇ ਸਰਕਾਰ ਨੂੰ ਉਸੇ ਦੇ ਮੈਦਾਨ ਵਿੱਚ ਮਾਤ ਦਿੱਤੀ। 'ਕਾਕਰੋਚ' ਵਰਗੇ ਨਫ਼ਰਤੀ ਸ਼ਬਦ ਨੂੰ ਆਪਣੇ ਅੰਦੋਲਨ ਦਾ ਪ੍ਰਤੀਕ ਬਣਾ ਕੇ ਨੌਜਵਾਨਾਂ ਨੇ ਹਾਸੇ, ਵਿਅੰਗ, ਗੀਲਾਂ, ਮੀਮਜ਼ ਅਤੇ ਬਾਲੀਵੁੱਡ ਗਾਣਿਆਂ ਦੇ ਰੀਮਿਕਸਾਂ ਨੂੰ ਸੱਤਾ ਵਿਰੁੱਧ ਸਭ ਤੋਂ ਤਿੱਖਾ ਹਥਿਆਰ ਬਣਾਇਆ। ਪੁਲਿਸ ਦੀਆਂ ਲਾਠੀਆਂ ਅਤੇ ਬੈਰੀਕੇਡਾਂ ਦੇ ਵੀਡੀਓਜ਼ ਹਾਸੋਹੀਣੇ ਤਰੀਕੇ ਨਾਲ ਵਾਇਰਲ ਕਰਕੇ ਸਰਕਾਰ ਦੇ ਡਰ ਨੂੰ ਖ਼ਤਮ ਕਰ ਦਿੱਤਾ ਗਿਆ।

**ਪੁਲਿਸ ਬਰਬਰਤਾ, ਪੈਲੇਟ ਗੰਨਾਂ ਅਤੇ 2018 ਤੋਂ ਬਾਅਦ ਪਹਿਲਾ ਵੱਡਾ ਅਸਤੀਫ਼ਾ**

ਜੰਤਰ-ਮੰਤਰ ਤੋਂ ਸੰਸਦ ਤੱਕ ਹੋਏ ਮਾਰਚ ਦੌਰਾਨ ਪੁਲਿਸ ਵੱਲੋਂ ਵਰਤੀ ਗਈ ਬਰਬਰਤਾ ਨੇ ਦੇਸ਼ ਦੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ। ਵਿਦਿਆਰਥੀਆਂ 'ਤੇ ਕਰੰਟ ਵਾਲੀਆਂ ਰਾਡਾਂ, ਮੇਖਾਂ ਲੱਗੀਆਂ ਲਾਠੀਆਂ ਅਤੇ ਪੈਲੇਟ ਗੰਨਾਂ ਨਾਲ ਹਮਲੇ ਕੀਤੇ ਗਏ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ 'ਸਾਹਿਲ' ਨਾਮਕ ਇੱਕ ਪੀੜਤ ਵਿਦਿਆਰਥੀ ਨੂੰ ਪ੍ਰੈੱਸ ਕਾਨਫ਼ਰੰਸ ਵਿੱਚ ਪੇਸ਼ ਕਰਦਿਆਂ ਦੋਸ਼ ਲਗਾਇਆ ਕਿ ਪੈਲੇਟ ਗੰਨਾਂ ਦੇ ਛੱਰੇ ਲੱਗਣ ਨਾਲ ਉਸ ਦੀ ਅੱਖ ਦੀ ਰੋਸ਼ਨੀ ਚਲੀ ਗਈ ਹੈ। ਇਸ ਪੁਲਿਸ ਕਾਰਵਾਈ ਨੇ ਜੰਮੂ-ਕਸ਼ਮੀਰ ਅਤੇ ਮਨੀਪੁਰ ਦੇ ਜਬਰ ਦੀ ਯਾਦ ਦਿੱਲੀ ਵਿੱਚ ਤਾਜ਼ਾ ਕਰ ਦਿੱਤੀ। ਸਰਕਾਰ ਦੇ ਇਸ ਖ਼ੂਨੀ ਜਬਰ ਨੇ ਦੇਸ਼ ਵਿਆਪੀ ਗੁੱਸੇ ਨੂੰ ਜਨਮ ਦਿੱਤਾ। ਇਸ ਦਾ ਨਤੀਜਾ ਇਹ ਹੋਇਆ ਕਿ ਪਹਿਲੀ ਵਾਰ ਮੋਦੀ ਸਰਕਾਰ ਦੇ ਕਿਸੇ ਸੀਨੀਅਰ ਕੇਂਦਰੀ ਮੰਤਰੀ (ਧਰਮੇਂਦਰ ਪ੍ਰਧਾਨ) ਨੂੰ ਜਨਤਕ ਦਬਾਅ ਅੱਗੇ ਝੁਕ ਕੇ ਅਸਤੀਫ਼ਾ ਦੇਣਾ ਪਿਆ।

**ਮੋਦੀ ਰਾਜ ਲਈ ਆਉਣ ਵਾਲੀਆਂ ਨਵੀਆਂ ਸਮੱਸਿਆਵਾਂ ਅਤੇ ਅਗਲੇ ਨਿਸ਼ਾਨੇ**

ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਮੋਦੀ ਸਰਕਾਰ ਦੇ ਸੰਕਟ ਦਾ ਅੰਤ ਨਹੀਂ ਬਲਕਿ ਨਵੇਂ ਸੰਕਟਾਂ ਦੀ ਨਵੀਂ ਸ਼ੁਰੂਆਤ ਹੈ। ਇਸ ਅੰਦੋਲਨ ਨਾਲ 'ਇੰਡੀਆ' ਗਠਜੋੜ ਅਤੇ ਜਨ-ਸੰਗਠਨਾਂ ਦੇ ਹੌਸਲੇ ਹੋਰ ਬੁਲੰਦ ਹੋ ਗਏ ਹਨ।

ਦਿੱਲੀ ਪੁਲਿਸ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਆਉਂਦੀ ਹੈ, ਇਸ ਲਈ ਰਾਹੁਲ ਗਾਂਧੀ ਅਤੇ ਵਿਰੋਧੀ ਧਿਰ ਨੇ ਪੁਲਿਸ ਬਰਬਰਤਾ ਅਤੇ ਪੈਲੇਟ ਗੰਨਾਂ ਦੀ ਵਰਤੋਂ ਲਈ ਸਿੱਧੇ ਤੌਰ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਜਵਾਬਦੇਹੀ ਅਤੇ ਅਸਤੀਫ਼ੇ ਦੀ ਮੰਗ ਕੀਤੀ ਹੈ। ਸੰਸਦ ਦੇ ਮਾਨਸੂਨ ਇਜਲਾਸ ਵਿੱਚ ਇਹ ਮੁੱਦਾ ਭਾਰੂ ਰਹਿਣ ਵਾਲਾ ਹੈ।

ਜੈਨ ਜ਼ੀ ਅਤੇ ਗੱਡੀਆਂ ਦੇ ਮਾਲਕਾਂ ਨੇ ਹੁਣ 20% ਏਥੇਨੌਲ-ਮਿਸ਼ਰਤ ਪੈਟਰੋਲ (ਈ20) ਦੀ ਨੀਤੀ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਗੱਡੀਆਂ ਦੇ ਇੰਜਣ ਖਰਾਬ ਹੋਣ ਅਤੇ ਘਟਦੀ ਮਾਈਲੇਜ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਨਿਤਿਨ ਗਡਕਰੀ ਅਤੇ ਹਰਦੀਪ ਸਿੰਘ ਪੁਰੀ ਵਿਰੁੱਧ ਮੁਹਿੰਮ ਚੱਲ ਰਹੀ ਹੈ।

**ਨਫ਼ਰਤੀ ਨੈਰੇਟਿਵ ਦੀ ਹਾਰ ਅਤੇ 'ਹਿੰਦੂ ਰਾਸ਼ਟਰਵਾਦ' ਨੂੰ ਵੱਡੀ ਢਾਹ**

ਇਸ ਅੰਦੋਲਨ ਦੀ ਸਭ ਤੋਂ ਮਹੱਤਵਪੂਰਨ ਸਮਾਜਿਕ ਅਤੇ ਰਾਜਨੀਤਿਕ ਪ੍ਰਾਪਤੀ ਇਹ ਰਹੀ ਹੈ ਕਿ ਇਸ ਨੇ ਸੱਤਾਧਾਰੀ ਧਿਰ ਦੁਆਰਾ ਪਿਛਲੇ ਇੱਕ ਦਹਾਕੇ ਤੋਂ ਚਲਾਏ ਜਾ ਰਹੇ ਮੰਦਿਰ-ਮਸਜਿਦ, ਹਿੰਦੂ-ਮੁਸਲਿਮ ਅਤੇ ਨਫ਼ਰਤੀ ਨੈਰੇਟਿਵ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਜਦੋਂ ਦਿੱਲੀ ਦੇ ਕੌਨੋਟ ਪਲੇਸ ਵਿੱਚ ਪੁਲਿਸ ਦੀਆਂ ਲਾਠੀਆਂ ਤੋਂ ਬਚਣ ਲਈ ਭੱਜ ਰਹੇ ਵਿਦਿਆਰਥੀਆਂ ਲਈ ਨੇੜਲੇ ਮੰਦਿਰਾਂ ਦੇ ਦਰਵਾਜ਼ੇ ਬੰਦ ਹੋ ਗਏ, ਤਾਂ ਉੱਥੋਂ ਦੇ ਬੰਗਲਾ ਸਾਹਿਬ ਗੁਰਦੁਆਰੇ ਨੇ ਵਿਦਿਆਰਥੀਆਂ ਦੀ ਰੱਖਿਆ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਲੰਗਰ-ਪਾਣੀ ਦਾ ਪ੍ਰਬੰਧ ਕੀਤਾ। ਰਵਾਇਤੀ ਹਥਿਆਰਾਂ ਨਾਲ ਲੈਸ ਸਿੱਖਾਂ ਨੇ ਮੁਖ ਦਰਵਾਜ਼ੇ ਉਪਰ ਪੁਲਿਸ ਨੂੰ ਰੋਕ ਦਿੱਤਾ। ਨੌਜਵਾਨਾਂ ਨੇ ਸੜਕਾਂ 'ਤੇ ਨਾਅਰੇ ਲਾਏ—'ਜਬ-ਜਬ ਮੋਦੀ ਡਰਤਾ ਹੈ, ਹਿੰਦੂ-ਮੁਸਲਿਮ ਕਰਤਾ ਹੈ!' ਇਸ ਘਟਨਾਕ੍ਰਮ ਨੇ ਸਾਬਤ ਕਰ ਦਿੱਤਾ ਕਿ ਜਦੋਂ ਰੋਜ਼ਗਾਰ, ਸਿੱਖਿਆ ਅਤੇ ਭਵਿੱਖ ਦਾ ਅਸਲ ਸਵਾਲ ਸਾਹਮਣੇ ਆਉਂਦਾ ਹੈ, ਤਾਂ ਧਰਮ ਦੇ ਨਾਂਅ 'ਤੇ ਵੰਡਣ ਵਾਲੀ ਹਿੰਦੂ ਰਾਸ਼ਟਰਵਾਦ ਦੀ ਰਾਜਨੀਤੀ ਠੁਸ ਹੋ ਜਾਂਦੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਸੀ ਕਿ 'ਕਾਕਰੋਚ ਜਨਤਾ ਪਾਰਟੀ' ਦਾ ਇਹ ਸੰਘਰਸ਼ ਸਿਰਫ਼ ਨੀਟ ਪੇਪਰ ਲੀਕ ਤੱਕ ਸੀਮਤ ਨਹੀਂ ਸੀ। ਇਹ ਭਾਰਤ ਦੇ ਕਮਜ਼ੋਰ ਹੋ ਰਹੇ ਲੋਕਤੰਤਰ ਨੂੰ ਮੁੜ ਸੁਰਜੀਤ ਕਰਨ ਦੀ ਨੌਜਵਾਨੀ ਦੀ ਲਹਿਰ ਸੀ। ਸੱਤਾਧਾਰੀ ਧਿਰ ਨੇ ਨੌਜਵਾਨਾਂ ਨੂੰ 'ਕਾਕਰੋਚ' ਜਾਂ 'ਮੋਬਾਈਲ 'ਤੇ ਡਾਟਾ ਖ਼ਰਚਣ ਵਾਲੀ ਸੁਆਰਥੀ ਪੀੜ੍ਹੀ' ਸਮਝ ਕੇ ਹਲਕੇ ਵਿੱਚ ਲੈਣ ਦੀ ਭੁੱਲ ਕੀਤੀ ਸੀ, ਪਰ ਉਸੇ ਪੀੜ੍ਹੀ ਨੇ ਇਹ ਸਾਬਤ ਕਰ ਦਿੱਤਾ ਕਿ ਜਦੋਂ ਸੰਵਿਧਾਨਕ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਜਅ ਦੀ ਲੜਾਈ ਲੜਨੀ ਹੋਵੇ, ਤਾਂ ਅਹਿੰਸਕ ਏਕਤਾ, ਵਿਅੰਗ ਅਤੇ ਤਰਕ ਸਭ ਤੋਂ ਵੱਡੇ ਹਥਿਆਰ ਬਣ ਜਾਂਦੇ ਹਨ। ਸਰਕਾਰ ਨੇ ਭਾਵੇਂ ਕੇਸ ਵਾਪਸ ਲੈ ਕੇ ਅਤੇ ਅਸਤੀਫ਼ਾ ਮੰਨ ਕੇ ਅੰਦੋਲਨ ਖ਼ਤਮ ਕਰਵਾ ਲਿਆ ਹੈ, ਪਰ ਇਸ ਅੰਦੋਲਨ ਨੇ ਦੇਸ਼ ਦੀ ਰਾਜਨੀਤੀ ਵਿੱਚ ਇਹ ਸਦਾ ਲਈ ਲਿਖ ਦਿੱਤਾ ਹੈ—'ਝੁਕਦੀ ਹੈ ਦੁਨੀਆ, ਝੁਕਾਉਣ ਵਾਲਾ ਚਾਹੀਦਾ ਹੈ!'

---

### ਭਾਰਤੀ ਨਿਆਂ ਪ੍ਰਣਾਲੀ ਦੀ ਹੌਲੀ ਰ਼ਫਤਾਰ

# ਹੇਠਲੀਆਂ ਅਦਾਲਤਾਂ 'ਚ 52 ਲੱਖ ਕੇਸ ਪੈਂਡਿੰਗ, ਯੂ.ਪੀ. ਸਭ ਤੋਂ ਅੱਗੇ

**ਨਿਆਂ ਦੀ ਉਡੀਕ ਵਿੱਚ ਭਟਕ ਰਹੇ ਲੋਕ: 10 ਸਾਲਾਂ ਤੋਂ ਲਟਕੇ 52.56 ਲੱਖ ਮਾਮਲੇ**

ਭਾਰਤ ਦੀ ਨਿਆਂ ਪ੍ਰਣਾਲੀ ਵਿੱਚ ਆਮ ਆਦਮੀ ਦਾ ਭਰੋਸਾ ਇਸ ਗੱਲ 'ਤੇ ਟਿਕਿਆ ਹੁੰਦਾ ਹੈ ਕਿ ਉਸ ਨੂੰ ਸਮੇਂ ਸਿਰ ਅਤੇ ਪਾਰਦਰਸ਼ੀ ਢੰਗ ਨਾਲ ਇਨਸਾਫ਼ ਮਿਲੇਗਾ। ਪ੍ਰੰਤੂ, ਮੌਜੂਦਾ ਅੰਕੜੇ ਇੱਕ ਬਹੁਤ ਹੀ ਕੌੜਾ ਸੱਚ ਬਿਆਨ ਕਰ ਰਹੇ ਹਨ ਕਿ ਦੇਸ਼ ਦੀਆਂ ਅਦਾਲਤਾਂ ਵਿੱਚ ਨਿਆਂ ਦੀ ਪ੍ਰਾਪਤੀ ਲਈ ਪੀੜ੍ਹੀਆਂ ਰੁਲ ਰਹੀਆਂ ਹਨ। ਕਾਨੂੰਨ ਅਤੇ ਨਿਆਂ ਮੰਤਰਾਲੇ ਦੀ 2 ਅਪ੍ਰੈਲ, 2026 ਦੀ ਰਿਪੋਰਟ (ਜੋ ਕਿ 27 ਮਾਰਚ, 2026 ਤੱਕ ਨੈਸ਼ਨਲ ਜੁਡੀਸ਼ੀਅਲ ਡੇਟਾ ਗ੍ਰਿਡ ਦੇ ਅੰਕੜਿਆਂ 'ਤੇ ਆਧਾਰਿਤ ਹੈ) ਅਨੁਸਾਰ, ਦੇਸ਼ ਦੀਆਂ ਜ਼ਿਲ੍ਹਾ ਅਤੇ ਅਧੀਨ ਅਦਾਲਤਾਂ ਵਿੱਚ 52,56,293 (52 ਲੱਖ ਤੋਂ ਵੱਧ) ਅਜਿਹੇ ਮਾਮਲੇ ਹਨ, ਜੋ ਪਿਛਲੇ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਬਕਾਇਆ ਪਏ ਹਨ। ਇਹ ਸਿਰਫ਼ ਕਾਗਜ਼ੀ ਅੰਕੜੇ ਨਹੀਂ ਹਨ, ਸਗੋਂ ਉਨ੍ਹਾਂ ਲੱਖਾਂ ਪਰਿਵਾਰਾਂ ਦੀ ਤ੍ਰਾਸਦੀ ਹੈ ਜੋ ਦਹਾਕਿਆਂ ਤੋਂ ਅਦਾਲਤਾਂ ਦੇ ਗੇੜੇ ਮਾਰ ਰਹੇ ਹਨ।

ਸੂਬੇ ਵਾਰ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਵੱਡੀ ਅਬਾਦੀ ਵਾਲੇ ਰਾਜਾਂ ਦੀ ਨਿਆਂਇਕ ਪ੍ਰਣਾਲੀ 'ਤੇ ਬਹੁਤ ਜ਼ਿਆਦਾ ਬੋਝ ਹੈ। ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ 22,37,931 ਕੇਸ ਲਟਕ ਰਹੇ ਹਨ, ਜੋ ਕਿ ਦੇਸ਼ ਦੇ ਕੁੱਲ ਬਕਾਇਆ ਮਾਮਲਿਆਂ ਦਾ ਲਗਭਗ ਅੱਧਾ ਹਿੱਸਾ ਹੈ। ਇਸ ਤੋਂ ਬਾਅਦ ਬਿਹਾਰ ਵਿੱਚ 8,62,219 ਕੇਸ, ਪੱਛਮੀ ਬੰਗਾਲ ਵਿੱਚ 7,66,149 ਕੇਸ, ਮਹਾਰਾਸ਼ਟਰ ਵਿੱਚ 5,29,517 ਕੇਸ ਅਤੇ ਓਡੀਸ਼ਾ ਵਿੱਚ 2,95,382 ਮਾਮਲੇ 10 ਸਾਲਾਂ ਤੋਂ ਵੱਧ ਸਮੇਂ ਤੋਂ ਪੈਂਡਿੰਗ ਹਨ। ਇਸ ਦੇ ਉਲਟ, ਸਿੱਕਮ ਵਿੱਚ ਸਿਰਫ਼ 3, ਲੱਦਾਖ ਵਿੱਚ 10, ਲਕਸ਼ਦੀਪ ਵਿੱਚ 26 ਅਤੇ ਮਿਜ਼ੋਰਮ ਵਿੱਚ 30 ਕੇਸ ਹੀ 10 ਸਾਲਾਂ ਤੋਂ ਵੱਧ ਪੁਰਾਣੇ ਹਨ।

ਜੇਕਰ ਪੰਜਾਬ ਅਤੇ ਇਸ ਦੇ ਨਾਲ ਲੱਗਦੇ ਸੂਬਿਆਂ ਦੀ ਗੱਲ ਕੀਤੀ ਜਾਵੇ ਤਾਂ ਸਥਿਤੀ ਹੋਰਨਾਂ ਵੱਡੇ ਰਾਜਾਂ ਦੇ ਮੁਕਾਬਲੇ ਕਾਫ਼ੀ ਬਿਹਤਰ ਹੈ, ਪਰ ਚਿੰਤਾਜਨਕ ਜ਼ਰੂਰ ਹੈ। ਪੰਜਾਬ ਦੀਆਂ ਅਦਾਲਤਾਂ ਵਿੱਚ 10 ਸਾਲਾਂ ਤੋਂ ਵੱਧ ਪੁਰਾਣੇ 3,677 ਮਾਮਲੇ ਲਟਕ ਰਹੇ ਹਨ। ਇਸ ਦੇ ਗੁਆਂਢੀ ਸੂਬੇ ਹਰਿਆਣਾ ਵਿੱਚ 4,704 ਅਤੇ ਹਿਮਾਚਲ ਪ੍ਰਦੇਸ਼ ਵਿੱਚ 10,024 ਕੇਸ ਬਕਾਇਆ ਪਏ ਹਨ। ਇਹ ਅੰਕੜੇ ਦਰਸਾਉਂਦੇਹਨ ਕਿ ਅਬਾਦੀ ਅਤੇ ਨਿਆਂਇਕ ਢਾਂਚੇ ਦੇ ਹਿਸਾਬ ਨਾਲ ਵੱਖ-ਵੱਖ ਰਾਜਾਂ ਵਿੱਚ ਕੇਸਾਂ ਦੇ ਨਿਪਟਾਰੇ ਦੀ ਦਰ ਵੱਖੋ-ਵੱਖਰੀ ਹੈ।

ਭਾਰਤ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਕੇਸਾਂ ਦਾ ਨਿਪਟਾਰਾ ਕਰਨਾ ਨਿਆਂਪਾਲਿਕਾ ਦੇ ਵਿਸ਼ੇਸ਼ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਜਿਸ ਕਰਕੇ ਸਰਕਾਰ ਵੱਲੋਂ 10 ਸਾਲਾਂ ਤੋਂ ਵੱਧ ਪੁਰਾਣੇ ਕੇਸਾਂ ਲਈ ਕੋਈ ਖ਼ਾਸ ਵੱਖਰੇ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਕੀਤੇ ਗਏ। ਹਾਲਾਂਕਿ, ਸਰਕਾਰ ਦਾ ਦਾਅਵਾ ਹੈ ਕਿ ਉਹ ਸੰਵਿਧਾਨ ਦੀ ਧਾਰਾ 21 (ਜੋ ਨਾਗਰਿਕਾਂ ਨੂੰ ਜੀਵਨ ਅਤੇ ਨਿੱਜੀ ਆਜ਼ਾਦੀ ਦੇ ਨਾਲ-ਨਾਲ ਤੇਜ਼ ਨਿਆਂ ਦਾ ਅਧਿਕਾਰ ਦਿੰਦੀ ਹੈ) ਤਹਿਤ ਬੈਕਲਾਗ ਘਟਾਉਣ ਲਈ ਵਚਨਬੱਧ ਹੈ।ਕੇਸਾਂ ਦੀ ਗਤੀ ਵਧਾਉਣ ਲਈ ਸਰਕਾਰ ਅਤੇ ਸੁਪਰੀਮ ਕੋਰਟ ਵੱਲੋਂ ਤਕਨਾਲੋਜੀ ਦਾ ਸਹਾਰਾ ਲਿਆ ਜਾ ਰਿਹਾ ਹੈ। ਈ-ਕੋਰਟਸ ਮਿਸ਼ਨ ਮੋਡ ਪ੍ਰਾਜੈਕਟ ਤਹਿਤ ਅਦਾਲਤਾਂ ਨੂੰ ਸੂਚਨਾ ਅਤੇ ਸੰਚਾਰ ਤਕਨਾਲੋਜੀ ਨਾਲ ਲੈੱਸ ਕੀਤਾ ਜਾ ਰਿਹਾ ਹੈ। ਸੁਪਰੀਮ ਕੋਰਟ ਨੇ ਆਈ.ਆਈ.ਟੀ. ਮਦਰਾਸ ਦੇ ਸਹਿਯੋਗ ਨਾਲ ਏ.ਆਈ. (19) ਅਤੇ ਮਸ਼ੀਨ ਲਰਨਿੰਗ ਟੂਲਜ਼ ਦੀ ਟੈਸਟਿੰਗ ਸ਼ੁਰੂ ਕੀਤੀ ਹੈ, ਜੋ ਦਸਤਾਵੇਜ਼ਾਂ ਦੀਆਂ ਖ਼ਾਮੀਆਂ ਠੀਕ ਕਰਨ ਅਤੇ ਡੇਟਾ ਪ੍ਰਬੰਧਨ ਵਿੱਚ ਮਦਦ ਕਰਦੇ ਹਨ। **(ਬਾਕੀ ਸਫ਼ਾ 26 'ਤੇ)**

# ਮੁਫ਼ਤ ਬੱਸ ਸਫ਼ਰ ਸਹੂਲਤ ਕਿੰਨੀ ਕੁ ਜਾਇਜ਼ ?

## ਸਰਕਾਰੀ ਬੱਸਾਂ 'ਚ ਭੀੜ ਕਾਰਨ ਕਈ ਵਾਰ ਸਫ਼ਰ ਕਰਨ ਵਿੱਚ ਆਉਂਦੀ ਹੈ ਪ੍ਰੇਸ਼ਾਨੀ

## ਮਹਿਲਾਵਾਂ ਦੀ ਬੱਸਾਂ 'ਚ ਅੱਧੀ ਟਿਕਟ ਲਗਾਉਣ ਦੀ ਮੰਗ ਵੀ ਉੱਠੀ



**ਅੰਮ੍ਰਿਤਸਰ ਟਾਈਮਜ਼ ਬਿਊਰੋ**

**ਪੰਜਾਬ ਦੀ ਪੂਰੀ ਆਬਾਦੀ ਦਾ ਵੱਡਾ ਹਿੱਸਾ ਮਹਿਲਾਵਾਂ ਹਨ। ਇਹਨਾਂ ਮਹਿਲਾਵਾਂ ਦੀਆਂ ਵੋਟਾਂ ਪੱਕੀਆਂ ਕਰਨ ਲਈ ਅਕਸਰ ਸਮੇਂ ਦੀਆਂ ਸਰਕਾਰਾਂ ਮਹਿਲਾ ਭਲਾਈ ਦੀਆਂ ਕਈ ਸਕੀਮਾਂ ਚਲਾਉਂਦੀਆਂ ਹਨ। ਮਹਿਲਾਵਾਂ ਨੂੰ ਦਿੱਤੀ ਗਈ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਵੀ ਉਸੇ ਲੜੀ ਦਾ ਹਿੱਸਾ ਹੈ। ਇਸ ਸਹੂਲਤ ਕਾਰਨ ਹਰ ਸਾਲ ਪੰਜਾਬ ਸਰਕਾਰ ਨੂੰ ਕਰੋੜਾਂ ਦਾ ਆਰਥਿਕ ਬੋਝ ਉਠਾਉਣਾ ਪੈਂਦਾ ਹੈ ਪਰ ਮਹਿਲਾਵਾਂ ਦੇ ਨਾਰਾਜ਼ ਹੋਣ ਅਤੇ ਉਹਨਾਂ ਦੀਆਂ ਵੋਟਾਂ ਦੂਰ ਹੋਣ ਦੇ ਡਰ ਕਾਰਨ ਕਿਸੇ ਵੀ ਸਿਆਸੀ ਪਾਰਟੀ ਦੀ ਪੰਜਾਬ ਸਰਕਾਰ ਮਹਿਲਾਵਾਂ ਨੂੰ ਦਿੱਤੀ ਇਹ ਸਹੂਲਤ ਵਾਪਸ ਲੈਣ ਦਾ ਜਿਗਰਾ ਨਹੀਂ ਦਿਖਾਉਂਦੀ।**

ਪੰਜਾਬ ਸਰਕਾਰ ਵੱਲੋਂ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੀਆਂ ਵਸਨੀਕ ਮਹਿਲਾਵਾਂ ਨੂੰ ਬੱਸਾਂ ਵਿੱਚ ਮੁਫ਼ਤ ਸਫ਼ਰ ਦੀ ਸਹੂਲਤ ਦਿੱਤੀ ਹੋਈ ਹੈ। ਮਹਿਲਾਵਾਂ ਤੋਂ ਇਲਾਵਾ ਆਜ਼ਾਦੀ ਘੁਲਾਟੀਆਂ ਅਤੇ ਉਹਨਾਂ ਦੇ ਪਰਿਵਾਰਾਂ, ਪੁਲਿਸ ਮੁਲਾਜ਼ਮਾਂ, ਕੈਂਸਰ ਪੀੜਤਾਂ, ਨੇਤਰਹੀਣਾਂ ਅਤੇ ਹੋਰ ਕਈ ਵਰਗਾਂ ਦੇ ਲੋਕਾਂ ਨੂੰ ਵੀ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦਿੱਤੀ ਹੋਈ ਹੈ। ਇਹਨਾਂ ਵਰਗਾਂ ਨਾਲ ਸਬੰਧਿਤ ਲੋਕ ਵੀ ਹਰ ਦਿਨ ਸਰਕਾਰੀ ਬੱਸਾਂ ਵਿੱਚ ਯਾਤਰਾ ਕਰਦੇ ਹਨ। ਮਹਿਲਾਵਾਂ ਨੂੰ ਦਿੱਤੀ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦਾ ਲਾਭ ਪੰਜਾਬ ਦੀਆਂ ਵੱਡੀ ਗਿਣਤੀ ਮਹਿਲਾਵਾਂ ਉਠਾ ਰਹੀਆਂ ਹਨ ਪਰ ਇਹ ਸਹੂਲਤ ਕਈ ਵਾਰ ਪ੍ਰੇਸ਼ਾਨੀ ਦਾ ਕਾਰਨ ਵੀ ਬਣ ਜਾਂਦੀ ਹੈ। ਅਕਸਰ ਕਿਹਾ ਜਾਂਦਾ ਹੈ ਕਿ ਮਹਿਲਾਵਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਕਾਰਨ ਵੱਡੀ ਗਿਣਤੀ ਮਹਿਲਾਵਾਂ ਸਰਕਾਰੀ ਬੱਸਾਂ ਵਿੱਚ ਸਫ਼ਰ ਕਰਨ ਨੂੰ ਤਰਜੀਹ ਦਿੰਦੀਆਂ ਹਨ, ਜਿਸ ਕਾਰਨ ਇਹਨਾਂ ਸਰਕਾਰੀ ਬੱਸਾਂ ਵਿੱਚ ਭੀੜ ਹੋ ਜਾਂਦੀ ਹੈ।

ਅੱਜ ਕੱਲ੍ਹ ਵੱਡੀ ਗਿਣਤੀ ਮਹਿਲਾਵਾਂ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀਆਂ ਕਰਦੀਆਂ ਹਨ। ਇਸ ਕਾਰਨ ਹਰ ਦਿਨ ਅਕਸਰ ਉਹਨਾਂ ਨੂੰ ਬੱਸਾਂ ਰਾਹੀਂ ਇੱਕ ਸਥਾਨ ਤੋਂ ਦੂਜੇ ਸਥਾਨ ਤੱਕ ਸਫ਼ਰ ਕਰਨਾ ਪੈਂਦਾ ਹੈ। ਇਹ ਮਹਿਲਾਵਾਂ ਪੈਸੇ ਦੇ ਕੇ ਟਿਕਟ ਲੈ ਕੇ ਸਫ਼ਰ ਕਰਨ ਦੇ ਵੀ ਹੱਕ ਵਿੱਚ ਵੀ ਹਨ। ਇਹਨਾਂ ਮਹਿਲਾਵਾਂ ਦੀ ਆਰਥਿਕ ਸਥਿਤੀ ਚੰਗੀ ਹੋਣ ਕਾਰਨ ਇਹਨਾਂ ਨੂੰ ਪੈਸੇ ਦੇ ਕੇ ਟਿਕਟ ਲੈਣ ਨਾਲ ਕੋਈ ਵੱਡਾ ਫ਼ਰਕ ਨਹੀਂ ਪੈਂਦਾ ਪਰ ਗਰੀਬ ਮਹਿਲਾਵਾਂ ਲਈ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਇੱਕ ਵਰਦਾਨ ਦੇ ਵਾਂਗ ਹੈ। ਜਿਹੜੀਆਂ ਔਰਤਾਂ ਗਰੀਬੀ ਕਾਰਨ ਪੇਕੇ ਜਾਣ ਨੂੰ ਵੀ ਤਰਸਦੀਆਂ ਸਨ, ਉਹ ਹੁਣ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਕਾਰਨ ਪੇਕਿਆਂ ਦੇ ਨਾਲ ਨਾਲ ਹੋਰਨਾਂ ਰਿਸ਼ਤੇਦਾਰਾਂ ਨੂੰ ਵੀ ਮਿਲ ਆਉਂਦੀਆਂ ਹਨ। ਮੁਫ਼ਤ ਬੱਸ ਸਫ਼ਰ ਦੀ ਸਹੂਲਤ ਕਾਰਨ ਹੁਣ ਆਮ ਘਰਾਂ ਦੀਆਂ ਮਹਿਲਾਵਾਂ ਨੂੰ ਬੱਸਾਂ ਵਿੱਚ ਸਫ਼ਰ ਕਰਨ ਲਈ ਆਪਣੇ ਪਿਤਾ, ਪਤੀ ਅਤੇ ਪੁੱਤਰਾਂ ਤੋਂ ਪੈਸੇ ਨਹੀਂ ਮੰਗਣੇ ਪੈਂਦੇ।




ਕੁਝ ਲੋਕ ਤਾਂ ਇਹ ਵੀ ਕਹਿੰਦੇ ਹਨ ਕਿ ਕੁਝ ਮਹਿਲਾਵਾਂ ਬਿਨਾਂ ਕਿਸੇ ਜ਼ਰੂਰੀ ਕੰਮ ਤੋਂ ਵੀ ਬੱਸਾਂ ਵਿੱਚ ਸਫ਼ਰ ਕਰਦੀਆਂ ਹਨ ਅਤੇ ਮੁਫ਼ਤ ਸਫ਼ਰ ਦਾ ਆਨੰਦ ਮਾਣਦੀਆਂ ਹਨ। ਵੱਖ- ਵੱਖ ਸ਼ਹਿਰਾਂ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਵਾਲੀਆਂ ਸਰਕਾਰੀ ਬੱਸਾਂ ਦੇ ਕੁਝ ਡਰਾਈਵਰਾਂ ਅਤੇ ਕੰਡਕਟਰਾਂ ਦਾ ਕਹਿਣਾ ਹੈ ਕਿ ਹਰ ਦਿਨ ਮਹਿਲਾਵਾਂ ਦੇ ਜਥੇ ਸ੍ਰੀ ਅੰਮ੍ਰਿਤਸਰ ਵਿਖੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਲਈ ਜਾਂਦੇ ਰਹਿੰਦੇ ਹਨ, ਜਿਸ ਉੱਪਰ ਉਹਨਾਂ ਨੂੰ ਕੋਈ ਇਤਰਾਜ਼ ਨਹੀਂ ਹੈ ਪਰ ਵੇਖਣ ਵਿੱਚ ਆਇਆ ਹੈ ਕਿ ਕੁਝ ਮਹਿਲਾਵਾਂ ਪੰਜਾਬ ਦੇ ਦੂਰ ਦੁਰੇਡੇ ਦੇ ਇਲਾਕੇ ਤੋਂ ਅੰਮ੍ਰਿਤਸਰ ਸਿਰਫ਼ ਬੜੀਆਂ- ਪਾਪੜ ਲੈਣ ਜਾਂਦੀਆਂ ਹਨ। ਕਈ ਵਾਰ ਤਾਂ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਇੱਕ ਦਿਨ ਇਹ ਮਹਿਲਾਵਾਂ



ਬੜੀਆਂ -ਪਾਪੜ ਲੈਣ ਅੰਮ੍ਰਿਤਸਰ ਜਾਂਦੀਆਂ ਹਨ ਦੋ ਕੁ ਦਿਨਾਂ ਬਾਅਦ ਘਰ ਦੇ ਪਰਿਵਾਰਕ ਮੈਂਬਰਾਂ ਦੇ ਉਹ ਬੜੀਆਂ- ਪਾਪੜ ਪਸੰਦ ਨਾ ਆਉਣ ਕਾਰਨ ਉਹਨਾਂ ਬੜੀਆਂ ਪਾਪੜਾਂ ਨੂੰ ਮੋੜਨ ਜਾਂ ਬਦਲਣ ਲਈ ਮੁੜ ਅੰਮ੍ਰਿਤਸਰ ਸਾਹਿਬ ਲਈ ਬੱਸ ਰਾਹੀਂ ਸਫ਼ਰ ਕਰਦੀਆਂ ਹਨ। ਕੁਝ ਲੋਕ ਕਹਿੰਦੇ ਹਨ ਕਿ ਕਈ ਮਹਿਲਾਵਾਂ ਦੂਜੇ ਸ਼ਹਿਰਾਂ ਤੋਂ ਸੂਟ ਅਤੇ ਸਬਜ਼ੀ ਲੈਣ ਲਈ ਵੀ ਬੱਸਾਂ ਦੇ ਮੁਫ਼ਤ ਸਫ਼ਰ ਦਾ ਆਨੰਦ ਉਠਾਉਂਦੀਆਂ ਹਨ।

ਇਹ ਗੱਲ ਸਾਰੇ ਮੰਨਦੇ ਹਨ ਕਿ ਔਰਤਾਂ ਦੇ ਸਰਕਾਰੀ ਬੱਸਾਂ ਵਿੱਚ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਕਾਰਨ ਸਰਕਾਰੀ ਬੱਸਾਂ ਵਿੱਚ ਭੀੜ ਭੜੱਕਾ ਬਹੁਤ ਹੋ ਜਾਂਦਾ ਹੈ ਅਤੇ ਅਕਸਰ ਵੱਡੀ ਗਿਣਤੀ ਲੋਕ ਬੱਸਾਂ ਵਿੱਚ ਖੜ੍ਹੇ ਹੋ ਕੇ ਸਫ਼ਰ ਕਰਦੇ ਹਨ। ਦੂਜੇ ਪਾਸੇ ਸਰਕਾਰੀ ਬੱਸਾਂ ਵਿੱਚ ਸਫ਼ਰ ਕਰਨ ਵਾਲੀਆਂ ਮਹਿਲਾਵਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਸਰਕਾਰੀ ਬੱਸਾਂ ਵਿੱਚ ਸਫ਼ਰ ਕਰਨ ਵੇਲੇ ਕਈ ਵਾਰ ਪ੍ਰੇਸ਼ਾਨ ਵੀ ਹੋਣਾ ਪੈਂਦਾ ਹੈ। ਅਕਸਰ ਡਰਾਇਵਰ ਉਹਨਾਂ ਬੱਸ ਅੱਡਿਆਂ 'ਤੇ ਬੱਸਾਂ ਨਹੀਂ ਰੋਕਦੇ ਜਿਥੇ ਮਹਿਲਾਵਾਂ ਖੜੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਡਰਾਇਵਰਾਂ ਵੱਲੋਂ ਅਕਸਰ ਮਹਿਲਾਵਾਂ ਨੂੰ ਉਹਨਾਂ ਦੇ ਬੱਸ ਅੱਡਿਆਂ 'ਤੇ ਉਤਾਰਨ ਦੀ ਥਾਂ ਅੱਗੇ ਪਿਛੇ ਉਤਾਰ ਦਿੱਤਾ ਜਾਂਦਾ ਹੈ। ਕਈ ਵਾਰ ਬਰਸਾਤ ਦੇ ਮੌਸਮ ਵਿੱਚ ਡਰਾਇਵਰ ਜਾਣ ਬੁਝ ਕੇ ਬੱਸ ਉਸ ਥਾਂ ਰੋਕਦੇ ਹਨ ਜਿਥੇ ਸੜਕ ਉੱਪਰ ਪਾਣੀ ਖੜ੍ਹਾ ਹੁੰਦਾ ਹੈ। ਇਸ ਪਾਣੀ ਕਾਰਨ ਔਰਤਾਂ ਨੂੰ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਔਰਤਾਂ ਦਾ ਕਹਿਣਾ ਹੈ ਕਿ ਕਈ ਬੱਸ ਅੱਡਿਆਂ ਦੇ ਸਾਹਮਣੇ ਹੁਣ ਫ਼ਲਾਈਓਵਰ ਬਣ ਗਏ ਹਨ ਪਰ ਬੱਸਾਂ ਵਾਲੇ ਫ਼ਲਾਈਓਵਰ ਦੇ ਹੇਠਾਂ ਬਣੇ ਬੱਸ ਅੱਡੇ ਬੱਸ ਲੈ ਕੇ ਜਾਣ ਦੀ ਥਾਂ ਫ਼ਲਾਈਓਵਰ ਤੋਂ ਹੀ ਬੱਸਾਂ ਲੈ ਜਾਂਦੇ ਹਨ ਅਤੇ ਮਹਿਲਾਵਾਂ ਨੂੰ ਅਕਸਰ ਫ਼ਲਾਈਓਵਰ ਦੇ ਅੱਧ ਵਿਚਕਾਰ ਉਤਾਰ ਦਿੱਤਾ ਜਾਂਦਾ ਹੈ। ਜਿਸ ਕਾਰਨ ਮਹਿਲਾਵਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਮਹਿਲਾਵਾਂ ਨੇ ਦੋਸ਼ ਲਗਾਇਆ ਕਿ ਸਰਕਾਰੀ ਬੱਸਾਂ ਦੇ ਕਈ ਡਰਾਇਵਰ ਅਤੇ ਕੰਡਕਟਰ ਉਹਨਾਂ ਨੂੰ ਸਹੀ ਤਰੀਕੇ ਨਾਲ ਨਹੀਂ ਬੋਲਦੇ। ਦੂਜੇ ਪਾਸੇ ਕੁਝ ਡਰਾਇਵਰਾਂ ਅਤੇ ਕੰਡਕਟਰਾਂ ਦਾ ਕਹਿਣਾ ਸੀ ਕਿ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਮਾਣਦੀਆਂ ਕੁਝ ਮਹਿਲਾਵਾਂ ਖੁਦ ਹੀ ਕੰਡਕਟਰਾਂ ਅਤੇ ਡਰਾਇਵਰਾਂ ਨਾਲ ਝਗੜਾ ਕਰਨ ਦਾ ਯਤਨ ਕਰਦੀਆਂ ਹਨ ਅਤੇ ਮੋਬਾਈਲ ਤੇ ਵੀਡੀਓ ਬਣਾਉਣ ਦਾ ਯਤਨ ਕਰਦੀਆਂ ਹਨ।

ਕੁਝ ਪ੍ਰਾਈਵੇਟ ਬੱਸਾਂ ਦੇ ਮਾਲਕਾਂ ਅਤੇ ਡਰਾਇਵਰਾਂ ਕੰਡਕਟਰਾਂ ਨੇ ਆਪਣੇ ਦੁਖੜੇ ਸੁਣਾਉਂਦੇ ਹੋਏ ਦੱਸਿਆ ਕਿ ਜਦੋਂ ਤੋਂ ਪੰਜਾਬ ਵਿੱਚ ਮਹਿਲਾਵਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦੇਣੀ ਸ਼ੁਰੂ ਕੀਤੀ ਹੈ ਤਾਂ ਪੰਜਾਬ ਦੀਆਂ ਮਹਿਲਾਵਾਂ ਪ੍ਰਾਈਵੇਟ ਬੱਸਾਂ ਵਿੱਚ ਨਹੀਂ ਬੈਠਦੀਆਂ। ਮਹਿਲਾਵਾਂ ਨਾਲ ਅਕਸਰ ਉਹਨਾਂ ਦੇ ਮਰਦ ਪਰਿਵਾਰਕ ਮੈਂਬਰ ਵੀ ਹੁੰਦੇ ਹਨ, ਜੋ ਕਿ ਮਹਿਲਾਵਾਂ ਦੇ ਸਰਕਾਰੀ ਬੱਸਾਂ ਵਿੱਚ ਬੈਠਣ ਕਾਰਨ ਉਹਨਾਂ ਦੇ ਨਾਲ ਹੀ ਸਰਕਾਰੀ ਬੱਸਾਂ ਵਿੱਚ ਬੈਠ ਜਾਂਦੇ ਹਨ। ਇਸ ਕਾਰਨ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਸਵਾਰੀਆਂ ਨਾ ਮਿਲਣ ਕਾਰਨ ਆਰਥਿਕ ਨੁਕਸਾਨ ਝੱਲਣਾਂ ਪੈਂਦਾ ਹੈ ਅਤੇ ਉਹਨਾਂ ਦੇ ਬੱਸਾਂ ਦੇ ਖਰਚੇ ਵੀ ਪੂਰੇ ਨਹੀਂ ਹੁੰਦੇ, ਜਿਸ ਕਾਰਨ ਪ੍ਰਾਈਵੇਟ ਬੱਸ ਟਰਾਂਸਪੋਰਟ ਘਾਟੇ ਦਾ ਸ਼ਿਕਾਰ ਹੋ ਰਹੀ ਹੈ।

ਕੁਝ ਵਰਗਾਂ ਦੇ ਲੋਕਾਂ ਅਤੇ ਕੁਝ ਮਹਿਲਾਵਾਂ ਦਾ ਵੀ ਕਹਿਣਾ ਸੀ ਕਿ ਸਰਕਾਰ ਨੂੰ ਮਹਿਲਾਵਾਂ ਦੀ ਅੱਧੀ ਟਿਕਟ ਲਾਗੂ ਕਰ ਦੇਣੀ ਚਾਹੀਦੀ ਹੈ। ਇਸ ਤਰੀਕੇ ਨਾਲ ਬਿਨਾਂ ਕਿਸੇ ਕੰਮ ਤੋਂ ਬੱਸਾਂ ਵਿੱਚ ਸਫ਼ਰ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਘੱਟ ਜਾਵੇਗੀ ਅਤੇ ਬੱਸਾਂ ਵਿੱਚ ਭੀੜ ਭੜੱਕਾ ਨਹੀਂ ਹੋਵੇਗਾ।




## ਮੁਫ਼ਤ ਸਹੂਲਤਾਂ ਨੇ ਕਰਜ਼ਾਈ ਕੀਤਾ ਪੰਜਾਬ

ਪੰਜਾਬ ਵਿੱਚ ਸਰਕਾਰ ਵੱਲੋਂ ਔਰਤਾਂ ਲਈ 1000 ਅਤੇ 1500 ਰੁਪਏ ਪ੍ਰਤੀ ਮਹੀਨਾ ਦੀ ਸਕੀਮ, ਹਰ ਵਰਗ ਲਈ 300 ਯੂਨਿਟ ਬਿਜਲੀ ਪ੍ਰਤੀ ਮਹੀਨਾ ਮੁਆਫ਼, ਗਰੀਬ ਤੇ ਲੋੜਵੰਦ ਵਿਅਕਤੀਆਂ ਦੀਆਂ ਧੀਆਂ ਦੇ ਵਿਆਹਾਂ ਲਈ ਆਸ਼ੀਰਵਾਦ ਸਕੀਮ, ਮੁਫ਼ਤ ਕਣਕ ਤੇ ਰਾਸ਼ਨ ਸਕੀਮ ਸਮੇਤ ਹੋਰ ਵੀ ਕਈ ਮੁਫ਼ਤ ਸਕੀਮਾਂ ਚਲਾਈਆਂ ਹੋਈਆਂ ਹਨ।

ਅਜਿਹੀਆਂ ਸਕੀਮਾਂ ਚਲਾ ਕੇ ਸਰਕਾਰ ਚਾਹੁੰਦੀ ਹੈ ਕਿ ਲੋਕਾਂ ਦਾ ਧਿਆਨ ਇਨਾਂ ਸਕੀਮਾਂ ਦਾ ਲਾਭ ਲੈਣ ਤੱਕ ਸੀਮਿਤ ਰਹੇ ਅਤੇ ਲੋਕ ਪੰਜਾਬ ਦੇ ਅਤੇ ਆਪਣੇ ਮੁੱਖ ਮਸਲਿਆਂ ਸਬੰਧੀ ਆਵਾਜ਼ ਨਾ ਉਠਾ ਸਕਣ। ਪੰਜਾਬ ਵਿੱਚ ਜਿਹੜੀ ਵੀ ਨਵੀਂ ਸਰਕਾਰ ਬਣਦੀ ਹੈ, ਉਹ ਪੁਰਾਣੀਆਂ ਮੁਫ਼ਤ ਸਕੀਮਾਂ ਬੰਦ ਕਰਨ ਦੀ ਥਾਂ ਹੋਰ ਨਵੀਂਆਂ ਮੁਫ਼ਤ ਸਕੀਮਾਂ ਸ਼ੁਰੂ ਕਰ ਦਿੰਦੀ ਹੈ ਤਾਂ ਕਿ ਵੋਟਰਾਂ ਦੀਆਂ ਵੋਟਾਂ ਪੱਕੀਆਂ ਕੀਤੀਆਂ ਜਾ ਸਕਣ। ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਇਹਨਾਂ ਮੁਫ਼ਤ ਸਕੀਮਾਂ ਨੂੰ ਜਾਰੀ ਰੱਖਣ ਲਈ ਸਰਕਾਰ 'ਤੇ ਭਾਰੀ ਆਰਥਿਕ ਬੋਝ ਪੈ ਰਿਹਾ ਹੈ ਅਤੇ ਪੰਜਾਬ ਸਰਕਾਰ ਲਗਾਤਾਰ ਕਰਜ਼ੇ ਲੈ ਕੇ ਪੰਜਾਬ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਰਹੀ ਹੈ, ਜਿਸ ਦਾ ਸਾਰਾ ਬੋਝ ਆਮ ਪੰਜਾਬੀਆਂ ਦੇ ਸਿਰ ਹੀ ਪੈ ਰਿਹਾ ਹੈ।

ਜਦੋਂ ਮੌਜੂਦਾ ਸਰਕਾਰ 2022 ਵਿੱਚ ਪੰਜਾਬ ਦੀ ਸੱਤਾ ਵਿੱਚ ਆਈ ਤਾਂ ਸੂਬੇ ਸਿਰ ਕਰਜ਼ਾ 2.8 ਲੱਖ ਕਰੋੜ ਰੁਪਏ ਸੀ। ਇਹ ਕਰਜ਼ਾ ਪਿਛਲੇ 40 ਸਾਲਾਂ ਦਾ ਹੈ। ਇਸ ਸਰਕਾਰ ਨੇ ਆਪਣੇ 4 ਸਾਲਾਂ ਵਿੱਚ ਮਾਰਚ 2026 ਤੱਕ ਕਰਜ਼ਾ 4. 17 ਲੱਖ ਕਰੋੜ ਤੱਕ ਪਹੁੰਚਾ ਦਿੱਤਾ। ਚੋਣ ਵਰ੍ਹਾ ਹੋਣ ਕਰਕੇ ਮੁਫ਼ਤ ਰਿਓੜੀਆਂ ਨਾਲ ਇਹ ਕਰਜ਼ਾ ਮਾਰਚ 2027 ਤੱਕ 4.80 ਕਰੋੜ ਹੋ ਜਾਵੇਗਾ। ਇਸੇ ਤਰ੍ਹਾਂ 2022 ਵਿੱਚ ਜਿੱਥੇ ਹਰ ਪੰਜਾਬੀ ਸਿਰ 94000 ਰੁਪਏ ਕਰਜ਼ਾ ਸੀ, ਉਹ 2026 ਵਿੱਚ 1, 33000 ਹੋ ਗਿਆ ਅਤੇ ਮਾਰਚ 27 ਤੱਕ ਇੱਕ ਲੱਖ 42 ਹਜ਼ਾਰ ਹੋ ਜਾਣਾ ਹੈ, ਪਰ ਕਿਉਂਕਿ ਹਰ ਪੰਜਾਬੀ ਇਹ ਸੋਚਦਾ ਹੈ ਕਿ ਕਰਜ਼ਾਈ ਤਾਂ ਸਰਕਾਰ ਹੈ, ਉਹ ਆਪ ਨਹੀਂ ਹੈ। ਇਹੋ ਭੁੱਲ ਸਾਡੇ ਲਈ ਸਰਾਪ ਹੋ ਨਿੱਬੜਨੀ ਹੈ।

### ਔਰਤਾਂ ਦੀ ਮੁਫ਼ਤ ਬੱਸ ਯਾਤਰਾ ਲਈ ਖ਼ਰਚੇ 298 ਕਰੋੜ ਰੁਪਏ: ਡਾ. ਬਲਜੀਤ ਕੌਰ

ਚੰਡੀਗੜ੍ਹ/ਏ.ਟੀ.ਨਿਊਜ਼: ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਸੂਬਾ ਸਰਕਾਰ ਔਰਤਾਂ ਨੂੰ ਆਤਮ-ਨਿਰਭਰ ਬਣਾਉਣ, ਉਨ੍ਹਾਂ ਦੀ ਆਰਥਿਕ ਸੁਤੰਤਰਤਾ ਨੂੰ ਮਜ਼ਬੂਤ ਕਰਨ ਅਤੇ ਤਰੱਕੀ ਦੇ ਬਰਾਬਰ ਮੌਕੇ ਯਕੀਨੀ ਬਣਾਉਣ ਲਈ ਕਈ ਇਨਕਲਾਬੀ ਕਦਮ ਚੁੱਕ ਰਹੀ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ ਦੌਰਾਨ ਹੁਣ ਤੱਕ ਔਰਤਾਂ ਨੂੰ ਮੁਫ਼ਤ ਬੱਸ ਸਫ਼ਰ ਸਹੂਲਤ ਦੇਣ ਲਈ 298 ਕਰੋੜ ਰੁਪਏ ਖ਼ਰਚ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਔਰਤਾਂ ਹਰ ਮਹੀਨੇ ਲਗਪਗ 1.20 ਕਰੋੜ ਮੁਫ਼ਤ ਬੱਸ ਯਾਤਰਾਵਾਂ ਦਾ ਲਾਭ ਉਠਾ ਰਹੀਆਂ ਹਨ, ਜੋ ਇਸ ਪ੍ਰਮੁੱਖ ਭਲਾਈ ਸਕੀਮ ਦੀ ਵੱਡੀ ਸਫ਼ਲਤਾ ਅਤੇ ਹਰਮਨਪਿਆਰਤਾ ਨੂੰ ਦਰਸਾਉਂਦਾ ਹੈ।

ਦਰਪਣ ਝੂਠ ਨਹੀਂ ਬੋਲਦਾ

# ਸੋਸ਼ਲ ਮੀਡੀਆ ਤੋਂ ਕ੍ਰਿਪਟੋਕਰੰਸੀ ਤੱਕ: ਨਸ਼ਾ ਤਸਕਰਾਂ ਦਾ ਬਦਲਦਾ ਆਧੁਨਿਕ ਚਿਹਰਾ

## ਰਾਜ ਸਭਾ ਦੇ ਅੰਕੜੇ: ਡਰੋਨ ਤਸਕਰੀ ਦਾ ਸਭ ਤੋਂ ਵੱਡਾ ਸ਼ਿਕਾਰ ਕਿਉਂ ਬਣਿਆ ਪੰਜਾਬ ?

## ਨਸ਼ਾ ਮੁਕਤ ਪੰਜਾਬ ਦੇ ਸਰਕਾਰੀ ਦਾਅਵੇ ਜ਼ਮੀਨੀ ਹਕੀਕਤ ਹਨ ਜਾਂ ਮਹਿਜ਼ ਅੰਕੜਿਆਂ ਦੀ ਰਾਜਨੀਤੀ ?

ਪੰਜਾਬ ਅੱਜ ਇੱਕ ਅਜਿਹੇ ਨਾਜ਼ੁਕ ਮੋੜ 'ਤੇ ਖੜ੍ਹਾ ਹੈ ਜਿੱਥੇ ਇਸ ਦੀ ਜਵਾਨੀ, ਅਰਥਵਿਵਸਥਾ ਅਤੇ ਸਮਾਜਿਕ ਤਾਣਾ-ਬਾਣਾ ਸਰਹੱਦ ਪਾਰੋਂ ਆਉਂਦੇ ਨਸ਼ਿਆਂ, ਆਧੁਨਿਕ ਤਕਨਾਲੋਜੀ ਅਤੇ ਫੈਲ ਰਹੇ ਗੈਂਗਸਟਰਵਾਦ ਦੇ ਤਿਕੋਣ ਵਿੱਚ ਉਲਝ ਚੁੱਕਾ ਹੈ। ਭਾਰਤੀ ਰਾਜ ਸਭਾ ਵਿੱਚ ਪੇਸ਼ ਕੀਤੇ ਗਏ ਕੇਂਦਰੀ ਗ੍ਰਹਿ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਅਤੇ ਹਾਲ ਹੀ ਵਿੱਚ ਹੋਈਆਂ ਅੰਤਰਰਾਸ਼ਟਰੀ ਅਪਰਾਧਿਕ ਗ੍ਰਿਫ਼ਤਾਰੀਆਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਮੁਸ਼ਕਿਲ ਹੁਣ ਸਿਰਫ਼ ਸਥਾਨਕ ਕਾਨੂੰਨ-ਵਿਵਸਥਾ ਦਾ ਮੁੱਦਾ ਨਹੀਂ ਰਹੀ, ਸਗੋਂ ਇੱਕ ਗੁੰਝਲਦਾਰ ਅਤੇ ਅੰਤਰਰਾਸ਼ਟਰੀ ਖ਼ਤਰਾ ਬਣ ਚੁੱਕੀ ਹੈ।

ਬੀਤੇ ਦਿਨੀਂ ਰਾਜ ਸਭਾ ਵਿੱਚ ਹਰਿਆਣਾ ਤੋਂ ਮੈਂਬਰ ਕਾਰਤੀਕੇਯ ਸ਼ਰਮਾ ਅਤੇ ਮੱਧ ਪ੍ਰਦੇਸ਼ ਤੋਂ ਮੈਂਬਰ ਤਰੁਣ ਚੁੱਘ ਵੱਲੋਂ ਪੁੱਛੇ ਗਏ ਸਵਾਲਾਂ ਦੇ ਲਿਖਤੀ ਜਵਾਬ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਇ ਨੇ ਕਈ ਅਹਿਮ ਅਤੇ ਚਿੰਤਾਜਨਕ ਤੱਥ ਉਜਾਗਰ ਕੀਤੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਅਨੁਸਾਰ, ਨਾਰਕੋਟਿਕਸ ਕੰਟਰੋਲ ਬਿਊਰੋ ਦੁਆਰਾ ਮਾਸਿਕ ਮਾਸਟਰ ਰਿਪੋਰਟਾਂ ਦੇ ਆਧਾਰ 'ਤੇ ਇਕੱਠੇ ਕੀਤੇ ਅੰਕੜੇ ਦਰਸਾਉਂਦੇ ਹਨ ਕਿ ਨਸ਼ਾ ਤਸਕਰਾਂ ਨੇ ਸਰਹੱਦ ਪਾਰੋਂ ਮਾਲ ਭੇਜਣ ਅਤੇ ਵੰਡਣ ਲਈ ਪੂਰੀ ਤਰ੍ਹਾਂ ਨਵੀਨਤਮ ਤਕਨਾਲੋਜੀ ਅਪਣਾ ਲਈ ਹੈ। ਸਾਲ 2021 ਤੋਂ ਬਾਅਦ ਡਰੋਨਾਂ ਰਾਹੀਂ ਤਸਕਰੀ ਵਿੱਚ ਬੇਹੱਦ ਵਾਧਾ ਹੋਇਆ ਸੀ। ਸਾਲ 2025 ਦੌਰਾਨ ਦੇਸ਼ ਭਰ ਵਿੱਚ ਡਰੋਨ ਨਾਲ ਜੁੜੀਆਂ ਨਸ਼ਾ ਤਸਕਰੀ ਦੀਆਂ ਕੁੱਲ 305 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ 298 ਘਟਨਾਵਾਂ ਇਕੱਲੇ ਪੰਜਾਬ ਦੀ ਸਰਹੱਦ




'ਤੇ ਵਾਪਰੀਆਂ ਸਨ। ਇਸ ਦੌਰਾਨ 460 ਕਿਲੋਗ੍ਰਾਮ ਨਸ਼ੀਲੇ ਪਦਾਰਥ, ਜਿਸ ਵਿੱਚ 448 ਕਿਲੋਗ੍ਰਾਮ ਹੈਰੋਇਨ, 9 ਕਿਲੋਗ੍ਰਾਮ ਮੇਥਾਮਫੇਟਾਮਾਈਨ ਅਤੇ 3 ਕਿਲੋਗ੍ਰਾਮ ਅਫੀਮ ਸ਼ਾਮਲ ਸੀ, ਬਰਾਮਦ ਕੀਤੇ ਗਏ ਸਨ। ਪੰਜਾਬ ਦੇ ਛੇ ਸਰਹੱਦੀ ਜ਼ਿਲ੍ਹੇ—ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਫ਼ਿਰੋਜ਼ਪੁਰ, ਗੁਰਦਾਸਪੁਰ ਅਤੇ ਫ਼ਾਜ਼ਿਲਕਾ—ਇਸ ਖ਼ਤਰੇ ਦੇ ਸਭ ਤੋਂ ਵੱਡੇ ਕੇਂਦਰ ਬਣੇ ਹੋਏ ਹਨ।

ਦੂਜੇ ਪਾਸੇ, ਸਰਕਾਰੀ ਦਾਅਵਿਆਂ ਅਤੇ ਜ਼ਮੀਨੀ ਹਕੀਕਤ ਵਿੱਚ ਵੱਡਾ ਅੰਤਰ ਦੇਖਣ ਨੂੰ ਮਿਲ ਰਿਹਾ ਹੈ। ਪੰਜਾਬ ਪੁਲਿਸ ਅਨੁਸਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਹਜ਼ਾਰਾਂ ਮਾਮਲੇ ਦਰਜ ਕੀਤੇ ਗਏ ਹਨ, 68,000 ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ ਹਨ ਅਤੇ ਸੈਂਕੜੇ ਵੱਡੇ ਤਸਕਰਾਂ ਨੂੰ ਫੜਿਆ ਗਿਆ ਹੈ। ਕੇਂਦਰ ਸਰਕਾਰ ਨੇ ਵੀ ਸਰਹੱਦਾਂ 'ਤੇ ਐਂਟੀ-ਡਰੋਨ ਸਿਸਟਮ ਅਤੇ ਵਿਸ਼ੇਸ਼ ਫੰਡ ਜਾਰੀ ਕੀਤੇ ਹਨ।

ਪਰ ਮਾਨ ਸਰਕਾਰ ਵੱਲੋਂ ਨਸ਼ਾ ਖ਼ਤਮ ਕਰਨ ਦੇ ਕੀਤੇ ਜਾ ਰਹੇ ਦਾਅਵਿਆਂ 'ਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ। ਆਮ ਧਾਰਨਾ ਇਹ ਹੈ ਕਿ ਜ਼ਿਆਦਾਤਰ ਕਾਰਵਾਈਆਂ ਹੇਠਲੇ ਪੱਧਰ ਦੇ ਨਸ਼ੇੜੀਆਂ ਜਾਂ ਛੋਟੇ ਕੈਰੀਅਰਾਂ ਤੱਕ ਸੀਮਤ ਰਹਿ ਜਾਂਦੀਆਂ ਹਨ, ਜਦਕਿ ਨਸ਼ੇ ਦੀ ਮੁੱਖ ਸਪਲਾਈ ਚੇਨ ਅਜੇ ਵੀ ਸਰਗਰਮ ਹੈ। ਗਲੀ-ਮੁਹੱਲਿਆਂ ਵਿੱਚ ਨਸ਼ਿਆਂ ਦੀ ਆਸਾਨ ਪਹੁੰਚ ਅਤੇ ਨਸ਼ਾ-ਮੁਕਤੀ ਕੇਂਦਰਾਂ ਦੀਆਂ ਦਵਾਈਆਂ ਦੀ ਦੁਰਵਰਤੋਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਮੱਸਿਆ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ।

ਪੰਜਾਬ ਨੂੰ ਨਸ਼ਿਆਂ ਅਤੇ ਗੈਂਗਸਟਰਵਾਦ ਦੇ ਇਸ ਭਿਆਨਕ ਚੱਕਰਵਿਊ ਵਿੱਚੋਂ ਕੱਢਣ ਲਈ ਕੇਵਲ ਬਿਆਨਬਾਜ਼ੀ ਜਾਂ ਅੰਕੜਿਆਂ ਦੀ ਰਾਜਨੀਤੀ ਕਾਫ਼ੀ ਨਹੀਂ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਰਾਜਨੀਤਿਕ ਮਤਭੇਦ ਭੁਲਾ ਕੇ ਇੱਕਜੁੱਟ ਨੀਤੀ ਅਪਣਾਉਣੀ ਪਵੇਗੀ। ਇੱਕ ਪਾਸੇ ਜਿੱਥੇ ਸਰਹੱਦੀ ਸੁਰੱਖਿਆ ਲਈ ਆਧੁਨਿਕ ਤਕਨੀਕੀ ਟੂਲਜ਼ ਅਤੇ ਨੈਸ਼ਨਲ ਇੰਟੈਲੀਜੈਂਸ ਗ੍ਰਿਡ ਵਰਗੀਆਂ ਪ੍ਰਣਾਲੀਆਂ ਦੀ ਵਰਤੋਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ, ਉੱਥੇ ਹੀ ਦੂਜੇ ਪਾਸੇ ਸਮਾਜਿਕ ਪੱਧਰ 'ਤੇ ਜਵਾਨੀ ਨੂੰ ਰੋਜ਼ਗਾਰ, ਖੇਡਾਂ ਅਤੇ ਵਿਗਿਆਨਕ ਪੁਨਰਵਾਸ ਨਾਲ ਜੋੜਨਾ ਲਾਜ਼ਮੀ ਹੈ। ਜਦੋਂ ਤੱਕ ਨਸ਼ੇ ਦੀ ਮੰਗ, ਆਰਥਿਕ ਲਾਚਾਰੀ ਅਤੇ ਅਪਰਾਧੀਆਂ ਦੀ ਸਮਾਜਿਕ ਸਰਪ੍ਰਸਤੀ ਨੂੰ ਜੜ੍ਹੋਂ ਖ਼ਤਮ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇਸ ਸੰਕਟ ਤੋਂ ਪੂਰੀ ਤਰ੍ਹਾਂ ਨਿਜਾਤ ਪਾਉਣਾ ਅਸੰਭਵ ਰਹੇਗਾ।

# ਡੇਰਾ ਸੱਚਖੰਡ ਬੱਲਾਂ ਉੱਪਰ ਮੋਦੀ ਮਿਹਰਬਾਨ ਕਿਉਂ ?, ਡੇਰੇ 'ਚ ਕਿਉਂ ਵਧੀਆਂ ਭਾਜਪਾ ਦੀਆਂ ਸਰਗਰਮੀਆਂ

## ਰਵਿਦਾਸੀਆ ਸਮਾਜ ਦੀ ਵੱਖਰੀ ਪਛਾਣ ਦਾ ਪੰਜਾਬ ਦੀ ਸਿਆਸਤ ਵਿੱਚ ਕੀ ਅਸਰ ਹੋਵੇਗਾ ?

ਪੰਜਾਬ ਦੀ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਆਬੋ-ਹਵਾ ਵਿੱਚ ਡੇਰਾ ਸੱਚਖੰਡ ਬੱਲਾਂ ਦਾ ਸਥਾਨ ਦਲਿਤ ਰਾਜਨੀਤੀ ਪਖੋਂ ਹਮੇਸ਼ਾ ਹੀ ਕੇਂਦਰੀ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕੇਂਦਰ ਦੀ ਭਾਜਪਾ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਸ ਡੇਰੇ ਨਾਲ ਵਧਾਈ ਗਈ ਨੇੜਤਾ ਨੇ ਸੂਬੇ ਦੀ ਸਿਆਸਤ ਵਿੱਚ ਚਰਚਾ ਛੇੜੀ ਦਿਤੀ ਹੈ। ਪ੍ਰਧਾਨ ਮੰਤਰੀ ਵੱਲੋਂ ਡੇਰਾ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਨਾਲ ਮੁਲਾਕਾਤਾਂ ਕਰਨਾ, ਸੰਤ ਜੀ ਨੂੰ 'ਪਦਮ ਸ਼੍ਰੀ' ਸਨਮਾਨ ਨਾਲ ਨਿਵਾਜਣਾ ਅਤੇ ਬਨਾਰਸ ਸਥਿਤ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਲਈ ਸਪੈਸ਼ਲ 'ਸੰਤ ਰਵਿਦਾਸ ਐਕਸਪ੍ਰੈਸ' ਵਰਗੀਆਂ ਟ੍ਰੇਨਾਂ ਨੂੰ ਹਰੀ ਝੰਡੀ ਦਿਖਾਉਣਾ—ਇਹ ਸਾਰੇ ਘਟਨਾਕ੍ਰਮ ਕੇਵਲ ਧਾਰਮਿਕ ਸ਼ਰਧਾ ਤੱਕ ਸੀਮਤ ਨਹੀਂ ਹਨ। ਇਸ ਦੇ ਪਿੱਛੇ ਪੰਜਾਬ ਦੀ ਰਾਜਨੀਤੀ ਨੂੰ ਇੱਕ ਨਵਾਂ ਮੋੜ ਦੇਣ ਦੇ ਡੂੰਘੇ ਅਰਥ ਛੁਪੇ ਹੋਏ ਹਨ।

ਮੋਦੀ ਸਰਕਾਰ ਲਈ ਡੇਰਾ ਸੱਚਖੰਡ ਬੱਲਾਂ ਦੀ ਅਹਿਮੀਅਤ ਨੂੰ ਸਮਝਣ ਲਈ ਪੰਜਾਬ ਦੀ ਜਨਸੰਖਿਆ ਅਤੇ ਸਿਆਸੀ ਪਿਛੋਕੜ ਨੂੰ ਦੇਖਣਾ ਜ਼ਰੂਰੀ ਹੈ। ਕਿਸਾਨੀ ਅੰਦੋਲਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਟੁੱਟਣ ਕਾਰਨ ਭਾਜਪਾ ਹੁਣ ਪੰਜਾਬ ਵਿੱਚ ਆਪਣੇ ਦਮ 'ਤੇ ਆਧਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਵਿੱਚ ਲਗਭਗ 32 ਫ਼ੀਸਦੀ ਦਲਿਤ ਆਬਾਦੀ ਹੈ, ਜੋ ਪੂਰੇ ਦੇਸ਼ ਵਿੱਚ ਪ੍ਰਤੀਸ਼ਤ ਦੇ ਹਿਸਾਬ ਨਾਲ ਸਭ ਤੋਂ ਵੱਧ ਹੈ। ਖ਼ਾਸਕਰ ਦੋਆਬਾ ਖੇਤਰ ਵਿੱਚ ਇਹ ਆਬਾਦੀ 35 ਤੋਂ 45



ਫ਼ੀਸਦੀ ਤੱਕ ਹੈ, ਜਿੱਥੇ ਦੀਆਂ 20 ਦੇ ਕਰੀਬ ਵਿਧਾਨ ਸਭਾ ਸੀਟਾਂ ਉੱਤੇ ਰਵਿਦਾਸੀਆ ਭਾਈਚਾਰੇ ਦਾ ਸਿੱਧਾ ਅਸਰ ਹੈ। ਭਾਜਪਾ ਲਈ ਡੇਰਾ ਬੱਲਾਂ ਇੱਕ ਅਜਿਹਾ ਮਜ਼ਬੂਤ ਪੁਲ ਹੈ, ਜਿਸ ਰਾਹੀਂ ਉਹ ਸੂਬੇ ਦੇ ਇੱਕ ਵੱਡੇ ਦਲਿਤ ਵੋਟ ਬੈਂਕ ਤੱਕ ਪਹੁੰਚ ਬਣਾ ਸਕਦੀ ਹੈ। ਇਸ ਵੱਡੀ ਸਰਗਰਮੀ ਦੇ ਬਾਵਜੂਦ ਇਹ ਮੰਨਣਾ ਜਲਦਬਾਜ਼ੀ ਹੋਵੇਗੀ ਕਿ ਡੇਰਾ ਸੱਚਖੰਡ ਬੱਲਾਂ ਪੂਰੀ ਤਰ੍ਹਾਂ ਭਾਜਪਾ ਵੱਲ ਝੁਕ ਗਿਆ ਹੈ। ਡੇਰੇ ਦੀ ਇਤਿਹਾਸਕ ਪਰੰਪਰਾ ਰਹੀ ਹੈ ਕਿ ਉਸ ਨੇ ਕਦੇ ਵੀ ਆਪਣੇ ਸ਼ਰਧਾਲੂਆਂ ਨੂੰ ਕਿਸੇ ਖ਼ਾਸ ਪਾਰਟੀ ਨੂੰ ਵੋਟ ਪਾਉਣ ਦਾ ਸਿਆਸੀ ਹੁਕਮ ਨਹੀਂ ਦਿੱਤਾ। ਡੇਰੇ ਦੇ ਦਰਬਾਰ ਵਿੱਚ ਕਾਂਗਰਸ, ਆਮ ਆਦਮੀ ਪਾਰਟੀ, ਅਕਾਲੀ ਦਲ ਅਤੇ ਭਾਜਪਾ—ਸਾਰੇ ਹੀ ਧੜਿਆਂ ਦੇ ਆਗੂ ਨਤਮਸਤਕ ਹੁੰਦੇ ਆਏ ਹਨ। ਰਵਿਦਾਸੀਆ ਭਾਈਚਾਰਾ ਆਰਥਿਕ ਅਤੇ ਸਮਾਜਿਕ ਤੌਰ 'ਤੇ ਕਾਫ਼ੀ ਮਜ਼ਬੂਤ ਅਤੇ ਜਾਗਰੂਕ ਹੈ। ਇਹ ਭਾਈਚਾਰਾ ਧਾਰਮਿਕ ਤੌਰ 'ਤੇ ਡੇਰੇ ਨਾਲ ਜੁੜਿਆ ਹੋਣ ਦੇ ਬਾਵਜੂਦ ਵੋਟ ਪਾਉਣ ਵੇਲੇ ਆਪਣੀ ਨਿੱਜੀ ਅਤੇ ਸਿਆਸੀ ਸਮਝ ਦੀ ਵਰਤੋਂ ਕਰਦਾ ਹੈ। ਇਸ ਲਈ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਡੇਰਾ ਕੇਵਲ ਇੱਕ ਧਾਰਮਿਕ ਸਨਮਾਨ ਵਜੋਂ ਲੈਂਦਾ ਹੈ।

ਰਵਿਦਾਸੀਆ ਭਾਈਚਾਰੇ ਦੀ ਅਲੱਗ ਪਛਾਣ ਦਾ ਇਤਿਹਾਸ ਅਤੇ ਸਿੱਖ ਪੰਥ ਨਾਲ ਤਣਾਅ ਦਾ ਵਿਸ਼ਾ ਵੀ ਬਹੁਤ ਗੰਭੀਰ ਹੈ। ਮੂਲ ਤੌਰ 'ਤੇ ਡੇਰਾ ਬੱਲਾਂ ਸਿੱਖ ਪਰੰਪਰਾਵਾਂ ਨਾਲ ਗੂੜ੍ਹਾ ਜੁੜਿਆ ਹੋਇਆ ਸੀ ਅਤੇ ਡੇਰੇ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਪਰ 24 ਮਈ 2009 ਨੂੰ ਆਸਟਰੀਆ ਦੇ ਸ਼ਹਿਰ ਵਿਆਨਾ ਵਿਖੇ ਇੱਕ ਰਵਿਦਾਸੀਆ ਗੁਰਦੁਆਰੇ ਵਿੱਚ ਹੋਏ ਹਮਲੇ ਵਿੱਚ ਡੇਰਾ ਬੱਲਾਂ ਦੇ ਉਪ-ਮੁਖੀ ਸੰਤ ਰਾਮਾਨੰਦ ਜੀ ਦੀ ਮੌਤ ਹੋ ਗਈ ਸੀ । ਇਸ ਦੁਖਾਂਤ ਤੋਂ ਬਾਅਦ ਜਨਵਰੀ 2010 ਵਿੱਚ ਡੇਰੇ ਵੱਲੋਂ 'ਰਵਿਦਾਸੀਆ ਧਰਮ' ਦਾ ਰਸਮੀ ਐਲਾਨ ਕੀਤਾ ਗਿਆ ਅਤੇ ਆਪਣਾ ਵੱਖਰਾ ਧਰਮ ਗ੍ਰੰਥ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਜਾਰੀ ਕੀਤਾ ਗਿਆ।

(ਬਾਕੀ ਸਫ਼ਾ 26 'ਤੇ)

# ਪੰਜਾਬ ਸੰਤਾਪ ਦੇ ਦੌਰ ਤੋਂ ਵੀ ਵੱਡਾ ਸੰਕਟ ਛਾਇਆ, 'ਆਪ' ਨੇ ਮੁਫ਼ਤ ਸਹੂਲਤਾਂ ਕਾਰਨ ਕਰਜ਼ਾ ਵਧਾਇਆ

## ਸ਼ਾਂਤੀ ਦੇ 30 ਸਾਲਾਂ ਬਾਅਦ ਕਿਵੇਂ 'ਕਰਜ਼ੇ ਦੇ ਜਾਲ' 'ਚ ਫਸਿਆ ਪੰਜਾਬ ?, ਬਦਹਾਲੀ ਦਾ ਕੌਣ ਹੈ ਅਸਲ ਜ਼ਿੰਮੇਵਾਰ ?

ਅੱਜ ਜੇਕਰ ਤੁਸੀਂ ਪੰਜਾਬ ਦੇ ਪਿੰਡਾਂ ਦੀਆਂ ਗਲੀਆਂ ਵਿੱਚੋਂ ਗੁਜ਼ਰੋ, ਤਾਂ ਇੱਕ ਬੇਹੱਦ ਅਜੀਬ ਅਤੇ ਚਿੰਤਾਜਨਕ ਤਸਵੀਰ ਸਾਹਮਣੇ ਆਉਂਦੀ ਹੈ—ਇੱਕ ਪਾਸੇ ਬੈਂਕਾਂ ਜਾਂ ਆੜ੍ਹਤੀਆਂ ਕੋਲ ਗਹਿਣੇ ਧਰੀਆਂ ਹਰੀਆਂ-ਭਰੀਆਂ ਜ਼ਮੀਨਾਂ, ਦੂਜੇ ਪਾਸੇ ਮੁਫ਼ਤ ਬਿਜਲੀ ਨਾਲ ਦਿਨ-ਰਾਤ ਬਿਨਾਂ ਰੋਕ-ਟੋਕ ਚੱਲਦੇ ਟਿਊਬਵੈੱਲ, ਅਤੇ ਤੀਜੇ ਪਾਸੇ ਉਹ ਆਲੀਸ਼ਾਨ ਪਰ ਸੁੰਨਸਾਨ ਘਰ ਜਿਨ੍ਹਾਂ ਦੇ ਵਿਹੜਿਆਂ ਵਿੱਚ ਕੋਈ ਨੌਜਵਾਨ ਨਜ਼ਰ ਨਹੀਂ ਆਉਂਦਾ। ਖੇਤੀ ਵਿੱਚ ਸੁਧਾਰ ਕਰਨ ਜਾਂ ਪੰਜਾਬ ਵਿੱਚ ਨਵਾਂ ਕਾਰੋਬਾਰ ਖੜ੍ਹਾ ਕਰਨ ਦੀ ਬਜਾਏ, ਪਰਿਵਾਰਾਂ ਨੇ ਆਪਣੀਆਂ ਜ਼ਮੀਨਾਂ ਵੇਚ-ਵੇਚ ਕੇ ਪੁੱਤਾਂ-ਧੀਆਂ ਨੂੰ ਕੈਨੇਡਾ ਤੇ ਵਲਾਇਤ ਭੇਜਣ ਵਿੱਚ ਹੀ ਸਭ ਤੋਂ ਵੱਡੀ ਸਮਝਦਾਰੀ ਸਮਝ ਲਈ ਹੈ। ਆਮ ਤੌਰ 'ਤੇ ਪੰਜਾਬ ਦੀ ਇਸ ਬਦਹਾਲੀ ਦਾ ਭਾਂਡਾ 80-90 ਦੇ ਦਹਾਕੇ ਦੇ ਖਾੜਕੂਵਾਦ ਦੇ ਸਿਰ ਭੰਨ ਕੇ ਸਰਕਾਰਾਂ ਆਪਣਾ ਪੱਲਾ ਝਾੜ ਲੈਂਦੀਆਂ ਹਨ, ਪਰ ਅਸਲ ਸੱਚਾਈ ਇਹ ਹੈ ਕਿ ਪੰਜਾਬ ਦੀ ਆਰਥਿਕ ਰੀੜ੍ਹ ਦੀ ਹੱਡੀ ਖਾੜਕੂ ਹਿੰਸਾ ਨੇ ਨਹੀਂ, ਸਗੋਂ ਕਥਿਤ ਸ਼ਾਂਤੀ ਦੇ ਦੌਰ ਵਿੱਚ ਹੋਏ 'ਵਿੱਤੀ ਕੁਪ੍ਰਬੰਧਨ' ,ਭ੍ਰਿਸ਼ਟਾਚਾਰ, ਮੁਫ਼ਤ ਦੀਆਂ ਸਹੂਲਤਾਂ ਤੇ ਨੀਤੀਗਤ ਨਾਕਾਮੀਆਂ ਨੇ ਤੋੜੀ ਹੈ।

ਅੰਕੜੇ ਇਸ ਗੱਲ ਦੀ ਸਾਫ਼ ਗਵਾਹੀ ਦਿੰਦੇ ਹਨ। ਸਾਲ 1981 ਵਿੱਚ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਪੂਰੇ ਭਾਰਤ ਵਿੱਚ ਨੰਬਰ ਇੱਕ 'ਤੇ ਸੀ। ਕੇਂਦਰ ਦੀਆਂ ਗਲਤ ਪਾਲਸੀਆਂ ਕਾਰਨ ਖਾੜਕੂਵਾਦ ਦਾ ਲੰਮਾ ਸੰਤਾਪ ਹੰਢਾਉਣ ਤੋਂ ਬਾਅਦ ਵੀ, ਸਾਲ 2001 ਵਿੱਚ ਪੰਜਾਬ ਦੇਸ਼ ਵਿੱਚ ਚੌਥੇ ਨੰਬਰ 'ਤੇ ਬਰਕਰਾਰ ਸੀ। ਪਰ ਅਸਲ ਗਿਰਾਵਟ 2001 ਤੋਂ ਬਾਅਦ ਸ਼ੁਰੂ



ਹੋਈ ਸੀ, ਜਦੋਂ ਅਮਨ-ਸ਼ਾਂਤੀ ਬਹਾਲ ਹੋਏ ਨੂੰ ਇੱਕ ਦਹਾਕਾ ਬੀਤ ਚੁੱਕਾ ਸੀ। ਅੱਜ ਪੰਜਾਬ ਪਿਛੜ ਕੇ ਦੇਸ਼ ਦੇ ਵੱਡੇ ਰਾਜਾਂ ਵਿੱਚੋਂ 10ਵੇਂ ਨੰਬਰ 'ਤੇ ਪਹੁੰਚ ਗਿਆ ਸੀ। ਦੂਜੇ ਪਾਸੇ, 1966 ਵਿੱਚ ਪੰਜਾਬ ਤੋਂ ਵੱਖ ਹੋਏ ਹਰਿਆਣਾ ਨੇ ਵੀ ਉਹੀ ਮਾੜਾ ਦੌਰ ਦੇਖਿਆ ਸੀ, ਪਰ ਅੱਜ ਹਰਿਆਣਾ ਦੀ ਆਮਦਨ ਰਾਸ਼ਟਰੀ ਔਸਤ ਤੋਂ 180% ਉੱਪਰ ਪਹੁੰਚ ਚੁੱਕੀ ਹੈ, ਜਦਕਿ ਪੰਜਾਬ ਲਗਾਤਾਰ ਹੇਠਾਂ ਡਿੱਗ ਰਿਹਾ ਹੈ ।ਅਰਥਸ਼ਾਸਤਰੀਆਂ ਅਨੁਸਾਰ ਪੰਜਾਬ ਨੂੰ ਇਸ ਤਬਾਹੀ ਦੇ ਮੋੜ 'ਤੇ ਲਿਆਉਣ ਲਈ ਤਿੰਨ ਵੱਡੀਆਂ ਨੀਤੀਗਤ ਨਾਕਾਮੀਆਂ ਜ਼ਿੰਮੇਵਾਰ ਹਨ: ਅਰਥਸ਼ਾਸਤਰ ਦਾ ਨਿਯਮ ਕਹਿੰਦਾ ਹੈ ਕਿ ਕਰਜ਼ਾ ਉਦੋਂ ਤੱਕ ਨਿਯੰਤਰਣ ਵਿੱਚ ਰਹਿੰਦਾ ਹੈ ਜਦੋਂ ਰਾਜ ਦੀ ਵਿਕਾਸ ਦਰ ਕਰਜ਼ੇ ਦੀ ਬਿਆਜ ਦਰ ਨਾਲੋਂ ਵੱਧ ਹੋਵੇ। ਪਰ ਪੰਜਾਬ ਵਿੱਚ ਖਰਚੇ ਵਿਕਾਸ ਨਾਲੋਂ ਤੇਜ਼ੀ ਨਾਲ ਵਧੇ। ਪੰਜਾਬ ਦਾ ਰਾਜਸਵ ਘਾਟਾ 1990-91 ਵਿੱਚ 544 ਕਰੋੜ ਰੁਪਏ ਸੀ, ਜੋ ਅੱਜ ਵਧ ਕੇ 24,000 ਕਰੋੜ ਰੁਪਏ ਤੋਂ ਪਾਰ ਹੋ ਗਿਆ ਹੈ। ਰਾਜ ਦਾ ਕਰਜ਼ਾ-ਤੋਂ-ਜੀ.ਐੱਸ.ਡੀ.ਪੀ ਅਨੁਪਾਤ 45% ਤੋਂ 47% ਦੇ ਖ਼ਤਰਨਾਕ ਪੱਧਰ 'ਤੇ ਹੈ। ਸਰਕਾਰ ਜੋ ਵੀ ਨਵਾਂ ਉਧਾਰ ਲੈਂਦੀ ਹੈ, ਉਸ ਦਾ 80% ਤੋਂ ਵੱਧ ਹਿੱਸਾ ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨਾਂ, ਸਬਸਿਡੀਆਂ ਅਤੇ ਪੁਰਾਣੇ ਕਰਜ਼ਿਆਂ ਦੇ ਵਿਆਜ ਭਰਨ ਵਿੱਚ ਹੀ ਚਲਾ ਜਾਂਦਾ ਹੈ। ਨਵੇਂ ਉਦਯੋਗ, ਹਸਪਤਾਲ, ਸਕੂਲ ਜਾਂ ਬੁਨਿਆਦੀ ਢਾਂਚਾ ਬਣਾਉਣ ਲਈ ਬਜਟ ਵਿੱਚ ਨਾਮਾਤਰ ਪੈਸਾ ਬਚਦਾ ਹੈ। ਯਾਨੀ ਸਰਕਾਰ ਨਵੇਂ ਆਮਦਨ ਦੇ ਸਾਧਨ ਬਣਾਉਣ ਦੀ ਬਜਾਏ, ਸਿਰਫ਼ ਸਰਕਾਰ ਚਲਾਉਣ ਲਈ ਨਵਾਂ ਕਰਜ਼ਾ ਚੁੱਕ ਰਹੀ ਹੈ।

ਪੰਜਾਬ ਦੀ ਖੇਤੀਬਾੜੀ ਅੱਜ ਇੱਕ ਅਜਿਹੇ ਚੱਕਰਵਿਊ ਵਿੱਚ ਫਸ ਚੁੱਕੀ ਹੈ ਜਿੱਥੋਂ ਨਿਕਲਣਾ ਔਖਾ ਹੋ ਰਿਹਾ ਹੈ। ਕਣਕ ਅਤੇ ਝੋਨੇ 'ਤੇ ਮਿਲਦੀ ਨਿਸ਼ਚਿਤ ਐੱਮ.ਐੱਸ.ਪੀ. ਨੇ ਵੱਖ-ਵੱਖ ਫ਼ਸਲਾਂ ਉਗਾਉਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਹਨ।

(ਬਾਕੀ ਸਫ਼ਾ 26 'ਤੇ)

# ਜ਼ਿੰਦਾ ਸ਼ਖ਼ਸ ਨੂੰ ਪੋਸਟਮਾਰਟਮ ਲਈ ਲਿਆਉਣ 'ਤੇ ਪੁਲਿਸ ਨਾਲ ਭਿੜ ਗਈ ਸੀ ਨਰਸ ਬਲਜੀਤ ਕੌਰ

## ਮਨੁੱਖੀ ਅਧਿਕਾਰਾਂ ਲਈ ਅਦੁੱਤੀ ਸੰਘਰਸ਼ ਦੀ ਪੰਜਾਬ ਸੰਤਾਪ ਨਾਲ ਸਬੰਧਿਤ ਦਾਸਤਾਨ

ਪੰਜਾਬ ਦੇ ਇਤਿਹਾਸ ਦੇ ਇੱਕ ਬੇਹੱਦ ਸੰਵੇਦਨਸ਼ੀਲ, ਖ਼ੌਫ਼ਨਾਕ ਅਤੇ ਸੰਤਾਪ ਭਰੇ ਦੌਰ ਵਿੱਚ, ਜਦੋਂ ਰਾਤ ਦੇ ਹਨੇਰੇ ਤੋਂ ਇਲਾਵਾ ਦਿਨ ਦੇ ਚਾਨਣ ਵਿੱਚ ਵੀ ਪੁਲਿਸ ਅਤੇ ਸਰਕਾਰੀ ਤੰਤਰ ਦੇ ਖ਼ੌਫ਼ ਅੱਗੇ ਜ਼ੁਬਾਨ ਖੋਲ੍ਹਣਾ ਆਪਣੀ ਮੌਤ ਨੂੰ ਸਿੱਧਾ ਸੱਦਾ ਦੇਣ ਵਰਗਾ ਸੀ, ਉਦੋਂ ਇੱਕ ਸਾਧਾਰਨ ਸਟਾਫ਼ ਨਰਸ ਨੇ ਮਨੁੱਖੀ ਅਧਿਕਾਰਾਂ ਖ਼ਾਤਰ ਸਮੇਂ ਦੀ ਸਭ ਤੋਂ ਤਾਕਤਵਰ ਮਸ਼ੀਨਰੀ ਨਾਲ ਆਢਾ ਲਾਇਆ। ਇਹ ਦਾਸਤਾਨ ਸਿਰਫ਼ ਇੱਕ ਅਦਾਲਤੀ ਕੇਸ ਦੀ ਨਹੀਂ, ਸਗੋਂ ਬਲਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਮਹਾਵੀਰ ਸਿੰਘ ਦੀ ਉਹ ਅਦੁੱਤੀ ਦਾਸਤਾਨ ਹੈ, ਜਿਨ੍ਹਾਂ ਨੇ ਆਪਣੀ ਜ਼ਿੰਦਗੀ, ਪਰਿਵਾਰ ਅਤੇ ਭਵਿੱਖ ਨੂੰ ਦਾਅ 'ਤੇ ਲਗਾ ਕੇ ਇੱਕ ਜ਼ਿੰਦਾ ਨੌਜਵਾਨ ਨੂੰ ਪੁਲਿਸ ਦੀਆਂ ਗੋਲੀਆਂ ਮਾਰਨ ਤੋਂ ਬਾਅਦ ਇਨਸਾਫ਼ ਲਈ ਸੁਪਰੀਮ ਕੋਰਟ ਤੱਕ ਸੰਘਰਸ਼ ਲੜਿਆ।

ਬਲਜੀਤ ਕੌਰ ਪੰਜਾਬ ਦੇ ਇੱਕ ਬਹੁਤ ਹੀ ਸਾਧਾਰਨ ਪੇਂਡੂ ਪਰਿਵਾਰ ਨਾਲ ਸਬੰਧ ਰੱਖਦੇ ਹਨ। ਦੇਸੀ ਮਾਹੌਲ ਵਿੱਚ ਜੰਮੇ-ਪਲੇ, ਪਿੰਡ ਦੇ ਸਰਕਾਰੀ ਸਕੂਲਾਂ ਵਿੱਚ ਟਾਟਾਂ ਅਤੇ ਜ਼ਮੀਨ 'ਤੇ ਬੈਠ ਕੇ ਪੜ੍ਹਾਈ ਕਰਨ ਵਾਲੀ ਬਲਜੀਤ ਕੌਰ ਨੇ ਜਦੋਂ ਨਰਸਿੰਗ ਦੀ ਸਿਖਲਾਈ ਲਈ ਸ਼ਹਿਰ ਵਿੱਚ ਕਦਮ ਰੱਖਿਆ ਸੀ, ਤਾਂ ਮਾਹੌਲ ਬਿਲਕੁਲ ਨਵਾਂ ਅਤੇ ਚੁਣੌਤੀਪੂਰਨ ਸੀ ਪਰ ਉਸ ਨੇ ਹਰ ਔਕੜ ਦਾ ਸਾਹਮਣਾ ਕੀਤਾ।

ਸਾਲ 1980 ਵਿੱਚ ਉਸ ਨੇ ਬਤੌਰ ਸਟਾਫ਼ ਨਰਸ ਸਰਕਾਰੀ ਸੇਵਾ ਸ਼ੁਰੂ ਕੀਤੀ ਸੀ। ਤਰਨ ਤਾਰਨ ਵਿੱਚ ਦੋ ਸਾਲ ਸੇਵਾਵਾਂ ਨਿਭਾਉਣ ਤੋਂ ਬਾਅਦ 1983 ਵਿੱਚ ਉਨ੍ਹਾਂ ਦੀ ਬਦਲੀ ਪੱਟੀ ਦੇ ਸਿਵਲ ਹਸਪਤਾਲ ਵਿੱਚ ਹੋ ਗਈ ਸੀ। ਇੱਥੇ ਉਨ੍ਹਾਂ ਨੇ ਲਗਾਤਾਰ 18 ਸਾਲ ਤੱਕ ਮਰੀਜ਼ਾਂ ਦੀ ਸੇਵਾ ਕੀਤੀ। ਉਸ ਦੌਰ ਵਿੱਚ ਹਸਪਤਾਲ ਦਾ ਸਟਾਫ਼ ਤਿੰਨ ਸ਼ਿਫਟਾਂ ਵਿੱਚ ਕੰਮ ਕਰਦਾ ਸੀ। ਪਰ 80 ਅਤੇ 90 ਦੇ ਦਹਾਕੇ ਦਾ ਪੰਜਾਬ ਕੋਈ ਆਮ ਪੰਜਾਬ ਨਹੀਂ ਸੀ—ਇਹ ਉਹ ਸਮਾਂ ਸੀ ਜਦੋਂ ਮਾਝੇ ਦੇ ਇਲਾਕੇ ਵਿੱਚ ਹਰ ਰੋਜ਼ ਚੀਕਾਂ, ਧਮਾਕੇ ਅਤੇ ਸਰਕਾਰੀ ਜਬਰ ਦੀਆਂ ਖ਼ਬਰਾਂ ਆਉਂਦੀਆਂ ਸਨ।

30 ਅਕਤੂਬਰ 1993 ਦਾ ਦਿਨ ਬਲਜੀਤ ਕੌਰ ਦੀ ਜ਼ਿੰਦਗੀ ਵਿੱਚ ਹਮੇਸ਼ਾ ਲਈ ਦਰਜ ਹੋ ਗਿਆ ਸੀ। ਉਸ ਦਿਨ ਪੱਟੀ ਸਿਵਲ ਹਸਪਤਾਲ ਵਿੱਚ ਬਲਜੀਤ ਕੌਰ ਆਪਣੀ ਸ਼ਿਫ਼ਟ 'ਤੇ ਸੀ। ਅਚਾਨਕ ਪੁਲਿਸ ਦੀਆਂ ਗੱਡੀਆਂ ਹਸਪਤਾਲ ਦੇ ਵਿਹੜੇ ਵਿੱਚ ਆ ਕੇ ਰੁਕੀਆਂ। ਪੁਲਿਸ ਇੱਕ ਕਥਿਤ ਐਨਕਾਊਂਟਰ ਤੋਂ ਬਾਅਦ ਦੋ ਨੌਜਵਾਨਾਂ ਨੂੰ ਲੈ ਕੇ ਆਈ ਸੀ। ਪੁਲਿਸ ਦਾ ਦਾਅਵਾ ਸੀ ਕਿ ਦੋਵੇਂ ਮਾਰੇ ਜਾ ਚੁੱਕੇ ਹਨ, ਪਰ ਹਸਪਤਾਲ ਦੇ ਸਟਾਫ਼ ਅਤੇ ਡਾਕਟਰਾਂ ਨੇ ਜਾਂਚ ਕੀਤੀ ਤਾਂ ਦੇਖਿਆ ਕਿ ਉਨ੍ਹਾਂ ਵਿੱਚੋਂ ਇੱਕ ਨੌਜਵਾਨ ਅਜੇ ਵੀ ਜ਼ਿੰਦਾ ਸੀ ਅਤੇ ਸਾਹ ਲੈ ਰਿਹਾ ਸੀ।

ਇਸ ਪੂਰੇ ਘਟਨਾਕ੍ਰਮ ਦੌਰਾਨ ਇੱਕ ਅਹਿਮ ਮੋੜ ਤਦ ਆਇਆ ਜਦੋਂ ਉਸ ਨੌਜਵਾਨ ਨੇ ਦਮ ਤੋੜਨ ਤੋਂ ਪਹਿਲਾਂ ਇਲਾਜ ਦੌਰਾਨ ਆਪਣਾ ਪਤਾ ਵਲਟੋਹਾ ਦੱਸਿਆ ਸੀ। ਵਲਟੋਹਾ ਨਰਸ ਬਲਜੀਤ ਕੌਰ ਦਾ ਆਪਣਾ ਪੇਕੇ/ਨਿਜੀ ਸਬੰਧਾਂ ਵਾਲਾ ਪਿੰਡ ਸੀ। ਨੌਜਵਾਨ ਨੇ ਕਿਹਾ ਸੀ, 'ਸਾਡੇ ਪਿੰਡ ਦੀ ਵੀ ਇੱਕ ਕੁੜੀ ਇੱਥੇ ਨਰਸ ਹੈ।'

ਇਹ ਸੁਣਦਿਆਂ ਹੀ ਬਲਜੀਤ ਕੌਰ ਦੇ ਕੰਨ ਖੜ੍ਹੇ ਹੋ ਗਏ ਸਨ। ਉਸ ਨੇ ਤੁਰੰਤ ਆਪਣੇ ਪਤੀ ਮਹਾਵੀਰ ਸਿੰਘ ਨੂੰ ਹਸਪਤਾਲ ਬੁਲਾਇਆ। ਮਹਾਵੀਰ ਸਿੰਘ ਨੇ ਜਦੋਂ ਡਾਕਟਰ ਨਾਲ ਗੱਲ ਕੀਤੀ, ਤਾਂ ਡਾਕਟਰ ਨੇ ਕਿਹਾ ਕਿ ਜੇ ਇਸ ਮੁੰਡੇ ਨੂੰ ਤੁਰੰਤ ਅੰਮ੍ਰਿਤਸਰ ਮੈਡੀਕਲ ਕਾਲਜ ਜਾਂ ਕਿਸੇ ਵੱਡੇ ਹਸਪਤਾਲ ਵਿੱਚ ਰੈਫ਼ਰ ਕਰ ਦਿੱਤਾ ਜਾਵੇ ਤਾਂ ਇਸ ਦੀ ਜਾਨ ਬਚ ਸਕਦੀ ਹੈ।

ਹਸਪਤਾਲ ਦੇ ਡਾਕਟਰਾਂ ਅਤੇ ਨਰਸ ਬਲਜੀਤ ਕੌਰ ਨੇ ਬਿਨਾਂ ਸਮਾਂ ਗੁਆਏ ਉਸ ਜ਼ਖ਼ਮੀ ਨੌਜਵਾਨ ਨੂੰ ਬਚਾਉਣ ਲਈ ਗਲੂਕੋਜ਼ ਦੀ ਡ੍ਰਿਪ ਲਗਾਈ ਅਤੇ ਇਲਾਜ ਸ਼ੁਰੂ ਕਰ ਦਿੱਤਾ। ਡਾਕਟਰ ਨੇ ਸਿੱਧਾ ਪੁਲਿਸ ਨੂੰ ਕਿਹਾ: 'ਸਾਡੀ ਡਿਊਟੀ ਬੰਦੇ ਦੀ ਜਾਨ ਬਚਾਉਣਾ ਹੈ, ਉਸ ਨੂੰ ਮਾਰਨਾ ਨਹੀਂ।'

ਪੁਲਿਸ ਵਾਲੇ ਅਤੇ ਤਤਕਾਲੀ ਐੱਸ.ਐੱਚ.ਓ. ਇਹ ਦੇਖ ਕੇ ਬੌਖਲਾ ਗਏ, ਕਿਉਂਕਿ ਉਨ੍ਹਾਂ ਦੇ ਕਾਗਜ਼ੀ ਐਨਕਾਊਂਟਰ ਦੀ ਕਹਾਣੀ ਝੂਠੀ ਸਾਬਤ ਹੋ ਰਹੀ ਸੀ। ਪੁਲਿਸ ਟੀਮ ਨੇ ਡਾਕਟਰਾਂ ਅਤੇ ਨਰਸਿੰਗ ਸਟਾਫ਼ ਦੀਆਂ ਅਪੀਲਾਂ ਨੂੰ ਨਕਾਰਦਿਆਂ ਧੱਕੇਸ਼ਾਹੀ ਕੀਤੀ। ਉਨ੍ਹਾਂ ਨੇ ਹਸਪਤਾਲ ਵਿੱਚ ਲੇਟੇ ਜ਼ਖ਼ਮੀ ਨੌਜਵਾਨ ਦੇ ਹੱਥਾਂ ਵਿੱਚੋਂ ਡ੍ਰਿਪ ਦੀ ਸੂਈ ਜ਼ਬਰਦਸਤੀ ਖਿੱਚ ਕੇ ਲਾਹ ਦਿੱਤੀ ਅਤੇ ਉਸ ਨੂੰ ਚੁੱਕ ਕੇ ਨਾਲ ਲੈ ਗਏ।



ਹਸਪਤਾਲ ਦਾ ਸਟਾਫ਼ ਬੇਵੱਸ ਦੇਖਦਾ ਰਹਿ ਗਿਆ। ਪੁਲਿਸ ਉਸ ਨੌਜਵਾਨ ਨੂੰ ਹਸਪਤਾਲ ਤੋਂ ਬਾਹਰ ਲੈ ਗਈ ਅਤੇ ਕੁਝ ਹੀ ਦੂਰੀ 'ਤੇ ਲਿਜਾ ਕੇ ਉਸ ਨੂੰ ਦੁਬਾਰਾ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ। ਲਗਭਗ 30 ਤੋਂ 45 ਮਿੰਟਾਂ ਦੇ ਅੰਦਰ-ਅੰਦਰ ਪੁਲਿਸ ਉਹੀ ਨੌਜਵਾਨ ਦੀ ਲਾਸ਼ ਵਾਪਸ ਲੈ ਕੇ ਹਸਪਤਾਲ ਆ ਗਈ ਅਤੇ ਹੁਣ ਉਸ ਦਾ ਪੋਸਟਮਾਰਟਮ ਕਰਵਾਉਣ ਦਾ ਦਬਾਅ ਪਾਉਣ ਲੱਗੀ।

ਮਹਾਵੀਰ ਸਿੰਘ ਅਤੇ ਬਲਜੀਤ ਕੌਰ ਨੇ ਮਾਨਵਤਾ ਦੇ ਨਾਤੇ ਆਪਣਾ ਫ਼ਰਜ਼ ਨਿਭਾਉਣ ਦਾ ਫ਼ੈਸਲਾ ਕੀਤਾ। ਮਹਾਵੀਰ ਸਿੰਘ ਨੇ ਤੁਰੰਤ ਰੈਫ਼ਰਲ ਸਲਿੱਪ ਅਤੇ ਐਂਬੂਲੈਂਸ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕੀਤੀ।

ਗੁਪਤ ਤੌਰ 'ਤੇ ਬਾਹਰ ਖ਼ਬਰ ਭੇਜੀ ਗਈ ਕਿ ਪੁਲਿਸ ਜਿਸ ਨੌਜਵਾਨ ਨੂੰ ਮਾਰ ਕੇ ਲਿਆਈ ਸੀ, ਉਹ ਅਜੇ ਜ਼ਿੰਦਾ ਸੀ।

ਉਸ ਨੌਜਵਾਨ ਦੇ ਮਾਪਿਆਂ ਤੱਕ ਵੀ ਸੁਨੇਹਾ ਪਹੁੰਚਾਇਆ ਗਿਆ।

ਹਾਲਾਂਕਿ ਪੁਲਿਸ ਨੇ ਉਸ ਨੌਜਵਾਨ ਨੂੰ ਜ਼ਿੰਦਾ ਨਹੀਂ ਛੱਡਿਆ, ਪਰ ਬਲਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਨੇ ਤੈਅ ਕਰ ਲਿਆ ਕਿ ਇਸ ਜ਼ੁਲਮ ਨੂੰ ਰਿਕਾਰਡ 'ਤੇ ਲਿਆਂਦਾ ਜਾਵੇਗਾ।

**ਨਰਸ ਤੇ ਉਸਦੇ ਪਤੀ ਦਾ ਪੁਲਿਸ ਖ਼ਿਲਾਫ਼ ਸੰਘਰਸ਼**

ਇਸ ਘਟਨਾ ਤੋਂ ਬਾਅਦ ਬਲਜੀਤ ਕੌਰ ਅਤੇ ਮਹਾਵੀਰ ਸਿੰਘ ਲਈ ਸੰਘਰਸ਼ ਦਾ ਇੱਕ ਅਜਿਹਾ ਦੌਰ ਸ਼ੁਰੂ ਹੋਇਆ ਜਿਸ ਵਿੱਚ ਹਰ ਕਦਮ 'ਤੇ ਮੌਤ ਦਾ ਖ਼ਤਰਾ ਸੀ।

ਮਹਾਵੀਰ ਸਿੰਘ ਨੇ ਪੁਲਿਸ ਦੇ ਦਬਾਅ ਅੱਗੇ ਝੁਕਣ ਦੀ ਬਜਾਏ ਆਪਣੇ ਵਕੀਲ ਸਾਥੀਆਂ ਦੀ ਮਦਦ ਨਾਲ ਪੂਰੀ ਘਟਨਾ ਦਾ ਵੇਰਵਾ ਲਿਖ ਕੇ ਭਾਰਤ ਦੇ ਰਾਸ਼ਟਰਪਤੀ ਅਤੇ ਚੀਫ਼ ਜਸਟਿਸ ਆਫ਼ ਇੰਡੀਆ ਨੂੰ ਟੈਲੀਗ੍ਰਾਮ ਭੇਜ ਦਿੱਤੀ। ਇਸ ਟੈਲੀਗ੍ਰਾਮ ਨੇ ਸਰਕਾਰੀ ਗਲਿਆਰਿਆਂ ਵਿੱਚ ਭੂਚਾਲ ਲਿਆ ਦਿੱਤਾ। ਮਾਮਲਾ ਅਦਾਲਤ ਤੱਕ ਪਹੁੰਚਿਆ ਅਤੇ ਸੁਪਰੀਮ ਕੋਰਟ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਜਾਂਚ ਦੇ ਹੁਕਮ ਦਿੱਤੇ।

ਪੁਲਿਸ ਪ੍ਰਸ਼ਾਸਨ ਨੇ ਮਾਮਲਾ ਦਬਾਉਣ ਲਈ ਹਰ ਹਰਬਾ ਵਰਤਿਆ। ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆ। ਕੇਸ ਵਾਪਸ ਲੈਣ ਲਈ ਵੱਡੇ ਲਾਲਚ ਦਿੱਤੇ ਗਏ।

ਮਹਾਵੀਰ ਸਿੰਘ ਨੂੰ ਕਈ ਵਾਰ ਪੁਲਿਸ ਜਾਂ ਅਗਿਆਤ ਲੋਕਾਂ ਵੱਲੋਂ ਚੁੱਕਣ (ਅਗਵਾ ਕਰਨ) ਦੀ ਕੋਸ਼ਿਸ਼ ਕੀਤੀ ਗਈ। ਉਸ ਸਮੇਂ ਸਥਾਨਕ ਮੀਡੀਆ ਨੇ ਪੁਲਿਸ ਦੇ ਡਰੋਂ ਖ਼ਬਰ ਛਾਪਣ ਤੋਂ ਇਨਕਾਰ ਕਰ ਦਿੱਤਾ। ਲੋਕ ਕਹਿੰਦੇ ਸਨ, 'ਸਮੁੰਦਰ ਵਿੱਚ ਰਹਿ ਕੇ ਮਗਰਮੱਛ ਨਾਲ ਵੈਰ ਨਹੀਂ ਲਿਆ ਜਾ ਸਕਦਾ।'

ਇਸ ਸਭ ਦੇ ਬਾਵਜੂਦ, ਬਲਜੀਤ ਕੌਰ ਹਸਪਤਾਲ ਦੇ ਕੁਆਰਟਰ ਵਿੱਚ ਇਕੱਲੇ ਰਹਿੰਦੇ ਹੋਏ ਵੀ ਨਹੀਂ ਡਰੇ। ਕਈ ਵਾਰ ਕਮਿਊਨਿਸਟ ਪਾਰਟੀ ਦੇ ਸਾਥੀਆਂ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਨੇ ਉਨ੍ਹਾਂ ਦੇ ਘਰ ਪਹਿਰਾ ਦਿੱਤਾ ਤਾਂ ਜੋ ਰਾਤ ਸਮੇਂ ਕੋਈ ਅਣਹੋਣੀ ਨਾ ਵਾਪਰ ਸਕੇ।

**ਸੀ.ਬੀ.ਆਈ. ਜਾਂਚ ਅਤੇ ਅਦਾਲਤੀ ਫ਼ੈਸਲਾ**

ਕੇਸ ਦੀ ਗੰਭੀਰਤਾ ਨੂੰ ਦੇਖਦਿਆਂ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ। ਹਸਪਤਾਲ ਦੇ ਸਰਕਾਰੀ ਰਿਕਾਰਡ, ਐਂਟਰੀਆਂ ਅਤੇ ਨਰਸ ਬਲਜੀਤ ਕੌਰ ਤੇ ਡਾਕਟਰਾਂ ਦੀਆਂ ਗਵਾਹੀਆਂ ਦੇ ਆਧਾਰ 'ਤੇ ਪੁਲਿਸ ਦੀ ਝੂਠੀ ਕਹਾਣੀ ਦਾ ਪਰਦਾਫਾਸ਼ ਹੋ ਗਿਆ। ਮਾਮਲਾ ਅੰਮ੍ਰਿਤਸਰ ਸੈਸ਼ਨ ਕੋਰਟ ਤੋਂ ਹੁੰਦਾ ਹੋਇਆ ਦਿੱਲੀ ਅਤੇ ਸੁਪਰੀਮ ਕੋਰਟ ਤੱਕ ਗਿਆ। ਅਦਾਲਤ ਨੇ ਮੁਲਜ਼ਮ ਪੁਲਿਸ ਅਧਿਕਾਰੀ ਸੀਤਾ ਰਾਮ ਨੂੰ ਸ਼ੁਰੂਆਤੀ ਦੌਰ ਵਿੱਚ ਸਜ਼ਾ ਸੁਣਾਈ (ਹਾਲਾਂਕਿ ਬਾਅਦ ਵਿੱਚ ਹਾਈ ਕੋਰਟ ਤੋਂ ਉਨ੍ਹਾਂ ਨੂੰ ਸ਼ੱਕ ਦੇ ਲਾਭ ਆਧਾਰ 'ਤੇ ਬਰੀ ਕਰ ਦਿੱਤਾ ਗਿਆ ਸੀ)।

ਨਰਸ ਬਲਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਮਹਾਵੀਰ ਸਿੰਘ ਨੇ ਆਪਣੀਆਂ ਜਾਨਾਂ ਜੋਖਮ ਵਿੱਚ ਪਾ ਕੇ, ਧਮਕੀਆਂ ਅਤੇ ਅਗਵਾ ਹੋਣ ਦੇ ਡਰ ਦੇ ਬਾਵਜੂਦ ਸੱਚ ਬੋਲਿਆ, ਸੰਘਰਸ਼ ਲੜਿਆ। ਪਰ ਅੰਤ ਵਿੱਚ ਦੋਸ਼ੀ ਦਾ ਬਰੀ ਹੋ ਜਾਣਾ ਇਹ ਦਰਸਾਉਂਦਾ ਹੈ ਕਿ ਸਰਕਾਰੀ ਤੰਤਰ ਅੱਗੇ ਆਮ ਨਾਗਰਿਕ ਦੀ ਸੱਚੀ ਗਵਾਹੀ ਵੀ ਤਕਨੀਕੀ ਚੋਰ-ਮੋਰੀਆਂ ਅੱਗੇ ਬੇਵੱਸ ਹੋ ਜਾਂਦੀ ਹੈ। ਇਸ ਕੇਸ ਵਿੱਚ ਅਸਲ ਨਿਆਂ ਤਦ ਹੁੰਦਾ ਜੇਕਰ ਜ਼ਿੰਦਾ ਮਰੀਜ਼ ਨੂੰ ਹਸਪਤਾਲ ਤੋਂ ਚੁੱਕਣ ਅਤੇ ਉਸ ਨੂੰ ਦੁਬਾਰਾ ਗੋਲੀ ਮਾਰਨ ਵਾਲੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਜ਼ੁਲਮ ਦੀ ਢੁਕਵੀਂ ਸਜ਼ਾ ਮਿਲਦੀ। ਪੀੜਤ ਪਰਿਵਾਰ ਨੂੰ ਇਹ ਤਸੱਲੀ ਮਿਲਦੀ ਕਿ ਉਨ੍ਹਾਂ ਦੇ ਨਿਰਦੋਸ਼ ਪੁੱਤ ਦੇ ਕਾਤਲਾਂ ਨੂੰ ਸਮੇਂ ਦੇ ਸਿਸਟਮ ਨੇ ਬਖ਼ਸ਼ਿਆ ਨਹੀਂ।

ਇਸ ਕੇਸ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਪੁਲਿਸ ਝੂਠੇ ਐਨਕਾਊਂਟਰ ਕਰਦੀ ਸੀ। ਭਾਵੇਂ ਦੋਸ਼ੀ ਨੂੰ ਅਦਾਲਤ ਤੋਂ ਸਜ਼ਾ ਨਹੀਂ ਮਿਲੀ, ਪਰ ਬਲਜੀਤ ਕੌਰ ਦੀ ਗਵਾਹੀ ਨੇ ਪੁਲਿਸ ਦੇ ਜਬਰ ਨੂੰ ਨੰਗਾ ਕੀਤਾ, ਜਿਸ ਨਾਲ ਅੱਗੇ ਚੱਲ ਕੇ ਕਈ ਹੋਰ ਬੇਗੁਨਾਹਾਂ ਦੀਆਂ ਜਾਨਾਂ ਬਚੀਆਂ—ਇਹੀ ਇਸ ਸੰਘਰਸ਼ ਦਾ ਸਭ ਤੋਂ ਵੱਡਾ ਅਤੇ ਅਸਲ 'ਨਿਆਂ' ਸੀ।

ਮਨੁੱਖੀ ਅਧਿਕਾਰਾਂ ਦੇ ਮਹਾਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ ਅਤੇ ਅਦਾਕਾਰ ਦਿਲਜੀਤ ਦੋਸਾਂਝ ਵੱਲੋਂ ਅਭਿਨੀਤ ਫ਼ਿਲਮ 'ਸਤਲੁਜ' (ਜੋ ਪਹਿਲਾਂ ਓ.ਟੀ.ਟੀ. ਪਲੇਟਫ਼ਾਰਮ ਜ਼ੀ5 'ਤੇ ਰਿਲੀਜ਼ ਹੋਈ ਅਤੇ ਬਾਅਦ ਵਿੱਚ ਹਟਾ ਲਈ ਗਈ) ਵਿੱਚ ਇਸ ਘਟਨਾ ਅਤੇ ਨਰਸ ਬਲਜੀਤ ਕੌਰ ਦੇ ਕਿਰਦਾਰ ਨੂੰ ਵੀ ਦਰਸਾਇਆ ਗਿਆ ਹੈ।

**(ਬਾਕੀ ਸਫ਼ਾ 26 'ਤੇ)**

# ਵਿੰਡਸਰ ਵਿਖੇ ਜਿਮ 'ਚ ਸਿੱਖ ਨੌਜਵਾਨ ਨੂੰ ਕ੍ਰਿਪਾਨ ਸਮੇਤ ਰੋਕਣ 'ਤੇ ਛਿੜਿਆ ਵੱਡਾ ਵਿਵਾਦ

## ਧਾਰਮਿਕ ਆਜ਼ਾਦੀ 'ਤੇ ਮੁੜ ਛਿੜੀ ਬਹਿਸ

## ਮਨੁੱਖੀ ਅਧਿਕਾਰ ਕਾਨੂੰਨਾਂ ਦੀ ਉਲੰਘਣਾ ਦਾ ਲੱਗਿਆ ਇਲਜ਼ਾਮ

ਓਨਟਾਰੀਓ/ਏ.ਟੀ.ਨਿਊਜ਼: ਕੈਨੇਡਾ ਦੇ ਓਨਟਾਰੀਓ ਸੂਬੇ ਦੇ ਵਿੰਡਸਰ ਸ਼ਹਿਰ ਵਿੱਚ ਸਥਿਤ 'ਗੁੱਡਲਾਈਫ ਫਿਟਨੈਸ' ਜਿਮ ਵਿੱਚ ਇੱਕ ਸਿੱਖ ਨੌਜਵਾਨ ਨੂੰ ਕ੍ਰਿਪਾਨ ਪਹਿਨਣ ਕਾਰਨ ਬਾਹਰ ਕੱਢਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿੱਖ ਕੰਟੈਂਟ ਕ੍ਰਿਏਟਰ ਅਤੇ ਟਿਕਟੌਕ ਇੰਫਲੂਐਂਸਰ ਗੁਰਪ੍ਰਤਾਪ ਸਿੰਘ ਖ਼ਾਲਸਾ ਵੱਲੋਂ ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ, ਜਿਸ ਤੋਂ ਬਾਅਦ ਕੈਨੇਡਾ ਵਿੱਚ ਧਾਰਮਿਕ ਆਜ਼ਾਦੀ, ਨਸਲੀ ਪ੍ਰੋਫਾਈਲਿੰਗ ਅਤੇ ਜਨਤਕ ਤੇ ਨਿੱਜੀ ਥਾਵਾਂ 'ਤੇ ਕਿਰਪਾਨ ਪਹਿਨਣ ਦੇ ਅਧਿਕਾਰ ਨੂੰ ਲੈ ਕੇ ਬਹਿਸ ਇੱਕ ਵਾਰ ਫਿਰ ਤੋਂ ਗਰਮਾ ਗਈ ਹੈ।

ਵਾਇਰਲ ਹੋਈ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਜਿਮ ਦੀ ਇੱਕ ਮੁਲਾਜ਼ਮ ਗੁਰਪ੍ਰਤਾਪ ਸਿੰਘ ਨੂੰ ਕਸਰਤ ਕਰਨ ਤੋਂ ਰੋਕਦੀ ਹੈ ਅਤੇ ਜਿਮ ਛੱਡ ਕੇ ਜਾਣ ਲਈ ਕਹਿੰਦੀ ਹੈ। ਜਿਮ ਮੁਲਾਜ਼ਮ ਦਾ ਦਾਅਵਾ ਸੀ ਕਿ ਕਿਸੇ ਹੋਰ ਮੈਂਬਰ ਨੇ ਉਸ ਕੋਲ ਕ੍ਰਿਪਾਨ ਬਾਰੇ ਸ਼ਿਕਾਇਤ ਕੀਤੀ ਸੀ, ਜਿਸ ਕਾਰਨ ਹੋਰਾਂ ਦੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਉਸ ਨੂੰ ਕ੍ਰਿਪਾਨ ਨੂੰ ਹਥਿਆਰ ਮੰਨ ਕੇ ਬਾਹਰ ਜਾਣ ਲਈ ਕਿਹਾ ਗਿਆ ਸੀ।

ਦੂਜੇ ਪਾਸੇ, ਗੁਰਪ੍ਰਤਾਪ ਸਿੰਘ ਖ਼ਾਲਸਾ ਨੇ ਸਪੱਸ਼ਟ ਕੀਤਾ ਕਿ ਕ੍ਰਿਪਾਨ ਕੋਈ ਹਥਿਆਰ ਨਹੀਂ ਸਗੋਂ ਸਿੱਖ ਧਰਮ ਦਾ ਇੱਕ ਅਟੁੱਟ ਧਾਰਮਿਕ ਅੰਗ ਹੈ। ਉਸ ਨੇ ਦੋਸ਼ ਲਗਾਇਆ ਕਿ ਉਸ ਨਾਲ ਨਸਲੀ ਵਿਤਕਰਾ ਕੀਤਾ ਗਿਆ ਹੈ, ਜਦਕਿ ਜਿਮ ਵਿੱਚ ਦਾਖਲ ਹੁੰਦੇ ਸਮੇਂ ਵੀ ਇਹ ਕ੍ਰਿਪਾਨ ਉਸ ਦੇ ਸਰੀਰ 'ਤੇ ਨਿਯਮਾਂ ਮੁਤਾਬਕ ਮੌਜੂਦ ਸੀ।

**'ਗੁੱਡਲਾਈਫ ਫਿਟਨੈਸ' ਕੰਪਨੀ ਨੇ ਕੀ ਕਿਹਾ?**

ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਲੱਖਾਂ ਲੋਕਾਂ ਦੁਆਰਾ ਦੇਖੇ ਜਾਣ ਤੋਂ ਬਾਅਦ ਜਿਮ ਪ੍ਰਬੰਧਕਾਂ ਵੱਲੋਂ ਅਧਿਕਾਰਤ ਸਪੱਸ਼ਟੀਕਰਨ ਜਾਰੀ ਕੀਤਾ ਗਿਆ। ਕੰਪਨੀ ਦੀ ਸੀਨੀਅਰ ਮੀਤ ਪ੍ਰਧਾਨ ਟਰੇਸੀ ਮੈਥਿਊਜ਼ ਨੇ ਮੰਨਿਆ ਕਿ ਵੀਡੀਓ ਵਿੱਚ ਦਿਖਾਈ



ਗਈ ਘਟਨਾ ਵਿੱਚ ਕੰਪਨੀ ਦੇ ਤੈਅ ਨਿਯਮਾਂ ਅਤੇ ਅਭਿਆਸਾਂ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ ਸੀ।

ਉਨ੍ਹਾਂ ਦੁਹਰਾਇਆ ਕਿ ਕੰਪਨੀ ਕੈਨੇਡਾ ਦੇ ਮਨੁੱਖੀ ਅਧਿਕਾਰ ਕਾਨੂੰਨਾਂ ਦਾ ਪੂਰਾ ਸਤਿਕਾਰ ਕਰਦੀ ਹੈ ਅਤੇ ਸਾਰਿਆਂ ਲਈ ਇੱਕ ਵਧੀਆ ਮਾਹੌਲ ਬਣਾਉਣ ਲਈ ਵਚਨਬੱਧ ਹੈ। ਇਸ ਦੇ ਨਾਲ ਹੀ ਪ੍ਰਬੰਧਕਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਘਟਨਾ ਵਿੱਚ ਸ਼ਾਮਲ ਮੁਲਾਜ਼ਮ ਨੂੰ ਨੌਕਰੀ ਤੋਂ ਨਹੀਂ ਕੱਢਿਆ ਗਿਆ ਹੈ ਅਤੇ ਉਹ ਆਪਣੇ ਸਟਾਫ਼ ਦੇ ਨਾਲ ਖੜ੍ਹੇ ਹਨ।

**ਕੈਨੇਡਾ ਦੀ ਸੁਪਰੀਮ ਕੋਰਟ ਦਾ 2006 ਦਾ ਇਤਿਹਾਸਕ ਫੈਸਲਾ**

ਇਸ ਮਾਮਲੇ ਦੇ ਤੂਲ ਫੜਨ ਨਾਲ ਕੈਨੇਡਾ ਦੀ ਸੁਪਰੀਮ ਕੋਰਟ ਦੇ 2006 ਦੇ ਪ੍ਰਸਿੱਧ ਫੈਸਲੇ ਦਾ ਜ਼ਿਕਰ ਮੁੜ ਜ਼ੋਰ-ਸ਼ੋਰ ਨਾਲ ਹੋਣ ਲੱਗਾ ਹੈ। ਸੁਪਰੀਮ ਕੋਰਟ ਨੇ ਆਪਣੇ ਇਤਿਹਾਸਕ ਫੈਸਲੇ ਵਿੱਚ ਸਪੱਸ਼ਟ ਨਿਰਣਾ ਦਿੱਤਾ ਸੀ ਕਿ ਕ੍ਰਿਪਾਨ ਨੂੰ ਹਥਿਆਰ ਵਜੋਂ ਨਹੀਂ, ਸਗੋਂ ਸਿੱਖਾਂ ਦੇ ਇੱਕ ਪਵਿੱਤਰ ਧਾਰਮਿਕ ਚਿੰਨ੍ਹ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਅਦਾਲਤ ਅਨੁਸਾਰ ਕ੍ਰਿਪਾਨ 'ਤੇ ਮੁਕੰਮਲ ਪਾਬੰਦੀ ਲਗਾਉਣਾ ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਅਧੀਨ ਮਿਲੇ ਧਾਰਮਿਕ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਦਾ ਉਲੰਘਣ ਹੈ।

ਅਦਾਲਤੀ ਫੈਸਲੇ ਵਿੱਚ ਇਹ ਵੀ ਨੋਟ ਕੀਤਾ ਗਿਆ ਸੀ ਕਿ ਸਿੱਖਾਂ ਵੱਲੋਂ ਕੈਨੇਡਾ ਵਿੱਚ ਸੌ ਸਾਲ ਤੋਂ ਵੱਧ ਸਮੇਂ ਤੋਂ ਕਿਰਪਾਨ ਧਾਰਨ ਕੀਤੀ ਜਾ ਰਹੀ ਹੈ ਅਤੇ ਸਕੂਲਾਂ ਜਾਂ ਜਨਤਕ ਥਾਵਾਂ 'ਤੇ ਇਸ ਨਾਲ ਕਿਸੇ ਹਿੰਸਕ ਘਟਨਾ ਦਾ ਸਾਹਮਣੇ ਨਾ ਆਉਣਾ ਇਸ ਦੇ ਸ਼ਾਂਤਮਈ ਮਨੋਰਥ ਨੂੰ ਦਰਸਾਉਂਦਾ ਹੈ।

**ਮੀਡੀਆ ਰਿਪੋਰਟਿੰਗ ਅਤੇ ਸੁਰੱਖਿਆ ਬਨਾਮ ਧਾਰਮਿਕ ਅਧਿਕਾਰਾਂ ਦੀ ਬਹਿਸ**

ਤਾਜ਼ਾ ਘਟਨਾ ਤੋਂ ਬਾਅਦ ਕੁਝ ਮੀਡੀਆ ਅਦਾਰਿਆਂ, ਜਿਵੇਂ ਕਿ 'ਜੂਨੋ ਨਿਊਜ਼' ਦੇ ਪੱਤਰਕਾਰ ਕਲੇਟਨ ਡਿਮੇਨ ਵੱਲੋਂ ਇਸ ਮੁੱਦੇ 'ਤੇ ਚਰਚਾ ਨੂੰ ਹੋਰ ਹਵਾ ਦਿੱਤੀ ਗਈ। ਵਿਰੋਧੀ ਤਰਕ ਦੇਣ ਵਾਲੇ ਹਲਕਿਆਂ ਵੱਲੋਂ ਕ੍ਰਿਪਾਨ ਦੀ ਵਰਤੋਂ ਨਾਲ ਜੁੜੀਆਂ ਕੁਝ ਇਤਿਹਾਸਕ ਘਟਨਾਵਾਂ ਦਾ ਹਵਾਲਾ ਦੇ ਕੇ ਜਿਮ ਵਰਗੀਆਂ ਥਾਵਾਂ 'ਤੇ ਸੁਰੱਖਿਆ ਚਿੰਤਾਵਾਂ ਉਠਾਉਣ ਦੀ ਕੋਸ਼ਿਸ਼ ਕੀਤੀ ਗਈ।

ਦੂਜੇ ਪਾਸੇ, ਮਨੁੱਖੀ ਅਧਿਕਾਰ ਮਾਹਿਰਾਂ ਅਤੇ ਓਨਟਾਰੀਓ ਹਿਊਮਨ ਰਾਈਟਸ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਨਿੱਜੀ ਅਦਾਰਿਆਂ ਅਤੇ ਸੰਸਥਾਵਾਂ ਦੀ ਇਹ ਕਾਨੂੰਨੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਧਾਰਮਿਕ ਚਿੰਨ੍ਹਾਂ ਲਈ ਢੁਕਵਾਂ ਸਮਝੌਤਾ ਲੱਭਣ—ਜਿਵੇਂ ਕਿ ਕਿਰਪਾਨ ਨੂੰ ਕੱਪੜਿਆਂ ਦੇ ਅੰਦਰ ਢੱਕ ਕੇ ਰੱਖਣ ਦੀ ਇਜਾਜ਼ਤ ਦੇਣਾ।

**(ਬਾਕੀ ਸਫ਼ਾ 26 'ਤੇ)**

# ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਹੇਠ 'ਦਮਦਮੀ ਟਕਸਾਲ ਸੇਵਕ ਜਥਾ' ਦੀ ਸਥਾਪਨਾ

## ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ, ਨਸ਼ਾ-ਮੁਕਤੀ, ਸਮਾਜਿਕ ਸੁਧਾਰ ਅਤੇ ਪੰਥਕ ਹੱਕਾਂ ਦੀ ਰਾਖੀ ਲਈ ਵੱਡਾ ਉਪਰਾਲਾ

ਚੌਕ ਮਹਿਤਾ/ਏ.ਟੀ.ਨਿਊਜ਼: ਸਿੱਖ ਪੰਥ ਅਤੇ ਪੰਜਾਬ ਸਾਹਮਣੇ ਖੜ੍ਹੀਆਂ ਧਾਰਮਿਕ, ਸਮਾਜਿਕ ਅਤੇ ਵਿਚਾਰਧਾਰਕ ਚੁਣੌਤੀਆਂ ਦਾ ਸੰਗਠਿਤ ਢੰਗ ਨਾਲ ਸਾਹਮਣਾ ਕਰਨ ਦੇ ਮੰਤਵ ਨਾਲ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਹੇਠ 'ਦਮਦਮੀ ਟਕਸਾਲ ਸੇਵਕ ਜਥਾ' ਨਾਮੀ ਨਵੇਂ ਸੰਗਠਨ ਦੀ ਸਥਾਪਨਾ ਕੀਤੀ ਗਈ ਹੈ।





ਦਮਦਮੀ ਟਕਸਾਲ ਦੇ ਮੁਖੀ ਨੇ ਇਸ ਜਥੇ ਦਾ ਮੰਤਵ ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਵਿੱਚ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ, ਨੌਜਵਾਨ ਪੀੜ੍ਹੀ ਨੂੰ ਗੁਰਬਾਣੀ, ਗੁਰਮਤਿ ਅਤੇ ਸਿੱਖ ਇਤਿਹਾਸ ਨਾਲ ਜੋੜਨ, ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਲਈ ਵਿਆਪਕ ਜਾਗਰੂਕਤਾ ਮੁਹਿੰਮਾਂ ਚਲਾਉਣ ਅਤੇ ਧਰਮ ਪਰਿਵਰਤਨ ਵਰਗੀਆਂ ਚੁਣੌਤੀਆਂ ਪ੍ਰਤੀ ਸਮਾਜ ਨੂੰ ਸੁਚੇਤ ਕਰਨ ਲਈ ਸਰਗਰਮ ਭੂਮਿਕਾ ਨਿਭਾਉਣਾ ਦੱਸਿਆ ਹੈ ਪਰ ਪੰਥਕ ਅਤੇ ਰਾਜਨੀਤਿਕ ਹਲਕਿਆਂ ਵਿੱਚ ਦਮਦਮੀ ਟਕਸਾਲ ਨੂੰ ਸਿਰਫ਼ ਇੱਕ ਧਾਰਮਿਕ ਸੰਸਥਾ ਤੱਕ ਸੀਮਤ ਕਰਕੇ ਨਹੀਂ ਦੇਖਿਆ ਜਾਂਦਾ। ਸਿੱਖ ਪੰਥ ਅਤੇ ਪੰਜਾਬ ਦੇ ਇਤਿਹਾਸ ਵਿੱਚ ਟਕਸਾਲ ਨੇ ਸਮੇਂ-ਸਮੇਂ 'ਤੇ ਧਾਰਮਿਕ, ਸਮਾਜਿਕ ਅਤੇ ਜਨਤਕ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀ ਭੂਮਿਕਾ ਨਿਭਾਈ ਹੈ। ਇਸੇ ਪਿਛੋਕੜ ਵਿੱਚ 'ਦਮਦਮੀ ਟਕਸਾਲ ਸੇਵਕ ਜਥੇ' ਦੀ ਸਥਾਪਨਾ ਨੂੰ ਵੀ ਇੱਕ ਮਹੱਤਵਪੂਰਨ ਸੰਗਠਨਾਤਮਿਕ ਵਿਕਾਸ ਮੰਨਿਆ ਜਾ ਰਿਹਾ ਹੈ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਸੰਗਠਨ ਦਾ ਵਿਸਤਾਰ ਅਤੇ ਪੰਥਕ ਮਸਲਿਆਂ 'ਤੇ ਸਰਗਰਮ ਭੂਮਿਕਾ ਦੇ ਮੱਦੇਨਜ਼ਰ ਰਾਜਨੀਤਿਕ ਅਤੇ ਪੰਥਕ ਹਲਕੇ 'ਚ ਇਸ ਦੇ ਪ੍ਰਭਾਵ ਦਾ ਦਾਇਰਾ ਸਮੇਂ ਦੇ ਨਾਲ ਪੰਜਾਬ ਦੀ ਜਨਤਕ ਅਤੇ ਰਾਜਨੀਤਿਕ ਚਰਚਾ ਤੱਕ ਵੀ ਪਹੁੰਚ ਸਕਦਾ ਹੈ।ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਜਥਾ ਸਿੱਖ ਪੰਥ ਨਾਲ ਜੁੜੇ ਅਹਿਮ ਮਸਲਿਆਂ ਨੂੰ ਸੰਵਿਧਾਨਕ ਅਤੇ ਲੋਕਤੰਤਰੀ ਢੰਗ ਨਾਲ ਉਚਿਤ ਮੰਚਾਂ 'ਤੇ ਮਜ਼ਬੂਤੀ ਨਾਲ ਉਠਾਏਗਾ, ਸਿੱਖ ਸੰਸਥਾਵਾਂ ਦੀ ਮਰਿਆਦਾ, ਗੁਰਦੁਆਰਾ ਪ੍ਰਬੰਧ, ਪੰਜਾਬ ਦੇ ਹੱਕਾਂ, ਸਮਾਜਿਕ ਏਕਤਾ, ਭਾਈਚਾਰਕ ਸਾਂਝ ਅਤੇ ਅਮਨ-ਸ਼ਾਂਤੀ ਨੂੰ ਮਜ਼ਬੂਤ ਕਰਨ ਲਈ ਵੀ ਨਿਰੰਤਰ ਯਤਨ ਕਰੇਗਾ।ਜਥਾ ਸਮਾਜ ਵੰਡਣ ਵਾਲੀਆਂ ਅਤੇ ਨੌਜਵਾਨਾਂ ਨੂੰ ਗੁਮਰਾਹ ਕਰਨ ਵਾਲੀਆਂ ਤਾਕਤਾਂ ਦੇ ਵਿਰੁੱਧ ਵੀ ਲੋਕ ਜਾਗਰੂਕਤਾ ਦਾ ਅਭਿਆਨ ਚਲਾਏਗਾ।

ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਅੱਗੇ ਕਿਹਾ ਕਿ ਅੱਜ ਸਿੱਖ ਪੰਥ ਅਨੇਕਾਂ ਗੰਭੀਰ ਧਾਰਮਿਕ, ਸਮਾਜਿਕ ਅਤੇ ਵਿਚਾਰਧਾਰਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।ਨਸ਼ਿਆਂ ਦਾ ਵੱਧਦਾ ਪ੍ਰਕੋਪ, ਧਰਮ ਪਰਿਵਰਤਨ ਦੀਆਂ ਘਟਨਾਵਾਂ, ਨੌਜਵਾਨਾਂ ਦਾ ਆਪਣੀਆਂ ਜੜ੍ਹਾਂ ਤੋਂ ਦੂਰ ਹੋਣਾ ਅਤੇ ਪੰਥਕ ਮਸਲਿਆਂ ਦਾ ਸਿਆਸੀਕਰਨ ਚਿੰਤਾ ਦਾ ਵਿਸ਼ਾ ਹੈ। ਅਜਿਹੇ ਸਮੇਂ ਵਿੱਚ ਸੰਗਠਿਤ, ਅਨੁਸ਼ਾਸਿਤ ਅਤੇ ਸੇਵਾ-ਭਾਵਨਾ ਨਾਲ ਕੰਮ ਕਰਨ ਵਾਲੇ ਮਜ਼ਬੂਤ ਢਾਂਚੇ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਇਸ ਜਥੇ ਦੀ ਸਥਾਪਨਾ ਕੀਤੀ ਗਈ ਹੈ। ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਅਜੋਕੇ ਦੌਰ 'ਚ ਪੰਥ ਲਈ ਬਹੁਤ ਸਾਰੇ ਗੰਭੀਰ ਮਸਲੇ ਪੈਦਾ ਹੋ ਚੁੱਕੇ ਹਨ,ਜਿਨ੍ਹਾਂ ਦਾ ਹੱਲ ਸੰਗਠਿਤ ਧਾਰਮਿਕ ਅਤੇ ਸਮਾਜਿਕ ਯਤਨਾਂ ਰਾਹੀਂ ਹੀ ਸੰਭਵ ਹੈ।ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜਿਹੜੀ ਵੀ ਧਿਰ ਸਿੱਖ ਪੰਥ ਦੀ ਚੜ੍ਹਦੀ ਕਲਾ, ਸਮਾਜਿਕ ਸਦਭਾਵਨਾ, ਰਾਸ਼ਟਰੀ ਏਕਤਾ, ਮਨੁੱਖਤਾ ਦੀ ਸੇਵਾ ਦੇ ਉਦੇਸ਼ਾਂ ਪ੍ਰਤੀ ਇਮਾਨਦਾਰੀ ਅਤੇ ਪੰਜਾਬ ਦੇ ਹਿੱਤਾਂ ਨਾਲ ਜੁੜੇ ਉਦੇਸ਼ਾਂ ਦੀ ਪ੍ਰਾਪਤੀ ਲਈ ਸਹਿਯੋਗ ਦੇਵੇਗੀ, ਦਮਦਮੀ ਟਕਸਾਲ ਸੇਵਕ ਜਥਾ ਉਸ ਨਾਲ ਮਿਲ ਕੇ ਕੰਮ ਕਰਨ ਲਈ ਹਮੇਸ਼ਾ ਤਿਆਰ ਰਹੇਗਾ।

ਇਸ ਮੌਕੇ ਦਮਦਮੀ ਟਕਸਾਲ ਮੁਖੀ ਵੱਲੋਂ ਪੰਜਾਬ ਅਤੇ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ, ਜ਼ੋਨਾਂ ਅਤੇ ਇਕਾਈਆਂ ਲਈ ਪ੍ਰਧਾਨਾਂ, ਮੀਤ ਪ੍ਰਧਾਨਾਂ, ਕਾਨੂੰਨੀ ਤੇ ਮੀਡੀਆ ਸਲਾਹਕਾਰਾਂ, ਪ੍ਰੈੱਸ ਸਕੱਤਰਾਂ ਤੇ ਹੋਰ ਅਹੁਦੇਦਾਰਾਂ ਦਾ ਐਲਾਨ ਵੀ ਕੀਤਾ ਗਿਆ। ਐਲਾਨ ਅਨੁਸਾਰ ਜਥੇਦਾਰ ਗੁਰਮੀਤ ਸਿੰਘ ਨੂੰ ਪੰਜਾਬ ਅਤੇ ਹਰਿਆਣਾ ਦਾ ਕਾਨੂੰਨੀ ਅਤੇ ਮੀਡੀਆ ਸਲਾਹਕਾਰ, ਕੁਲਦੀਪ ਸਿੰਘ ਤਲੋਕੇਵਾਲਾ ਨੂੰ ਹਰਿਆਣਾ ਪ੍ਰਧਾਨ, ਬਾਬਾ ਗੁਰਜੰਟ ਸਿੰਘ ਨੂੰ ਹਰਿਆਣਾ ਮੀਤ ਪ੍ਰਧਾਨ ਅਤੇ ਧਰਮ ਪ੍ਰਚਾਰ ਚੇਅਰਮੈਨ ਅਤੇ ਭਾਈ ਤਰਲੋਚਨ ਸਿੰਘ ਨਾਭਾ ਸਾਹਿਬ ਨੂੰ ਚੰਡੀਗੜ੍ਹ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਆਤਮਾ ਸਿੰਘ ਨੂੰ ਮਾਲਵਾ ਜ਼ੋਨ ਪ੍ਰਧਾਨ, ਭਾਈ ਜਸਨੂਰ ਸਿੰਘ ਨੂੰ ਮਾਲਵਾ ਜ਼ੋਨ ਮੀਤ ਪ੍ਰਧਾਨ ਅਤੇ ਗੁਰਤੇਜ ਸਿੰਘ ਨੂੰ ਮਾਲਵਾ ਜ਼ੋਨ ਪ੍ਰੈੱਸ ਸਕੱਤਰ ਬਣਾਇਆ ਗਿਆ।

(ਬਾਕੀ ਸਫ਼ਾ 26 'ਤੇ)

## ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਇਆ ਮਹਿੰਦਰਾ ਕੰਪਨੀ ਦਾ ਵਫ਼ਦ



ਅੰਮ੍ਰਿਤਸਰ/ਏ.ਟੀ.ਨਿਊਜ਼: ਐੱਸ ਐੱਮ ਐੱਲ ਮਹਿੰਦਰਾ ਕੰਪਨੀ ਦੇ ਕਾਰਜਕਾਰੀ ਚੇਅਰਮੈਨ ਵਿਨੋਦ ਕੁਮਾਰ ਸਹਾਏ ਸਮੇਤ ਕੰਪਨੀ ਦਾ ਵਫ਼ਦ ਪਿਛਲੇ ਦਿਨੀਂ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਇਆ। ਇਸ ਦੌਰਾਨ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਕੰਪਨੀ ਦੇ ਚੇਅਰਮੈਨ ਅਤੇ ਵਫ਼ਦ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੈਨੇਜਰ ਮੇਜਰ ਸਿੰਘ ਅਤੇ ਮੀਤ ਸਕੱਤਰ ਅਜ਼ਾਦ ਦੀਪ ਸਿੰਘ ਨੇ ਸੱਚਖੰਡ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ।

ਸ੍ਰੀ ਕਾਹਲਵਾਂ ਨੇ ਕਿਹਾ ਕਿ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਜਿਥੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨਤਮਸਤਕ ਹੋ ਕੇ ਗੁਰੂ ਘਰ ਪ੍ਰਤੀ ਸ਼ਰਧਾ ਪ੍ਰਗਟਾਉਂਦੀਆਂ ਹਨ, ਉਥੇ ਹੀ ਮਹਿੰਦਰਾ ਕੰਪਨੀ ਵੱਲੋਂ ਵੀ ਦਰਬਾਰ ਸਾਹਿਬ ਦੀਆਂ ਸੇਵਾਵਾਂ ਲਈ ਹਮੇਸ਼ਾ ਯੋਗਦਾਨ ਪਾਇਆ ਜਾਂਦਾ ਹੈ। ਮਹਿੰਦਰਾ ਕੰਪਨੀ ਦੇ ਉੱਚ ਪੱਧਰੀ ਵਫ਼ਦ ਦੇ ਮੈਂਬਰ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਅਤੇ ਇਨ੍ਹਾਂ ਵੱਲੋਂ ਦਰਬਾਰ ਸਾਹਿਬ ਦੇ ਸੇਵਾ ਕਾਰਜਾਂ ਲਈ ਇਕ ਟਰੱਕ ਦੇਣ ਦੀ ਇੱਛਾ ਪ੍ਰਗਟਾਈ ਗਈ ਹੈ।

# ਵਿਦੇਸ਼ ਜਾਣ ਤੋਂ ਪਹਿਲਾਂ ਏਜੰਟਾਂ ਦੀ ਪੂਰੀ ਪੜਤਾਲ ਕਰਨ ਨੌਜਵਾਨ : ਜਥੇ. ਗੜਗੱਜ

## ਯੂ.ਕੇ. ਤੋਂ ਭਾਰਤ ਵਾਪਸ ਆਉਣ ਦੇ ਇੱਛੁਕ ਨੌਜਵਾਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨਾਲ ਕੀਤੀ ਮੁਲਾਕਾਤ



ਸਾਊਥਾਲ/ਏ.ਟੀ.ਨਿਊਜ਼: ਯੂ.ਕੇ. ਤੋਂ ਭਾਰਤ ਵਾਪਸ ਆਉਣ ਦੇ ਇੱਛੁਕ ਪੰਜਾਬ ਅਤੇ ਹਰਿਆਣਾ ਨਾਲ ਸਬੰਧਿਤ ਨੌਜਵਾਨਾਂ ਨੇ ਯੂਨਾਈਟਡ ਸਿੱਖਸ ਸੰਸਥਾ ਦੇ ਉਪਰਾਲੇ ਤਹਿਤ ਸਾਊਥਾਲ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕਰਕੇ ਆਪਣੇ ਹਾਲਾਤ ਸਾਂਝੇ ਕੀਤੇ। ਇਹ ਮੁਲਾਕਾਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ (ਪਾਰਕ ਐਵੇਨਿਊ) ਵਿਖੇ ਕਰਵਾਈ ਗਈ।ਨੌਜਵਾਨਾਂ ਨੇ ਦੱਸਿਆ ਕਿ ਇਮੀਗ੍ਰੇਸ਼ਨ ਏਜੰਟਾਂ ਨੇ ਉਨ੍ਹਾਂ ਨਾਲ ਲੱਖਾਂ ਰੁਪਏ ਦੀ ਧੋਖਾਧੜੀ ਕਰਕੇ ਗਲਤ ਤਰੀਕੇ ਨਾਲ ਯੂ.ਕੇ. ਭੇਜਿਆ। ਸਹੀ ਦਸਤਾਵੇਜ਼ਾਂ ਅਤੇ ਵੀਜ਼ੇ ਦੀ ਘਾਟ ਕਾਰਨ ਹੁਣ ਉਨ੍ਹਾਂ ਨੂੰ ਨਾ ਤਾਂ ਰੁਜ਼ਗਾਰ ਮਿਲ ਰਿਹਾ ਹੈ ਅਤੇ ਨਾ ਹੀ ਯੂ.ਕੇ. ਵਿੱਚ ਰਹਿਣ ਦੀ ਇਜਾਜ਼ਤ, ਜਿਸ ਕਾਰਨ ਉਨ੍ਹਾਂ ਦੀ ਜ਼ਿੰਦਗੀ ਬਹੁਤ ਮੁਸ਼ਕਿਲ ਹੋ ਗਈ ਹੈ।ਯੂਨਾਈਟਡ ਸਿੱਖਸ ਦੀ ਨੁਮਾਇੰਦਾ ਬੀਬੀ ਨਰਪਿੰਦਰ ਕੌਰ ਨੇ ਦੱਸਿਆ ਕਿ ਸੰਸਥਾ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿੱਚ ਇਮੀਗ੍ਰੇਸ਼ਨ ਸਬੰਧੀ ਸਹਾਇਤਾ ਲਈ ਵਿਸ਼ੇਸ਼ ਕਾਊਂਟਰ ਚਲਾਇਆ ਜਾ ਰਿਹਾ ਹੈ। ਇਸ ਰਾਹੀਂ ਸਵੈਇੱਛਾ ਨਾਲ ਭਾਰਤ ਪਰਤਣਾ ਚਾਹੁੰਦੇ ਨੌਜਵਾਨਾਂ ਨੂੰ ਯੂ.ਕੇ. ਅਤੇ ਭਾਰਤ ਸਰਕਾਰ ਦੇ ਤਾਲਮੇਲ ਨਾਲ ਸਰਕਾਰੀ ਖ਼ਰਚੇ 'ਤੇ ਵਾਪਸ ਭੇਜਣ ਵਿੱਚ ਮਦਦ ਕੀਤੀ ਜਾਂਦੀ ਹੈ।ਜਥੇਦਾਰ ਗੜਗੱਜ ਨੇ ਨੌਜਵਾਨਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਯੂਨਾਈਟਡ ਸਿੱਖਸ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਵਿਦੇਸ਼ ਜਾਣ ਤੋਂ ਪਹਿਲਾਂ ਏਜੰਟਾਂ ਦੀ ਪੂਰੀ ਪੜਤਾਲ ਕਰਨ ਅਤੇ ਕਿਸੇ ਵੀ ਧੋਖਾਧੜੀ ਤੋਂ ਬਚਣ ਦੀ ਸਲਾਹ ਦਿੱਤੀ।ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਨੌਜਵਾਨ ਹੌਂਸਲਾ ਬਣਾਈ ਰੱਖਣ ਅਤੇ ਗੁਰਬਾਣੀ ਨਾਲ ਜੁੜੇ ਰਹਿਣ।ਮੀਟਿੰਗ ਮਗਰੋਂ ਗੁਰਦੁਆਰਾ ਪ੍ਰਬੰਧਕਾਂ ਅਤੇ ਯੂਨਾਈਟਡ ਸਿੱਖਸ ਦੇ ਨੁਮਾਇੰਦਿਆਂ ਵੱਲੋਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਨਮਾਨ ਵੀ ਕੀਤਾ ਗਿਆ।

# 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2006' ਵਿੱਚ ਸੋਧ ਕਰੇ ਸਰਕਾਰ: ਧਾਮੀ

ਮੁਕੇਰੀਆਂ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਨਿਰਧਾਰਤ ਸਮਾਂ ਖ਼ਤਮ ਹੋਣ ਤੋਂ ਪਹਿਲਾਂ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2006' ਵਿੱਚ ਸੋਧ ਕਰ ਲੈਣੀ ਚਾਹੀਦੀ ਹੈ ਕਿਉਂਕਿ ਸਰਕਾਰ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਇਹ ਸੋਧਾਂ ਕਰਨ ਦੀ ਸਹਿਮਤੀ ਦਿੱਤੀ ਸੀ। ਜੇ ਸਰਕਾਰ ਅਕਾਲ ਤਖ਼ਤ ਦੇ ਜਥੇਦਾਰ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਦੀ ਤਾਂ ਮੋਹਲਤ ਖ਼ਤਮ ਹੋਣ ਮਗਰੋਂ ਅਗਲੀ ਰਣਨੀਤੀ ਅਪਣਾਈ ਜਾਵੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਸਰਕਾਰ ਵਲੋਂ 29 ਜੁਲਾਈ ਤੋਂ ਸੱਦੇ ਵਿਧਾਨ ਸਭਾ ਸੈਸ਼ਨ 'ਚ ਬੇਅਬਦੀ ਕਾਨੂੰਨ ਵਿੱਚ ਸੋਧਾਂ ਕਰਨ ਲਈ ਯੋਗ ਕਦਮ ਚੁੱਕੇ ਜਾਣਗੇ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰੂ ਨਾਨਕ ਨਾਮ ਲੇਵਾ ਸੰਗਤ ਦੇ ਸਹਿਯੋਗ ਨਾਲ ਚਲਾਈ ਗਈ ਸੂਬਾ ਪੱਧਰੀ ਮੁਹਿੰਮ 'ਚੱਲਦਾ ਵਹੀਰ ਗੁਰਮਤਿ ਪ੍ਰਚਾਰ ਲਹਿਰ' ਦੀ ਸ਼ੁਰੂਆਤ ਮੌਕੇ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿੱਚ ਸੰਗਤ ਨੂੰ ਸੰਬੋਧਨ ਕਰ ਰਹੇ ਸਨ। ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਰਵਿੰਦਰ ਸਿੰਘ ਚੱਕ ਅਤੇ ਸੀਨੀਅਰ ਨੌਜਵਾਨ ਆਗੂ ਬਿਕਰਮ ਸਿੰਘ ਅੱਲ੍ਹਾ ਬਖਸ਼ ਦੇ ਯਤਨਾਂ ਸਦਕਾ ਕਰਵਾਏ ਸਮਾਗਮ ਵਿੱਚ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕੁਝ ਪੰਥ ਵਿਰੋਧੀ ਤਾਕਤਾਂ ਗੁਰਬਾਣੀ ਦੇ ਸਤਿਕਾਰ ਅਤੇ ਸਿੱਖ ਮਾਣ-ਸਨਮਾਨ ਬਾਰੇ ਗਲਤ ਜਾਣਕਾਰੀ ਫੈਲਾ ਕੇ ਸੰਗਤ ਨੂੰ ਗੁਰਬਾਣੀ ਤੋਂ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਸੰਗਤ ਨੂੰ ਅਜਿਹੇ ਕੂੜ ਪ੍ਰਚਾਰ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਸੰਗਤ ਨੂੰ ਸਿੱਖ ਸੰਸਥਾਵਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਬੇਲੋੜੀ ਦਖਲਅੰਦਾਜ਼ੀ ਦਾ ਸਖ਼ਤ ਵਿਰੋਧ



(ਬਾਕੀ ਸਫ਼ਾ 27 'ਤੇ)

## ਜਥੇਦਾਰ ਗੜਗੱਜ ਨੇ ਸਰਕਾਰ ਨੂੰ ਬੇਅਦਬੀ ਰੋਕੂ ਐਕਟ 'ਚ ਲੋੜੀਂਦੀ ਸੋਧ ਬਾਰੇ ਮੁੜ ਯਾਦ ਕਰਵਾਇਆ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਨੂੰ ਸਤਿਕਾਰ ਸੋਧ ਐਕਟ ਵਿੱਚ ਲੋੜੀਂਦੀ ਸੋਧ ਕਰਨ ਲਈ ਨਿਰਧਾਰਤ ਕੀਤਾ ਸਮਾਂ ਖ਼ਤਮ ਹੋਣ ਸਬੰਧੀ ਯਾਦ ਕਰਵਾਇਆ ਹੈ।



ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਸਰਕਾਰ ਦੇ ਸਾਰੇ ਸਿੱਖ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਨੂੰ 29 ਜੂਨ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਗਿਆ ਸੀ। ਜਥੇਦਾਰ ਗੜਗੱਜ ਵੱਲੋਂ ਉਨ੍ਹਾਂ ਕੋਲੋਂ ਇਤਰਾਜ਼ਯੋਗ ਮੱਦਾਂ ਬਾਰੇ ਵੀ ਪੁੱਛ-ਗਿੱਛ ਕੀਤੀ ਗਈ ਸੀ। ਜਾਣਕਾਰੀ ਅਨੁਸਾਰ ਪਿਛਲੇ ਦਿਨੀਂ ਜਦੋਂ ਮੀਰੀ ਪੀਰੀ ਖਾਲਸਾ ਮਾਰਚ ਚੀਫ਼ ਖ਼ਾਲਸਾ ਦੀਵਾਨ ਦੇ ਮੁੱਖ ਦਫ਼ਤਰ 'ਤੇ ਪੁੱਜਾ ਅਤੇ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਤੇ ਹੋਰਨਾਂ ਵੱਲੋਂ ਇਸ ਮਾਰਚ ਦਾ ਸਵਾਗਤ ਕੀਤਾ ਗਿਆ ਸੀ। ਇਸ ਮੌਕੇ ਜਥੇਦਾਰ ਗੜਗੱਜ ਵੱਲੋਂ 'ਆਪ' ਵਿਧਾਇਕ ਅਤੇ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਯਾਦ ਕਰਵਾਇਆ ਗਿਆ ਕਿ ਐਕਟ ਵਿੱਚ ਸੋਧ ਕਰਨ ਵਾਸਤੇ ਦਿੱਤਾ ਗਿਆ ਮਹੀਨੇ ਦਾ ਸਮਾਂ ਕੁਝ ਦਿਨਾਂ ਤੋਂ ਬਾਅਦ ਖਤਮ ਹੋ ਰਿਹਾ ਹੈ। ਜਥੇਦਾਰ ਗੜਗੱਜ ਵੱਲੋਂ ਸਿੱਧੇ ਰੂਪ ਵਿੱਚ ਡਾ. ਨਿੱਜਰ ਰਾਹੀਂ ਸਰਕਾਰ ਨੂੰ ਇਸ ਲੋੜੀਂਦੀ ਸੋਧ ਬਾਰੇ ਮੁੜ ਯਾਦ ਕਰਵਾਇਆ ਗਿਆ ਹੈ। 'ਆਪ' ਵਿਧਾਇਕ ਡਾਕਟਰ ਨਿੱਜਰ ਨੇ ਜਥੇਦਾਰ ਗੜਗੱਜ ਨਾਲ ਹੋਈ

(ਬਾਕੀ ਸਫ਼ਾ 27 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਬੰਦੀ ਸਿੰਘਾਂ ਦੀ ਰਿਹਾਈ

ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ 'ਬੰਦੀ ਸਿੰਘਾਂ' ਦੀ ਰਿਹਾਈ ਦਾ ਮੁੱਦਾ ਇੱਕ ਵਾਰ ਫਿਰ ਉਭਰਿਆ ਹੈ। ਇਸ ਦਾ ਵੱਡਾ ਕਾਰਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਵਿੱਚ ਸਜ਼ਾਯਾਫ਼ਤਾ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਜੇਲ੍ਹ ਵਿੱਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਲਿਖਿਆ ਇੱਕ ਪੱਤਰ ਹੈ। ਇਸ ਪੱਤਰ ਵਿੱਚ ਭਾਈ ਰਾਜੋਆਣਾ ਨੇ ਲਿਖਿਆ ਹੈ ਕਿ ਉਹ ਪਿਛਲੇ 31 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ ਅਤੇ 31 ਜੁਲਾਈ ਨੂੰ ਉਨ੍ਹਾਂ ਨੂੰ ਫਾਂਸੀ ਦੀ ਚੱਕੀ ਵਿੱਚ ਰਹਿੰਦਿਆਂ 19 ਸਾਲ ਪੂਰੇ ਹੋ ਜਾਣਗੇ। ਉਨ੍ਹਾਂ ਦੁੱਖ ਜ਼ਾਹਰ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਰਹਿਮ ਵਿੱਚ ਬਦਲਣ ਲਈ ਪਾਈ ਗਈ ਅਪੀਲ 'ਤੇ 15 ਸਾਲ ਬੀਤ ਜਾਣ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ, ਜਦਕਿ ਇਹ ਫੈਸਲਾ 6 ਮਹੀਨਿਆਂ ਦੇ ਅੰਦਰ ਹੋ ਜਾਣਾ ਚਾਹੀਦਾ ਸੀ। ਉਨ੍ਹਾਂ ਜਥੇਦਾਰ ਸਾਹਿਬ ਨੂੰ ਬੇਨਤੀ ਕੀਤੀ ਕਿ ਜਾਂ ਤਾਂ ਉਨ੍ਹਾਂ ਨੂੰ ਹੁਕਮਰਾਨਾਂ ਦੀਆਂ ਰਾਜਨੀਤਿਕ ਸਾਜ਼ਿਸ਼ਾਂ ਤੋਂ ਮੁਕਤ ਕਰਵਾਇਆ ਜਾਵੇ ਜਾਂ ਫਿਰ ਐਸ.ਜੀ.ਪੀ.ਸੀ. ਨੂੰ ਆਪਣੀ ਰਹਿਮ ਦੀ ਅਪੀਲ ਤੁਰੰਤ ਵਾਪਸ ਲੈਣ ਦੇ ਹੁਕਮ ਦਿੱਤੇ ਜਾਣ। ਭਾਈ ਰਾਜੋਆਣਾ ਦੇ ਇਸ ਪੱਤਰ ਨੇ ਭਾਰਤ ਦੀਆਂ ਵੱਖ- ਵੱਖ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦਾ ਮਾਮਲਾ ਮੁੜ ਸੁਰਖ਼ੀਆਂ ਵਿੱਚ ਲੈ ਆਂਦਾ ਹੈ।

ਇਸ ਤੋਂ ਕੁਝ ਦਿਨ ਪਹਿਲਾਂ ਭਾਈ ਜਗਤਾਰ ਸਿੰਘ ਹਵਾਰਾ ਨੂੰ ਉਹਨਾਂ ਦੀ ਬਿਮਾਰ ਮਾਤਾ ਜੀ ਨੂੰ ਮਿਲਣ ਲਈ ਪੈਰੋਲ ਦੇਣ ਦੀ ਮੰਗ ਕਾਰਨ ਵੀ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਉਭਰਿਆ ਸੀ। ਭਾਈ ਹਵਾਰਾ ਦੇ ਵਕੀਲਾਂ ਅਤੇ ਸਮਰਥਕਾਂ ਨੇ ਮਾਣਯੋਗ ਅਦਾਲਤ ਨੂੰ ਕਿਹਾ ਸੀ ਕਿ ਭਾਈ ਹਵਾਰਾ ਦੇ ਬਜ਼ੁਰਗ ਮਾਤਾ ਜੀ ਬਹੁਤ ਬਿਮਾਰ ਹਨ ਅਤੇ ਉਹ ਆਪਣੇ ਪੁੱਤਰ ਨੂੰ ਮਿਲਣਾ ਚਾਹੁੰਦੇ ਹਨ। ਇਸ ਲਈ ਭਾਈ ਹਵਾਰਾ ਨੂੰ ਆਪਣੀ ਬਿਮਾਰ ਮਾਤਾ ਜੀ ਨੂੰ ਮਿਲਣ ਲਈ ਕੁਝ ਦਿਨਾਂ ਦੀ ਪੈਰੋਲ ਦਿੱਤੀ ਜਾਵੇ ਪਰ ਅਦਾਲਤ ਵਿੱਚ ਸੀ.ਬੀ.ਆਈ. ਵੱਲੋਂ ਭਾਈ ਹਵਾਰਾ ਦੀ ਪੈਰੋਲ ਦਾ ਇਹ ਕਹਿ ਕੇ ਵਿਰੋਧ ਕੀਤਾ ਗਿਆ ਕਿ ਭਾਈ ਹਵਾਰਾ ਨੂੰ ਜੇ ਪੈਰੋਲ ਦੇ ਦਿੱਤੀ ਗਈ ਤਾਂ ਉਹ ਪੈਰੋਲ ਸਮੇਂ ਫਰਾਰ ਹੋ ਸਕਦੇ ਹਨ। ਇਸ ਕਰਕੇ ਅਜੇ ਤੱਕ ਭਾਈ ਹਵਾਰਾ ਨੂੰ ਪੈਰੋਲ ਨਹੀਂ ਮਿਲ ਸਕੀ।

ਲੰਘੇ ਦਿਨੀਂ ਭਾਈ ਹਵਾਰਾ ਨੇ ਜੇਲ੍ਹ ਵਿੱਚੋਂ ਲਿਖੀ ਇੱਕ ਚਿੱਠੀ ਵਿੱਚ ਸਿੱਖ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ "ਤੁਸੀਂ ਸਾਨੂੰ ਜੇਲ੍ਹਾਂ 'ਚੋਂ ਨਹੀਂ ਕੱਢਵਾ ਸਕਦੇ ਕੋਈ ਗੱਲ ਨਈਂ। ਇੱਥੇ ਇਹ ਗੱਲ ਕਹਿ ਕੇ ਪੱਲਾ ਛੁਡਾਇਆ ਜਾ ਸਕਦਾ ਹੈ ਕਿ ਸਰਕਾਰ ਸਿੱਖਾਂ ਦੀ ਗੱਲ ਨਹੀਂ ਮੰਨਦੀ। ਤੁਸੀਂ ਸਾਡੀ ਫਿਕਰ ਛੱਡ ਦਿਓ ਪਰ ਪੰਥਕ ਧਿਰਾਂ ਦੇ ਆਗੂ ਸਾਹਿਬਾਨੋ, ਤੁਹਾਨੂੰ ਏਕਤਾ ਕਰਨ ਤੋਂ ਕਿਹੜੀ ਸਰਕਾਰ ਰੋਕਦੀ ਹੈ ? ਤੁਸੀਂ ਇਕੱਠੇ ਕਿਉਂ ਨਈਂ ਹੁੰਦੇ ?"

ਭਾਈ ਰਾਜੋਆਣਾ ਅਤੇ ਭਾਈ ਹਵਾਰਾ ਤੋਂ ਇਲਾਵਾ ਹੋਰ ਵੀ ਅਜਿਹੇ ਹਜ਼ਾਰਾਂ ਬੰਦੀ ਸਿੰਘ ਹਨ, ਜੋ ਕਿ ਭਾਰਤ ਦੀਆਂ ਵੱਖ- ਵੱਖ ਜੇਲ੍ਹਾਂ ਵਿੱਚ ਇਸ ਸਮੇਂ ਬੰਦ ਹਨ। ਇਹਨਾਂ ਵਿਚੋਂ ਵੱਡੀ ਗਿਣਤੀ ਬੰਦੀ ਸਿੰਘ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ ਪਰ ਇਸ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਸਿੱਖਾਂ ਵਿੱਚ ਰੋਸ ਪੈਦਾ ਹੋ ਰਿਹਾ ਹੈ। ਵਿਦੇਸ਼ਾਂ 'ਚ ਰਹਿੰਦੇ ਗਰਮ ਦਲ਼ੀ ਸਿੱਖ ਆਗੂਆਂ ਵੱਲੋਂ ਵੀ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਬੰਦ ਅਤੇ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦਾ ਮਾਮਲਾ ਅੰਤਰਰਾਸ਼ਟਰੀ ਪੱਧਰ 'ਤੇ ਵਾਰ ਵਾਰ ਉਭਾਰਿਆ ਜਾਂਦਾ ਹੈ ਅਤੇ ਸਿੱਖਾਂ ਨੂੰ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਉਹਨਾਂ ਨੂੰ ਇਨਸਾਫ਼ ਨਹੀਂ ਮਿਲ ਸਕਦਾ। ਇਸ ਲਈ ਸਿੱਖਾਂ ਦਾ ਵੱਖਰਾ ਦੇਸ਼ ਹੋਣਾ ਜ਼ਰੂਰੀ ਹੈ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਸਾਰੇ ਧੜੇ) ਸਮੇਤ ਵੱਖ- ਵੱਖ ਪੰਥਕ ਧਿਰਾਂ ਵੱਲੋਂ ਲੰਬੇ ਸਮੇਂ ਤੋਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਇੱਥੇ ਇਹ ਜਾਨਣਾ ਵਾਜਬ ਰਹੇਗਾ ਕਿ 'ਬੰਦੀ ਸਿੰਘ' ਕਿਹਨਾਂ ਨੂੰ ਕਿਹਾ ਜਾਂਦਾ ਹੈ ? 1980-90ਵਿਆਂ ਦੇ ਸਿੱਖ ਸੰਘਰਸ਼, ਜਾਂ ਇਸ ਤੋਂ ਬਾਅਦ ਦੇ ਸਮੇਂ ਦੌਰਾਨ ਅਜ਼ਾਦ ਸਿੱਖ ਰਾਜ ਲਈ ਸਰਗਰਮੀ ਨਾਲ ਜੁੜੇ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਨੂੰ 'ਸਿਆਸੀ ਸਿੱਖ ਬੰਦੀ' ਜਾਂ 'ਬੰਦੀ ਸਿੰਘ' ਕਿਹਾ ਜਾਂਦਾ ਹੈ। ਇਹਨਾਂ ਵਿਚੋਂ ਜਿਹੜੇ ਸਿੰਘਾਂ ਨੂੰ ਉਮਰ ਕੈਦ ਦੀਆਂ ਸਜਾਵਾਂ ਸੁਣਾਈਆਂ ਗਈਆਂ ਹਨ ਉਹਨਾਂ ਨੂੰ ਉਮਰ-ਕੈਦੀ ਬੰਦੀ ਸਿੰਘ ਕਿਹਾ ਜਾਂਦਾ ਹੈ।

ਕਾਨੂੰਨ ਮੁਤਾਬਕ ਵਿਚਾਰਿਆ ਜਾਵੇ ਤਾਂ ਬਹੁਤੇ ਬੰਦੀ ਸਿੰਘਾਂ ਦੀ ਰਿਹਾਈ ਵਿੱਚ ਕੋਈ ਅੜਿੱਕਾ ਨਹੀਂ ਹੈ। ਉਹਨਾਂ ਨੇ ਉਮਰ ਕੈਦ ਲਈ ਮਿਥੀ ਜਾਂਦੀ ਘੱਟੋ-ਘੱਟ ਮਿਆਦ ਤੋਂ ਕਿਤੇ ਵੱਧ ਸਮਾਂ ਕੈਦ ਕੱਟ ਲਈ ਹੈ। ਉਹਨਾਂ ਦਾ ਜੇਲ੍ਹਾਂ ਦਾ ਚਲਨ ਠੀਕ ਹੈ ਪਰ ਫਿਰ ਵੀ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਸਪਸ਼ਟ ਹੈ ਕਿ ਰਿਹਾਈ ਨਾ ਕਰਨ ਦੇ ਕਾਰਨ ਕਾਨੂੰਨੀ ਨਹੀਂ ਸਗੋਂ ਸਿਆਸੀ ਹਨ। ਸਿੱਖ ਆਗੂਆਂ ਅਨੁਸਾਰ ਕੇਂਦਰ ਸਰਕਾਰ ਹਮੇਸ਼ਾ ਹੀ ਸਿੱਖਾਂ ਨਾਲ ਵਿਤਕਰਾ ਕਰਦੀ ਆਈ ਹੈ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਾ ਕਰਕੇ ਕੇਂਦਰ ਸਰਕਾਰ ਸਿੱਖਾਂ ਨਾਲ ਇੱਕ ਹੋਰ ਧੱਕਾ ਕਰ ਰਹੀ ਹੈ। ਸਿੱਖ ਆਗੂਆਂ ਅਨੁਸਾਰ ਕੇਂਦਰ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਹੋਵੇ ਉਹ ਸਿੱਖਾਂ ਨੂੰ ਇਨਸਾਫ਼ ਨਹੀਂ ਦੇ ਸਕੀ। ਇਸੇ ਕਾਰਨ ਸਿੱਖ ਅਜੇ ਵੀ ਆਜ਼ਾਦ ਮੁਲਕ ਵਿੱਚ ਇਨਸਾਫ਼ ਲੈਣ ਲਈ ਤਰਸ ਰਹੇ ਹਨ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਕਰੇ ਤਾਂ ਕਿ ਸਿੱਖਾਂ ਨੂੰ ਇਨਸਾਫ਼ ਮਿਲੇ।

# ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ 'ਚ ਫ਼ਸੇ ਰਹਿਣਗੇ ?



ਗੁਰਮੀਤ ਸਿੰਘ ਪਲਾਹੀ




ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ ਦਾ ਸ਼ਿਕਾਰ ਹੁੰਦੇ ਰਹਿਣਗੇ ? ਕਿੰਨੀ ਦੇਰ ਤੱਕ ਪੰਜਾਬੀ ਗੁੰਮਰਾਹ ਹੁੰਦੇ ਰਹਿਣਗੇ ਅਤੇ ਸੱਚ ਨੂੰ ਪਛਾਣਨ ਲਈ ਹੋਰ ਕਿੰਨੀ ਦੇਰ ਲਾਉਣਗੇ ? ਪੰਜਾਬੀਆਂ 'ਤੇ ਹਮਲੇ ਸਿਆਸੀ ਵੀ ਹਨ, ਧਾਰਮਿਕ ਵੀ ਹਨ ਅਤੇ ਸੱਭਿਆਚਾਰਕ ਵੀ। ਉਹ ਦੇਸ਼ 'ਤੇ ਸਰਹੱਦੀ ਹਮਲਿਆਂ ਨੂੰ ਪਛਾੜਨ ਲਈ ਕਾਮਯਾਬ ਹਨ, ਉਹ ਦੇਸ਼ ਦੇ ਅੰਨ ਭੰਡਾਰ ਭਰਨ ਲਈ ਕਾਮਯਾਬ ਹਨ, ਉਹ ਦੇਸ਼ ਲਈ ਕੁਰਬਾਨੀਆਂ ਕਰਨ ਲਈ ਸਭ ਤੋਂ ਅੱਗੇ ਹਨ ਅਤੇ ਜਾਨਾਂ ਵਾਰਨ ਤੱਕ ਜਾਂਦੇ ਹਨ। ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਉਹ ਹਮੇਸ਼ਾ ਮੋਹਰੀ ਹੋ ਕੇ ਜੂਝਦੇ ਰਹੇ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਆਪਣੇ ਹਿੱਤਾਂ ਦੀ ਰਾਖੀ ਲਈ 'ਪਗੜੀ ਸੰਭਾਲ ਜੱਟਾ' ਵਰਗੇ ਇਤਿਹਾਸਕ ਮੋਰਚੇ ਲਾਉਣ ਵਾਲੀ ਇਹ ਅਣਖੀ ਕੌਮ ਹੁਣ ਉਸ ਵੇਲੇ ਆਨਾ-ਕਾਨੀ ਕਿਉਂ ਕਰ ਰਹੀ ਹੈ, ਜਦੋਂ ਉਨ੍ਹਾਂ ਦਾ ਪਾਣੀ ਲੁੱਟਿਆ ਜਾ ਰਿਹਾ ਹੈ, ਉਨ੍ਹਾਂ ਦੀ ਰਾਜਧਾਨੀ ਚੰਡੀਗੜ੍ਹ ਖੋਹੀ ਗਈ ਹੈ, ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਨੂੰ ਹਾਸ਼ੀਏ 'ਤੇ ਧੱਕ ਕੇ ਤਹਿਸ-ਨਹਿਸ ਕੀਤਾ ਜਾ ਰਿਹਾ ਹੈ, ਅਤੇ ਉਨ੍ਹਾਂ ਦਾ ਅਮੀਰ ਸੱਭਿਆਚਾਰ ਤਬਾਹ ਕੀਤਾ ਜਾ ਰਿਹਾ ਹੈ ? ਉਨ੍ਹਾਂ 'ਤੇ ਚੌਤਰਫ਼ੇ ਧਾਰਮਿਕ ਹਮਲੇ ਹੋ ਰਹੇ ਹਨ, ਹਿੰਦੂ-ਸਿੱਖ ਦਾ ਰਵਾਇਤੀ ਪਾੜਾ ਪਾਉਣ ਦਾ ਕੋਝਾ ਯਤਨ ਹੋ ਰਿਹਾ ਹੈ, ਅਤੇ ਆਪਣੀ ਮਿਹਨਤ ਦੇ ਸਿਰ 'ਤੇ ਜਿਊਣ ਵਾਲੇ ਪੰਜਾਬੀਆਂ ਨੂੰ ਸਿਆਸੀ ਮੁਫ਼ਤਖੋਰੀ ਦੀਆਂ ਰੇਵੜੀਆਂ ਵੰਡ ਕੇ ਆਲਸੀ ਤੇ ਮੁਥਾਜ ਬਣਾਇਆ ਜਾ ਰਿਹਾ ਹੈ।

ਸਿਆਸੀ ਪਾਰਟੀਆਂ ਸੂਬੇ ਪੰਜਾਬ ਦੇ ਵਿਕਾਸ ਦੀ ਜ਼ੋਰ-ਸ਼ੋਰ ਨਾਲ ਦੁਹਾਈ ਦੇ ਰਹੀਆਂ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਆਖਦਾ ਹੈ ਕਿ ਭਾਜਪਾ ਹੀ ਪੰਜਾਬ ਦਾ ਅਸਲ ਵਿਕਾਸ ਕਰਵਾ ਸਕਦੀ ਹੈ। ਉਹ ਪੰਜਾਬ ਫ਼ੇਰੀ ਦੌਰਾਨ ਸੂਬੇ ਲਈ 5,470 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਦਾ ਹੈ ਅਤੇ ਇਸ ਵਿੱਚ 'ਡਬਲ ਇੰਜਣ' ਸਰਕਾਰ ਦੀ ਵਕਾਲਤ ਕਰਦਾ ਹੈ। ਪਰ ਉਹ ਪੰਜਾਬ ਦੇ ਸਭ ਤੋਂ ਵੱਡੇ ਮਸਲੇ, ਯਾਨੀ ਪਾਣੀਆਂ ਦੇ ਸੰਕਟ ਦੀ ਗੱਲ ਨਹੀਂ ਕਰਦਾ। ਉਹ ਬੰਜਰ ਹੋ ਰਹੀ ਪੰਜਾਬ ਦੀ ਉਪਜਾਊ ਧਰਤੀ ਬਾਰੇ ਇੱਕ ਅੱਖਰ ਵੀ ਨਹੀਂ ਬੋਲਦਾ। ਉਹ ਕਿਸਾਨਾਂ ਦੇ ਮਸਲਿਆਂ- ਜਿਵੇਂ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੇ ਹੱਲ ਲਈ ਕੋਈ ਗੱਲ ਨਹੀਂ ਕਰਦਾ। ਉਹ ਸਿਰਫ਼ ਅਕਾਲੀਆਂ, ਕਾਂਗਰਸੀਆਂ ਅਤੇ ਆਪ ਵਾਲਿਆਂ 'ਤੇ ਤਿੱਖੇ ਨਿਸ਼ਾਨੇ ਸਾਧਦਾ ਹੈ, ਸਿਆਸੀ ਸਟੇਜਾਂ 'ਤੇ ਬੱਲੇ-ਬੱਲੇ ਕਰਵਾਉਂਦਾਹੈ ਅਤੇ ਤੁਰਦਾ ਬਣਦਾ ਹੈ।

ਪ੍ਰਧਾਨ ਮੰਤਰੀ ਅਤੇ ਕੇਂਦਰੀ ਲੀਡਰਸ਼ਿਪ ਪੰਜਾਬੀ ਨੌਜਵਾਨਾਂ ਦੇ ਵੱਡੇ ਪੱਧਰ 'ਤੇ ਹੋ ਰਹੇ ਪ੍ਰਵਾਸ, ਨਸ਼ਿਆਂ ਦੇ ਗੰਭੀਰ ਗ੍ਰਸੇ ਜਾਣ ਅਤੇ ਪੰਜਾਬ ਦੀ ਸਿਰ ਚੜ੍ਹੇ ਲੱਖਾਂ ਕਰੋੜਾਂ ਦੇ ਆਰਥਿਕ ਕਰਜ਼ੇ ਦੀ ਸਥਿਤੀ ਦੀ ਕੋਈ ਗੱਲ ਨਹੀਂ ਕਰਦੀ। ਆਖਰ ਪੰਜਾਬੀਆਂ ਨੂੰ ਇਹਨਾਂ ਵੱਡੇ ਹਾਈਵੇਜ਼ ਦਾ ਕੀ ਲਾਭ, ਜੇ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਉਜਾੜ ਕੇ, ਉਨ੍ਹਾਂ ਦਾ ਸੀਨਾ ਪਾੜ ਕੇ ਕਾਰਪੋਰੇਟਾਂ ਦੇ ਹਿੱਤਾਂ ਲਈ ਇਹਨਾਂ ਸੜਕਾਂ ਨੂੰ ਉਸਾਰਿਆ ਜਾ ਰਿਹਾ ਹੈ ? ਪੰਜਾਬੀਆਂ ਨੂੰ ਕੀ ਲਾਹਾ ਅਧੁਨਿਕ ਰੇਲਵੇ ਸਟੇਸ਼ਨਾਂ ਦਾ, ਜੇਕਰ ਉਨ੍ਹਾਂ ਦੇ ਆਪਣੇ ਪਿੰਡਾਂ ਜਾਂ ਸ਼ਹਿਰਾਂ ਦੀਆਂ ਸੰਪਰਕ ਸੜਕਾਂ ਟੁੱਟੀਆਂ-ਫ਼ੁੱਟੀਆਂ ਅਤੇ ਖ਼ਸਤਾਹਾਲ ਹਨ ? ਆਖ਼ਰ ਉਸ ਆਮ ਨਾਗਰਿਕ ਨੂੰ ਉਸ ਉੱਪਰੋਂ-ਉੱਪਰੋਂ ਦਿਸਦੇ ਵਿਕਾਸ ਦਾ ਕੀ ਫ਼ਾਇਦਾ, ਜੇਕਰ ਉਸ ਨੂੰ ਰੁਜ਼ਗਾਰ ਨਹੀਂ ਮਿਲਦਾ, ਉਸ ਦੇ ਬੱਚੇ ਨੂੰ ਸਰਕਾਰੀ ਸਕੂਲਾਂ ਵਿੱਚ ਸਹੀ ਸਿੱਖਿਆ ਨਹੀਂ ਮਿਲਦੀ ਅਤੇ ਬੁਨਿਆਦੀ ਸਿਹਤ ਸਹੂਲਤਾਂ ਉਸ ਦੇ ਪੱਲੇ ਨਹੀਂ ਪੈਂਦੀਆਂ ? ਜਦੋਂ ਇੱਕ ਆਮ ਪੰਜਾਬੀ ਇਹਨਾਂ ਬੁਨਿਆਦੀ ਸਹੂਲਤਾਂ ਦੀ ਪ੍ਰਾਪਤੀ ਲਈ ਆਪਣਾ ਝੱਗਾ-ਚੌੜ ਕਰਵਾਉਂਦਾਹੈ, ਆਪਣੀਆਂ ਬਚੀਆਂ-ਖੁਚੀਆਂ ਜ਼ਮੀਨਾਂ ਵੇਚਦਾ ਹੈ, ਘਰ ਗਿਰਵੀ ਰੱਖਦਾ ਹੈ ਅਤੇ ਬਾਅਦ ਵਿੱਚ ਕਰਜ਼ਾ ਨਾ ਚੁਕਾਉਣ ਦੀ ਸੂਰਤ ਵਿੱਚ ਛੱਤ ਦੇ ਸ਼ਤੀਰਾਂ ਜਾਂ ਪੱਖਿਆਂ ਨੂੰ ਜੱਫ਼ੇ ਪਾ ਕੇ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਗੱਲ ਇਕੱਲੇ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਨਹੀਂ ਹੈ, ਜਿਹੜੀ ਹਰ ਹਾਲ ਵਿੱਚ ਪੰਜਾਬ ਦੀ ਸੱਤਾ ਹਥਿਆਉਣਾ ਚਾਹੁੰਦੀ ਹੈ। ਕੇਂਦਰੀ ਹਾਕਮ ਹਰ ਹੀਲੇ ਪੰਜਾਬੀਆਂ ਦੀ ਖੇਤੀ ਅੰਦੋਲਨ ਵੇਲੇ ਦੀ ਇਤਿਹਾਸਕ ਪ੍ਰਾਪਤੀ ਦੀ ਹਉਮੈ ਨੂੰ ਭੰਨਣਾ ਚਾਹੁੰਦੇ ਹਨ। ਪੰਜਾਬ ਦੇ ਲੋਕਾਂ ਨੇ ਕਾਂਗਰਸ ਦੀਆਂ ਨਾਕਾਮੀਆਂ ਤੋਂ ਨਾਰਾਜ਼ ਹੁੰਦਿਆਂ ਅਤੇ ਅਕਾਲੀ ਦਲ ਦੇ ਰਵਾਇਤੀ ਪਰਿਵਾਰਵਾਦ ਤੋਂ ਪਾਸਾ ਵੱਟਦਿਆਂ, ਇੱਕ ਵੱਡੇ ਜਜ਼ਬਾਤੀ ਰੌਂਅ ਵਿੱਚ ਆਮ ਆਦਮੀ ਪਾਰਟੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਸੀ। ਇਹ ਇਨਕਲਾਬੀ ਬਦਲ ਇਸ ਆਸ ਨਾਲ ਲਿਆਂਦਾ ਗਿਆ ਸੀ ਕਿ ਇਹ ਪਾਰਟੀ ਉਨ੍ਹਾਂ ਦੇ ਦੁਖੜਿਆਂ ਦਾ ਹੱਲ ਕਰੇਗੀ, ਉਨ੍ਹਾਂ ਦੇ ਬੱਚਿਆਂ ਨੂੰ ਸੂਬੇ ਵਿੱਚ ਹੀ ਰੁਜ਼ਗਾਰ ਮਿਲੇਗਾ ਤੇ ਸੁੱਖ ਦਾ ਸਾਹ ਆਏਗਾ, ਭ੍ਰਿਸ਼ਟਾਚਾਰ ਸੂਬੇ ਵਿੱਚੋਂ ਜੜ੍ਹੋਂ ਖ਼ਤਮ ਹੋਵੇਗਾ, ਨਸ਼ਿਆਂ ਦੇ ਵਪਾਰੀ ਜੇਲ੍ਹਾਂ ਵਿੱਚ ਹੋਣਗੇ, ਅਤੇ ਇੱਕ ਸਾਫ਼-ਸੁਥਰਾ ਤੇ ਪਾਰਦਰਸ਼ੀ ਪ੍ਰਸ਼ਾਸਨ ਮਿਲੇਗਾ।

ਪਰ ਅੱਜ ਪੰਜਾਬੀ ਇਹ ਸੋਚਣ 'ਤੇ ਮਜਬੂਰ ਹੋ ਗਏ ਹਨ ਕਿ ਬਦਲਾਅ ਦੇ ਨਾਂਅ 'ਤੇ ਉਨ੍ਹਾਂ ਦਾ ਤਾਂ ਕੁਝ ਹੋਰ ਵੀ ਬਹੁਤ ਕੁਝ ਗੁਆਚ ਗਿਆ ਹੈ। ਰਵਾਇਤੀ ਪਾਰਟੀਆਂ ਵਾਂਗ ਹੀ ਨਵੇਂ ਹਾਕਮ ਵੀ ਦਿੱਲੀ ਦੇ ਇਸ਼ਾਰਿਆਂ 'ਤੇ ਚੱਲ ਰਹੇ ਹਨ, ਜਿਸ ਕਾਰਨ ਸੂਬੇ ਦੇ ਆਪਣੇ ਫ਼ੈਸਲੇ ਲੈਣ ਦੀ ਤਾਕਤ ਕਮਜ਼ੋਰ ਹੋਈ ਹੈ। ਪੰਜਾਬ ਅਤੇ ਪੰਜਾਬੀ ਆਪਣੀ ਨੈਤਿਕਤਾ, ਸਦੀਆਂ ਪੁਰਾਣਾ ਭਾਈਚਾਰਾ, ਸਾਂਝੀਵਾਲਤਾ ਦੇ ਸਿਧਾਂਤ, ਅਤੇ ਆਪਸੀ ਸਹਿਯੋਗ ਨੂੰ ਬਰਕਰਾਰ ਰੱਖਣਗੇ-ਇਹੀ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਅਤੇ ਆਸ ਸੀ।

ਪੰਜਾਬ ਦੀ ਸਿਆਸਤ ਹਮੇਸ਼ਾ ਹੀ ਬਹੁਤ ਪੇਚੀਦਗੀ ਭਰਪੂਰ ਰਹੀ ਹੈ। ਪੰਜਾਬ ਨਾਲ ਸਦਾ ਦਿੱਲੀ ਦੇ ਸਿਆਸਤਦਾਨ ਗੰਧਲੀਆਂ ਖੇਡਾਂ ਖੇਡਦੇ ਰਹੇ ਹਨ। ਸੂਬੇ ਦੇ ਸਰੋਤਾਂ ਨੂੰ ਲੁੱਟਣ ਅਤੇ ਇੱਥੋਂ ਦੀ ਖੇਤਰੀ ਤਾਕਤ ਨੂੰ ਕਮਜ਼ੋਰ ਕਰਨ ਲਈ ਕੇਂਦਰੀ ਸਿਆਸਤ ਨੇ ਹਮੇਸ਼ਾ ਸਾਜ਼ਿਸ਼ਾਂ ਘੜੀਆਂ ਹਨ। ਪੰਜਾਬ ਉਨ੍ਹਾਂ ਖੇਡਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ ਅਤੇ ਮੌਜੂਦਾ ਦੌਰ ਵਿੱਚ ਵੀ ਹੋ ਰਿਹਾ ਹੈ। ਅਸੀਂ ਦੇਖਿਆ ਹੈ ਕਿ ਪੰਜਾਬ ਵਿੱਚ ਅੱਸੀ-ਨੱਬੇ ਦੇ ਦਹਾਕੇ ਦੀਆਂ ਗਰਮ ਲਹਿਰਾਂ ਦੌਰਾਨ ਹਜ਼ਾਰਾਂ ਨੌਜਵਾਨਾਂ ਦੇ ਫ਼ਰਜ਼ੀ ਮੁਕਾਬਲੇ ਹੋਏ- ਇਸ ਖ਼ੂਨੀ ਖੇਡ ਪਿੱਛੇ ਆਖਰ ਕਿਸ ਦਾ ਹੱਥ ਸੀ ? ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗਾਇਆ ਗਿਆ, ਜਿਸ ਨੇ ਲੱਖਾਂ ਘਰਾਂ ਦੇ ਚਿਰਾਗ ਬੁਝਾ ਦਿੱਤੇ-ਕੌਣ ਹਨ ਇਸ ਦੇ ਅਸਲ ਸਰਪ੍ਰਸਤ ? ਪੰਜਾਬ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਮਜਬੂਰਨ ਪ੍ਰਵਾਸ ਦਾ ਅਸਲ ਜ਼ਿੰਮੇਵਾਰ ਕੌਣ ਹੈ ? ਇਹਨਾਂ ਸਾਰੇ ਗੰਭੀਰ ਸਵਾਲਾਂ ਦੇ ਜਵਾਬ ਲੱਭਦਿਆਂ ਅਤੇ ਹੌਲੀ-ਹੌਲੀ ਜਾਗਰੂਕ ਹੁੰਦਿਆਂ, ਹੁਣ ਪੰਜਾਬੀ ਸਿਆਸੀ ਨੇਤਾਵਾਂ ਨਾਲ ਬੇਹੱਦ ਨਾਰਾਜ਼ ਹਨ, ਕਿਉਂਕਿ ਇਹ ਨੇਤਾ ਵੋਟਾਂ ਵੇਲੇ ਤਾਂ ਪੈਰਾਂ 'ਤੇ ਡਿੱਗਦੇ ਹਨ ਪਰ ਔਖੇ ਵੇਲਿਆਂ ਵਿੱਚ ਪੰਜਾਬ ਦੀ ਬਾਂਹ ਫੜਨ ਤੋਂ ਸਾਫ਼ ਮੁੱਕਰ ਜਾਂਦੇ ਹਨ।

ਜੇਕਰ ਪੰਜਾਬ ਦੀ ਜਨਸੰਖਿਆ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇੱਥੇ ਲਗਭਗ 58 ਫ਼ੀਸਦੀ ਸਿੱਖ ਆਬਾਦੀ ਹੈ, ਜਿਸ ਵਿੱਚੋਂ ਕਰੀਬ 60 ਫ਼ੀਸਦੀ ਜੱਟ ਸਿੱਖ ਹਨ। ਹਿੰਦੂ ਭਾਈਚਾਰੇ ਦੀ ਗਿਣਤੀ ਲਗਭਗ 40 ਫ਼ੀਸਦੀ ਹੈ। ਇਸ ਹਿੰਦੂ-ਸਿੱਖ ਆਬਾਦੀ ਦੇ ਅੰਦਰ ਹੀ ਲਗਭਗ 33 ਫ਼ੀਸਦੀ (ਭਾਵ ਤੀਜਾ ਹਿੱਸਾ) ਦਲਿਤ ਵੋਟ ਬੈਂਕ ਹੈ, ਜੋ ਕਿ ਪੂਰੇ ਦੇਸ਼ ਵਿੱਚ ਕਿਸੇ ਵੀ ਸੂਬੇ ਨਾਲੋਂ ਫ਼ੀਸਦੀ ਦੇ ਹਿਸਾਬ ਨਾਲ ਸਭ ਤੋਂ ਵੱਧ ਹੈ।

ਅੱਜ ਸਾਰੀਆਂ ਸਿਆਸੀ ਪਾਰਟੀਆਂ ਪੰਜਾਬੀਆਂ ਦੇ ਇਸ ਸਾਂਝੇ ਅਕਸ ਨੂੰ ਢਾਹ ਲਾ ਕੇ, ਉਨ੍ਹਾਂ ਨੂੰ ਧਰਮ ਅਤੇ ਜਾਤ ਦੇ ਨਾਂ 'ਤੇ ਵੰਡ ਕੇ ਵੋਟਾਂ ਹਥਿਆਉਣ ਦੇ ਸਸਤੇ ਚੱਕਰ ਵਿੱਚ ਹਨ। ਸਾਰੀਆਂ ਸਿਆਸੀ ਪਾਰਟੀਆਂ ਖ਼ਾਸ ਕਰਕੇ ਭਾਜਪਾ ਦਾ ਪੂਰਾ ਫ਼ੋਕਸ ਇਸ ਵੇਲੇ ਐੱਸ.ਸੀ. ਜਾਤੀ ਦੇ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਣ 'ਤੇ ਹੈ। ਦੋਆਬੇ ਦੇ ਚਾਰ ਪ੍ਰਮੁੱਖ ਜ਼ਿਲ੍ਹੇ-ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਅਤੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ)-ਵਿੱਚ ਦਲਿਤ ਵੋਟਰ ਹੀ ਸਾਰੀਆਂ ਸਿਆਸੀ ਪਾਰਟੀਆਂ ਦੀ ਹਾਰ-ਜਿੱਤ ਤੈਅ ਕਰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਡੇਰਾ ਸੱਚਖੰਡ ਬੱਲਾਂ ਵਿਖੇ ਜਾਣਾ ਇਸੇ ਰਣਨੀਤੀ ਦਾ ਹਿੱਸਾ ਸੀ, ਤਾਂ ਜੋ ਦੋਆਬੇ ਦੇ ਇਸ ਪ੍ਰਭਾਵਸ਼ਾਲੀ ਵੋਟ ਬੈਂਕ ਨੂੰ ਭਾਜਪਾ ਦੇ ਪੱਖ ਵਿੱਚ ਭੁਗਤਾਇਆ ਜਾ ਸਕੇ। ਉਨ੍ਹਾਂ ਨੇ ਡੇਰੇ ਦੇ ਸੰਤ ਨਿਰੰਜਨ ਦਾਸ ਨੂੰ ਵਿਸ਼ੇਸ਼ ਅਹਿਮੀਅਤ ਦੇ ਕੇ ਇਹ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਉਹ ਹੁਣ ਡੇਰਾਵਾਦ ਦੇ ਸਹਾਰੇ ਪੰਜਾਬ ਦੀ ਸਿਆਸਤ ਵਿੱਚ ਪੈਰ ਜਮਾਉਣਾ ਚਾਹੁੰਦੇ ਹਨ।

ਇਤਿਹਾਸਕ ਤੌਰ 'ਤੇ ਪੰਜਾਬ ਦੀ ਦਲਿਤ ਵੋਟ ਜ਼ਿਆਦਾਤਰ ਕਾਂਗਰਸ ਦੇ ਪੱਖ ਵਿੱਚ ਭੁਗਤਦੀ ਰਹੀ ਹੈ, ਖਾਸ ਕਰਕੇ ਦੋਆਬੇ ਦੇ ਇਲਾਕੇ ਵਿੱਚ। ਪਰ ਪਿਛਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਇਸ ਵੋਟ ਬੈਂਕ ਵਿੱਚ ਵੱਡੀ ਸੰਨ੍ਹ ਲਾਈ ਅਤੇ ਇੱਥੇ ਆਪਣਾ ਸਿਆਸੀ ਆਧਾਰ ਮਜ਼ਬੂਤ ਕੀਤਾ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦਾ ਗੱਠਜੋੜ ਵੀ ਇਸੇ ਵੋਟ ਨੂੰ ਹਾਸਲ ਕਰਨ ਲਈ ਹੱਥ-ਪੈਰ ਮਾਰਦਾ ਰਿਹਾ ਹੈ। ਉਂਝ, ਪੰਜਾਬ ਦੀ ਐੱਸ.ਸੀ. ਆਬਾਦੀ ਅਕਾਲੀਆਂ, ਗਰਮਖਿਆਲੀਆਂ, ਅਤੇ ਕਾਂਗਰਸ ਦੇ ਖੇਮਿਆਂ ਵਿੱਚ ਵੰਡੀ ਹੋਈ ਹੈ। ਜੇ ਗਣਿਤ ਸਮਝੀਏ ਤਾਂ ਦਲਿਤਾਂ ਦੀ ਕੁੱਲ 33 ਫ਼ੀਸਦੀ ਵੋਟ ਵਿੱਚੋਂ, ਸਿੱਖ ਦਲਿਤਾਂ ਦੀ ਹਿੱਸੇਦਾਰੀ ਬਹੁਤ ਵੱਡੀ ਹੈ, ਜੋ ਕਿ ਸਿਆਸਤ ਦਾ ਰੁਖ਼ ਬਦਲਣ ਦੇ ਸਮਰੱਥ ਹੈ।

ਸਿਆਸੀ ਪਾਰਟੀਆਂ, ਖ਼ਾਸ ਕਰਕੇ ਭਾਜਪਾ ਵੱਲੋਂ ਪੰਜਾਬੀਆਂ ਨੂੰ ਪਹਿਲਾਂ ਧਰਮ ਦੇ ਨਾਂਅ 'ਤੇ ਵੰਡਣਾ ਅਤੇ ਫ਼ਿਰ ਜਾਤ-ਪਾਤ ਦੀ ਵਰਗ-ਵੰਡ ਕਰਨਾ ਸੂਬੇ ਦੇ ਸਮਾਜਿਕ ਤਾਣੇ-ਬਾਣੇ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਪਰ ਦੁਖਾਂਤ ਇਹ ਹੈ ਕਿ ਪੰਜਾਬੀਆਂ ਉੱਤੇ ਇਸ ਸਿਆਸੀ ਧਰੁਵੀਕਰਨ ਦਾ ਅਸਰ ਹੁਣ ਸਾਫ਼ ਦਿਖਣ ਲੱਗ ਪਿਆ ਹੈ। ਜੇਕਰ ਅਸੀਂ ਚੋਣ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਿਰਫ਼ 6.6 ਫ਼ੀਸਦੀ ਵੋਟਾਂ ਮਿਲੀਆਂ ਸਨ। ਲੇਕਿਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ, ਅਕਾਲੀ ਦਲ ਤੋਂ ਵੱਖ ਹੋ ਕੇ ਇਕੱਲਿਆਂ ਲੜਨ ਦੇ ਬਾਵਜੂਦ, ਭਾਜਪਾ ਦਾ ਵੋਟ ਬੈਂਕ ਉਛਾਲ ਮਾਰ ਕੇ 18.65 ਫ਼ੀਸਦੀ ਤੱਕ ਪਹੁੰਚ ਗਿਆ। ਭਾਵੇਂ ਉਹ ਸੀਟਾਂ ਜ਼ਿਆਦਾ ਨਹੀਂ ਜਿੱਤ ਸਕੀ, ਪਰ ਸ਼ਹਿਰੀ ਹਿੰਦੂ ਖੇਤਰਾਂ ਵਿੱਚ ਉਸ ਨੇ ਵੱਡੀ ਲੀਡ ਹਾਸਲ ਕੀਤੀ।

ਦੂਜੇ ਪਾਸੇ ਕਾਂਗਰਸ ਅਤੇ 'ਆਪ' ਨੂੰ ਲਗਭਗ 26-26 ਫ਼ੀਸਦੀ ਵੋਟਾਂ ਮਿਲੀਆਂ, ਜਦਕਿ ਸ਼੍ਰੋਮਣੀ ਅਕਾਲੀ ਦਲ ਸੁੰਘੜ ਕੇ 13.68 ਫ਼ੀਸਦੀ 'ਤੇ ਆ ਗਿਆ। ਇਸ ਦੇ ਨਾਲ ਹੀ, ਗਰਮਖਿਆਲੀ ਅਤੇ ਆਜ਼ਾਦ ਉਮੀਦਵਾਰਾਂ ਦੇ ਪੱਲੇ ਕੱਟੜ ਸਿੱਖ ਭਾਵਨਾਵਾਂ ਦੀਆਂ ਵੋਟਾਂ ਪਈਆਂ।

ਹੁਣ ਭਾਜਪਾ ਦੀ ਰਣਨੀਤੀ ਇਹ ਹੈ ਕਿ ਜੇਕਰ ਉਹ ਸੂਬੇ ਦੇ 40 ਫ਼ੀਸਦੀ ਹਿੰਦੂਆਂ ਵਿੱਚੋਂ 30 ਫ਼ੀਸਦੀ ਵੋਟਾਂ ਨੂੰ ਆਪਣੇ ਹੱਕ ਵਿੱਚ ਪੱਕਾ ਕਰ ਲਵੇ, ਅਤੇ ਨਾਲ ਹੀ ਵੱਖ-ਵੱਖ ਡੇਰਿਆਂ ਦੇ ਪ੍ਰਭਾਵ ਸਦਕਾ 10 ਤੋਂ 12 ਫ਼ੀਸਦੀ ਦਲਿਤ ਵੋਟ ਹਾਸਲ ਕਰ ਲਵੇ, ਤਾਂ ਉਹ ਹਿੰਦੂ-ਬਹੁਗਿਣਤੀ ਵਾਲੇ 55 ਵਿਧਾਨ ਸਭਾ ਚੋਣ ਖੇਤਰਾਂ ਵਿੱਚ ਇੱਕ ਮਜ਼ਬੂਤ ਸਿਆਸੀ ਸ਼ਕਤੀ ਬਣ ਕੇ ਉੱਭਰ ਸਕਦੀ ਹੈ। ਇਹ ਖੇਡ ਪੰਜਾਬ ਦੇ ਉੱਜਵਲ ਭਵਿੱਖ ਲਈ ਨਹੀਂ, ਸਗੋਂ ਸੱਤਾ ਹਥਿਆਉਣ ਲਈ ਖੇਡੀ ਜਾ ਰਹੀ ਹੈ।

ਪੰਜਾਬ ਸ਼ੁਰੂ ਤੋਂ ਹੀ ਦੇਸ਼ ਅੰਦਰ ਫ਼ੈਡਰਲਿਜ਼ਮ ਯਾਨੀ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਪਹਿਰੇਦਾਰ ਰਿਹਾ ਹੈ। ਪ੍ਰੰਤੂ ਅਜੋਕੇ ਸਮੇਂ ਕੇਂਦਰ ਸਰਕਾਰ ਵੱਲੋਂ ਸੂਬੇ ਦੇਅਧਿਕਾਰਾਂ 'ਤੇ ਲਗਾਤਾਰ ਡਾਕੇ ਮਾਰੇ ਜਾ ਰਹੇ ਹਨ। (**ਬਾਕੀ ਸਫ਼ਾ 27 'ਤੇ**)

# ਸੀ.ਜ਼ੇ.ਪੀ. ਅੰਦੋਲਨ ਨੂੰ ਨਜ਼ਰਅੰਦਾਜ਼ ਕਰਨਾ ਮੋਦੀ ਸਰਕਾਰ ਲਈ ਬਣਿਆ ਵੱਡਾ ਸਿਰਦਰਦ



**ਡਾ. ਗਿਆਨ ਪਾਠਕ**

ਦਿੱਲੀ ਪੁਲਿਸ ਨੇ ਆਖਰਕਾਰ ਕਾਕਰੋਚ ਜਨਤਾ ਪਾਰਟੀ (ਸੀ.ਜ਼ੇ.ਪੀ.) ਦੇ 20 ਜੁਲਾਈ ਦੇ ਸੰਸਦ ਮਾਰਚ ਨੂੰ ਅਸਫਲ ਕਰਨ ਲਈ ਲਾਠੀਚਾਰਜ ਦਾ ਸਹਾਰਾ ਲਿਆ। ਮੀਡੀਆ ਦੇ ਇੱਕ ਹਿੱਸੇ ਨੇ ਪਿਛਲੇ ਦਿਨੀਂ ਦਿੱਲੀ ਦੇ ਪੁਲਿਸ ਕਮਿਸ਼ਨਰ ਸਤੀਸ਼ ਗੋਲਚਾ ਨੂੰ ਅਚਾਨਕ ਹਟਾ ਕੇ ਉਨ੍ਹਾਂ ਦੀ ਥਾਂ ਅਨੁਰਾਗ ਕੁਮਾਰ ਨੂੰ ਨਿਯੁਕਤ ਕੀਤੇ ਜਾਣ ਦਾ ਇੱਕ ਕਾਰਨ ਸੀ.ਜ਼ੇ.ਪੀ. ਦੇ ਅੰਦੋਲਨ ਨੂੰ ਦੱਸਿਆ ਹੈ। ਦਿੱਲੀ ਪੁਲਿਸ ਨੇ ਭੁੱਖ ਹੜਤਾਲ ’ਤੇ ਬੈਠੇ ਕਾਰਕੁੰਨ ਸੋਨਮ ਵਾਂਗਚੁਕ ਨੂੰ ਜ਼ਬਰਦਸਤੀ ਵਿਰੋਧ ਸਥਾਨ ਤੋਂ ਹਟਾ ਕੇ ਸਫਦਰਜੰਗ ਹਸਪਤਾਲ ਪਹੁੰਚਾ ਦਿੱਤਾ, ਇਹ ਕਾਰਵਾਈ ਕਥਿਤ ਤੌਰ ’ਤੇ ਦਿੱਲੀ ਹਾਈ ਕੋਰਟ ਦੇ ਹੁਕਮਾਂ ’ਤੇ ਉਸ ਦੀ ਜਾਨ ਬਚਾਉਣ ਲਈ ਕੀਤੀ ਗਈ ਦੱਸੀ ਜਾਂਦੀ ਹੈ। ਸਰਕਾਰ ਨੇ ਇਸ ਕਾਰਵਾਈ ਨੂੰ ਸ਼ਾਂਤਮਈ ਦੱਸਿਆ, ਪਰ ਦਿੱਲੀ ਪੁਲਿਸ ਨੇ ‘ਕੁਝ ਹਫੜਾ-ਦਫੜੀ’ ਹੋਣਾ ਮੰਨਦਿਆਂ ਕਿਹਾ ਹੈ ਕਿ ਅਸੀਂ ਜੰਤਰ-ਮੰਤਰ ’ਤੇ ਮੌਜੂਦ ਪ੍ਰਦਰਸ਼ਨਕਾਰੀਆਂ ਨੂੰ ਜਲਦੀ ਖੇਤਰ ਖਾਲੀ ਕਰਨ ਦੀ ਅਪੀਲ ਕੀਤੀ ਸੀ। ਕੇਂਦਰ ਸਰਕਾਰ ਵੱਲੋਂ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕਰਨ ਦੀ ਬਜਾਏ ਉਨ੍ਹਾਂ ਨੂੰ ਹਟਾਉਣ ਲਈ ਇਹ ਕਾਰਵਾਈ ਸੀ.ਜ਼ੇ.ਪੀ. ਦੇ ਸੰਸਦ ਵੱਲ ਯੋਜਨਾਬੱਧ ਵਿਰੋਧ ਮਾਰਚ ਤੋਂ ਦੋ ਦਿਨ ਪਹਿਲਾਂ ਕੀਤੀ ਗਈ ਸੀ। ਇਸ ਵਿਰੋਧ ਮਾਰਚ ਦਾ ਮਕਸਦ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਉਸ ਨੂੰ ਨੀਟ ਸਮੇਤ ਕਈ ਪ੍ਰੀਖਿਆਵਾਂ ’ਚ ਬੇਨਿਯਮੀਆਂ ਤੇ ਪੇਪਰ ਲੀਕ ਲਈ ਜਵਾਬਦੇਹ ਠਹਿਰਾਉਣਾ ਸੀ।

ਵਿਰੋਧੀ ਧਿਰ ਦੇ ਨੇਤਾਵਾਂ, ਸੀ.ਜ਼ੇ.ਪੀ. ਕਾਰਕੁੰਨਾਂ ਅਤੇ ਵੱਡੀ ਗਿਣਤੀ ਵਿੱਚ ਲੇਖਕਾਂ, ਕਲਾਕਾਰਾਂ, ਮਸ਼ਹੂਰ ਹਸਤੀਆਂ ਤੇ ਆਮ ਲੋਕਾਂ ਦਾ ਕਹਿਣਾ ਹੈ ਕਿ ਇਹ ਇਕ ਲੋਕਤੰਤਰੀ ਅੰਦੋਲਨ ਨੂੰ ਜ਼ਬਰਦਸਤੀ ਦਬਾਉਣ ਦੀ ਕੋਸ਼ਿਸ਼ ਤੋਂ ਇਲਾਵਾ ਕੁਝ ਨਹੀਂ ਹੈ। ਅਭਿਜੀਤ ਦਿਪਕੇ ਦੁਆਰਾ ਸੀ.ਜ਼ੇ.ਪੀ. ਅੰਦੋਲਨ 16 ਮਈ 2026 ਨੂੰ ਇੱਕ ਵਿਅੰਗਮਈ ਆਨਲਾਈਨ ਵਿਰੋਧ ਵਜੋਂ ਸ਼ੁਰੂ ਕੀਤਾ ਸੀ, ਜੋ ਹੁਣ ਇੰਨਾ ਵੱਡਾ ਹੋ ਗਿਆ ਹੈ ਕਿ ਇਸ ਨੂੰ ਦਬਾਇਆ ਨਹੀਂ ਜਾ ਸਕਦਾ, ਕਿਉਂਕਿ ਇਸ ਨੂੰ ਸਮਾਜ ਦੇ ਸਾਰੇ ਵਰਗਾਂ ਤੇ ਦੇਸ਼ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਤੋਂ ਭਾਰੀ ਸਮਰਥਨ ਮਿਲ ਰਿਹਾ ਹੈ। ਜਦੋਂ ਵਾਂਗਚੁਕ ਨੂੰ ਹਟਾਉਣ ਤੋਂ ਬਾਅਦ ਅਭਿਜੀਤ ਦਿਪਕੇ ਤੇ ਕਈ ਹੋਰ ਨੌਜਵਾਨ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ’ਤੇ ਬੈਠ ਗਏ ਤਾਂ ਕੇਂਦਰ ਸਰਕਾਰ ਪ੍ਰਦਰਸ਼ਨਕਾਰੀਆਂ ਨਾਲ ਗੱਲ ਕਰਨ ਲਈ ਤਿਆਰ ਹੋ ਗਈ, ਜੋ ਹੁਣ ਤੱਕ ਸੀ.ਜ਼ੇ.ਪੀ. ਅੰਦੋਲਨ ਦਾ ਜਵਾਬ ਜ਼ੋਰ ਜ਼ਬਰਦਸਤੀ ਨਾਲ ਦੇ ਰਹੀ ਸੀ। ਜਦੋਂ ਵਿਰੋਧ ਸਥਾਨ ਨੂੰ ਸੀਲ ਕਰਕੇ ਪ੍ਰਦਰਸ਼ਨਕਾਰੀਆਂ ਦੇ ਲਈ ਲੌਜਿਸਟਿਕਸ ਮੁਸ਼ਕਿਲਾਂ ਖੜ੍ਹੀਆਂ ਕੀਤੀਆਂ ਗਈਆਂ ਤਾਂ ਸੀ.ਜ਼ੇ.ਪੀ. ਕਾਰਕੁੰਨਾਂ ਤੇ ਵਿਰੋਧੀ ਧਿਰ ਦੇ ਨੇਤਾਵਾਂ ਨੇ ਆਪਣਾ ਰੁਖ਼ ਸਖ਼ਤ ਕਰਦਿਆਂ ਵਿਰੋਧ ਪ੍ਰਦਰਸ਼ਨ ਜਾਰੀ ਰੱਖਣ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫ਼ੇ ਦੀ ਮੰਗ ਕਰਨ ਦਾ ਪ੍ਰਣ ਲਿਆ।

ਸੰਸਦ ਦੇ ਬਾਹਰ ਵਿਰੋਧ ਪ੍ਰਦਰਸ਼ਨ ਦੇ ਤੇਜ਼ ਹੋਣ ਕਾਰਨ ਮੌਨਸੂਨ ਸੈਸ਼ਨ ਦੇ ਹੰਗਾਮੇਦਾਰ ਰਹਿਣ ਦੀ ਪੂਰੀ ਸੰਭਾਵਨਾ ਹੈ। ਹਾਲਾਂਕਿ ਵਿਰੋਧੀ ਧਿਰ ਕੇਂਦਰ ਸਰਕਾਰ ਵਲੋਂ ਸੀ.ਜ਼ੇ.ਪੀ. ਦੇ ਲੋਕਤੰਤਰੀ ਵਿਰੋਧ ਨੂੰ ਦਬਾਉਣ ਤੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਬਚਾਉਣ ਦੇ ਮੁੱਦੇ ’ਤੇ ਸਦਨ ਦੇ ਅੰਦਰ ਵਿਰੋਧ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾ ਰਹੀ ਹੈ। ਸੰਸਦ ਦੇ ਅੰਦਰ ਵਿਰੋਧੀ ਧਿਰ ਦੇ ਲਈ ਵਿਰੋਧ ਦਾ ਮੌਕਾ ਉਸ ਸਮੇਂ ਆਵੇਗਾ, ਜਦੋਂ ਕੇਂਦਰ ਸਰਕਾਰ ‘ਡਿਵੈਲਪਿੰਗ ਇੰਡੀਆ ਐਜੂਕੇਸ਼ਨ ਫਾਊਂਡੇਸ਼ਨ ਬਿੱਲ, 2025’ ਨਾਮਕ ਇੱਕ ਸੋਧਿਆ ਬਿੱਲ ਪੇਸ਼ ਕਰੇਗੀ, ਜੋ ਪਹਿਲਾਂ ‘ਹਾਇਰ ਐਜੂਕੇਸ਼ਨ ਕਮਿਸ਼ਨ ਆਫ ਇੰਡੀਆ (ਐਚ.ਈ.ਸੀ.ਆਈ.) ਬਿੱਲ’ ਵਜੋਂ ਜਾਣਿਆ ਜਾਂਦਾ ਸੀ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਕੇਂਦਰ ਸਰਕਾਰ ਇਸ ਬਿੱਲ ਰਾਹੀਂ ਦੇਸ਼ ’ਚ ਉੱਚ ਸਿੱਖਿਆ ਨੂੰ ਤਬਾਹ ਕਰਕੇ ਸਿੱਖਿਆ ’ਤੇ ਹਿੰਦੂਤਵ-ਬ੍ਰਾਂਡ ਨੂੰ ਥੋਪਣ ਦੀ ਕੋਸ਼ਿਸ਼ ਕਰ ਰਹੀ ਹੈ। ਜਦਕਿ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਕਹਿਣਾ ਹੈ ਕਿ ਬਿੱਲ ਦੀਆਂ ਵਿਵਸਥਾਵਾਂ ਮੌਜੂਦਾ ਕਾਨੂੰਨੀ ਢਾਂਚੇ ਨੂੰ ਨਹੀਂ ਬਦਲਦੀਆਂ। ਪਹਿਲਾਂ ਹੀ ਪ੍ਰੀਖਿਆ ਬੇਨਿਯਮੀਆਂ ਤੇ ਪੇਪਰ ਲੀਕ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਧਰਮਿੰਦਰ ਪ੍ਰਧਾਨ ਦਾ ਹੁਣ ਸੰਸਦ ’ਚ ਵਿਰੋਧੀ ਧਿਰ ਨਾਲ ਸਿੱਧਾ ਟਕਰਾਅ ਹੋਣ ਦੀ ਸੰਭਾਵਨਾ ਹੈ।

ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਕਈ ਵਾਰ ਧਰਮਿੰਦਰ ਪ੍ਰਧਾਨ ’ਤੇ ਰਾਸ਼ਟਰੀ ਪ੍ਰਤੀਯੋਗੀ ਪ੍ਰੀਖਿਆਵਾਂ ਨਾਲ ਜੁੜੇ ਭ੍ਰਿਸ਼ਟਾਚਾਰ ਤੇ ਪ੍ਰਣਾਲੀਗਤ ਅਸਫਲਤਾਵਾਂ ਲਈ ਜ਼ਿੰਮੇਵਾਰ ਹੋਣ ਦਾ ਦੋਸ਼ ਲਗਾ ਚੁੱਕੇ ਹਨ। ਉਹ ਵੱਡੇ ਪੱਧਰ ’ਤੇ ਪੇਪਰ ਲੀਕ ਹੋਣ ਦਾ ਹਵਾਲਾ ਦਿੰਦਿਆਂ ਪੂਰੇ ਸਿਸਟਮ ਨੂੰ ‘ਧੋਖਾਧੜੀ’ ਵਾਲਾ ਦੱਸਦਿਆਂ ਦੇਸ਼ ਦੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਦੇ ਲਈ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰ ਚੁੱਕੇ ਹਨ। ਐਨ.ਸੀ.ਪੀ. (ਸ਼ਰਦ ਪਵਾਰ) ਦੇ ਪ੍ਰਧਾਨ ਸ਼ਰਦ ਪਵਾਰ ਅਨੁਸਾਰ ਕੇਂਦਰ ਸਰਕਾਰ ਦੇ ਸਥਿਤੀ ਨੂੰ ਠੀਕ ਢੰਗ ਨਾਲ ਨਾ ਸੰਭਾਲਣ ਕਰਕੇ ਵਿਦਿਆਰਥੀਆਂ ਦੇ ਭਵਿੱਖ ’ਤੇ ਬੁਰਾ ਅਸਰ ਪਿਆ ਹੈ। ਜਦੋਂ ਦੂਜੀਆਂ ਸਿਆਸੀ ਪਾਰਟੀਆਂ ਵਾਂਗਚੁਕ ਦੇ ਸਮਰਥਨ ਵਿਚ ਆਈਆਂ ਤਾਂ ਸਰਕਾਰ ਤਮਾਸ਼ਬੀਨ ਬਣੀ ਰਹੀ। ਕਾਂਗਰਸ ਤੇ ਐਨ.ਸੀ.ਪੀ. ਦੀ ਨੇਤਾ ਸੁਪ੍ਰਿਆ ਸੁਲੇ ਸਮੇਤ ਹੋਰਾਂ ਨੇ ਜੰਤਰ ਮੰਤਰ ਜਾ ਕੇ ਇਕੋ ਜਿਹੀਆਂ ਮੰਗਾਂ ਰੱਖੀਆਂ ਹਨ। ਉਨ੍ਹਾਂ ਪ੍ਰਦਰਸ਼ਨਕਾਰੀਆਂ ਦੀਆਂ ਮੰਗਾਂ ਨੂੰ ਜਾਇਜ਼ ਦੱਸਿਆ ਹੈ। ਪਵਾਰ ਨੇ ਸਰਕਾਰ ਨੂੰ ਗ਼ੈਰ-ਜ਼ਿੰਮੇਵਾਰ ਦੱਸਦਿਆਂ ਕਿਹਾ ਹੈ ਕਿ ਇਹ ਮੁੱਦਾ ਵਾਂਗਚੁਕ ਦੇ ਹਸਪਤਾਲ ’ਚ ਦਾਖਲ ਹੋਣ ਨਾਲ ਖ਼ਤਮ ਨਹੀਂ ਹੋਵੇਗਾ।

‘ਆਪ’ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੇ ਸਿਰਫ਼ ਸੋਨਮ ਵਾਂਗਚੁਕ ਨੂੰ ਗ੍ਰਿਫ਼ਤਾਰ ਕਰਨ ਦੇ ਲਈ ਦਿੱਲੀ ਦਾ ਪੁਲਿਸ ਕਮਿਸ਼ਨਰ ਤੱਕ ਬਦਲ ਦਿੱਤਾ। ਸੰਸਦ ਦਾ ਸੈਸ਼ਨ ਸ਼ੁਰੂ ਹੋਣ ਕਰਕੇ ਸਰਕਾਰ ਨਹੀਂ ਚਾਹੁੰਦੀ ਕਿ ਵਿਰੋਧ ਪ੍ਰਦਰਸ਼ਨ ਜਾਰੀ ਰਹੇ, ਇਹ ਤਾਨਾਸ਼ਾਹੀ ਹੈ। ਸਰਕਾਰ ਵਿਦਿਆਰਥੀਆਂ ਦੁਆਰਾ ਉਠਾਏ ਜਾ ਰਹੇ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਉਨ੍ਹਾਂ ਦੀਆਂ ਆਵਾਜ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਟੀ.ਐਮ.ਸੀ. ਦੀ ਨੇਤਾ ਮਮਤਾ ਬੈਨਰਜੀ ਨੇ ਕਿਹਾ ਕਿ ਵਾਂਗਚੁਕ ਨੇ ਸਿਰਫ਼ ਗੱਲਬਾਤ ਦੀ ਮੰਗ ਕੀਤੀ ਸੀ, ਪਰ ਉਨ੍ਹਾਂ ਦੀ ਅਪੀਲ ਦਾ ਹਫ਼ਤਿਆਂ ਤੱਕ ਜਵਾਬ ਨਹੀਂ ਦਿੱਤਾ ਗਿਆ। ਲੋਕਤੰਤਰ ਵਿਚ ਜਨਤਾ ਦਾ ਭਰੋਸਾ ਪਾਰਦਰਸ਼ਤਾ, ਜਵਾਬਦੇਹੀ ਤੇ ਲੋਕਤੰਤਰੀ ਅਧਿਕਾਰਾਂ ਦੇ ਸਤਿਕਾਰ ਨਾਲ ਕਮਾਇਆ ਜਾਂਦਾ ਹੈ- ਗੱਲਬਾਤ ਤੋਂ ਇਨਕਾਰ ਕਰਕੇ ਨਹੀਂ। ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਸੋਨਮ ਵਾਂਗਚੁਕ ਨੂੰ ਜ਼ਬਰਦਸਤੀ ਹਟਾਉਣ ਦੀ ਨਿੰਦਾ ਕਰਦਿਆਂ ਇਸ ਨੂੰ ਲੋਕਤੰਤਰ ਤੇ ਸੰਵਿਧਾਨ ’ਤੇ ਇਕ ਕਾਲਾ ਧੱਬਾ ਕਿਹਾ ਹੈ। ਖੜਗੇ ਨੇ ਕਿਹਾ ਇਸ ਸਰਕਾਰ ਨੇ ਮਾਂ ਗੰਗਾ ਨੂੰ ਬਚਾਉਣ ਲਈ 111 ਦਿਨਾਂ ਤੱਕ ਮਰਨ ਵਰਤ ਰੱਖਣ ਵਾਲੇ ਪ੍ਰੋਫੈਸਰ ਜੀ.ਡੀ. ਅਗਰਵਾਲ , ਹਰਿਆਣਾ ਦੇ ਉਲੰਪਿਕ ਪਹਿਲਵਾਨਾਂ, 750 ਕਿਸਾਨਾਂ, ਦਲਿਤ ਤੇ ਆਦਿਵਾਸੀਆਂ ਤੇ ਪੇਪਰ ਲੀਕ ਦਾ ਸ਼ਿਕਾਰ ਹੋਏ 25 ਬੱਚਿਆਂ ਤੇ ਉਨ੍ਹਾਂ ਦੇ ਪਰਿਵਾਰਾਂ, ਕਿਸੇ ਨੂੰ ਵੀ ਨਹੀਂ ਬਖਸ਼ਿਆ... ਉਨ੍ਹਾਂ ਦੀਆਂ ਨਜ਼ਰਾਂ ਵਿੱਚ ਆਵਾਜ਼ ਉਠਾਉਣ ਵਾਲੇ ‘ਰਾਸ਼ਟਰ ਵਿਰੋਧੀ’ ਜਾਂ ‘ਪਰਜੀਵੀ’ ਹਨ! (ਬਾਕੀ ਸਫ਼ਾ 27 ’ਤੇ)

# ਬੈਂਕਿੰਗ ਸੁਧਾਰ ਜਾਂ ਕਾਰਪੋਰੇਟ ਹਿਤ ਸਰਕਾਰੀ ਬੈਂਕਾਂ ਦੀ ਗਿਣਤੀ ਘਟਾਉਣ ਦੀ ਤਿਆਰੀ ’ਤੇ ਉੱਠੇ ਵੱਡੇ ਸਵਾਲ

**ਮਨਿੰਦਰ ਸਿੰਘ ਭਾਟੀਆ**

ਭਾਰਤ ਵਿੱਚ ਸਰਕਾਰੀ ਬੈਂਕਾਂ ਦੇ ਰਲੇਵੇਂ ਦੀ ਪ੍ਰਕਿਰਿਆ ਨੂੰ ਕੇਂਦਰ ਸਰਕਾਰ ਲਗਾਤਾਰ ਬੈਂਕਿੰਗ ਸੁਧਾਰ ਵਜੋਂ ਪੇਸ਼ ਕਰਦੀ ਆ ਰਹੀ ਹੈ। ਦਲੀਲ ਦਿੱਤੀ ਜਾਂਦੀ ਹੈ ਕਿ ਵੱਡੇ ਬੈਂਕ ਬਣਨ ਨਾਲ ਪ੍ਰਸ਼ਾਸਕੀ ਖਰਚ ਘਟੇਗਾ, ਪੂੰਜੀ ਦੀ ਸਮਰੱਥਾ ਵਧੇਗੀ, ਕਰਜ਼ਾ ਦੇਣ ਦੀ ਯੋਗਤਾ ਮਜ਼ਬੂਤ ਹੋਵੇਗੀ ਅਤੇ ਭਾਰਤੀ ਬੈਂਕ ਵਿਸ਼ਵ ਪੱਧਰ ’ਤੇ ਮੁਕਾਬਲਾ ਕਰਨ ਦੇ ਯੋਗ ਬਣ ਜਾਣਗੇ। ਇਹ ਦਲੀਲ ਪਹਿਲੀ ਨਜ਼ਰ ਵਿੱਚ ਆਕਰਸ਼ਕ ਲੱਗ ਸਕਦੀ ਹੈ, ਪਰ ਅਸਲ ਸਵਾਲ ਇਹ ਹੈ ਕਿ ਕੀ ਇਹ ਕਦਮ ਸੱਚਮੁੱਚ ਆਮ ਲੋਕਾਂ, ਕਿਸਾਨਾਂ, ਛੋਟੇ ਉਦਯੋਗਾਂ ਅਤੇ ਬੈਂਕ ਕਰਮਚਾਰੀਆਂ ਦੇ ਹਿਤ ਵਿੱਚ ਹਨ, ਜਾਂ ਫਿਰ ਇਹ ਵੱਡੀ ਵਿੱਤੀ ਪੂੰਜੀ ਅਤੇ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਚੁੱਕਿਆ ਗਿਆ ਇੱਕ ਹੋਰ ਕਦਮ ਹੈ?

ਮਾਰਕਸਵਾਦੀ ਅਰਥ ਸ਼ਾਸਤਰ ਅਨੁਸਾਰ ਬੈਂਕ ਸਿਰਫ ਪੈਸਾ ਜਮ੍ਹਾਂ ਰਕਮ ਰੱਖਣ ਜਾਂ ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਨਹੀਂ ਹੁੰਦੀਆਂ, ਇਹ ਉਹ ਸੰਸਥਾਵਾਂ ਹਨ ਜੋ ਸਮਾਜ ਦੇ ਵੱਖ-ਵੱਖ ਵਰਗਾਂ- ਮਜ਼ਦੂਰਾਂ, ਕਰਮਚਾਰੀਆਂ, ਕਿਸਾਨਾਂ, ਛੋਟੇ ਵਪਾਰੀਆਂ ਅਤੇ ਆਮ ਨਾਗਰਿਕਾਂ ਦੀ ਬੱਚਤ ਨੂੰ ਇਕੱਠਾ ਕਰਕੇ ਉਸ ਨੂੰ ਪੂੰਜੀ ਵਿੱਚ ਤਬਦੀਲ ਕਰਦੀਆਂ ਹਨ। ਇਸ ਪੂੰਜੀ ਨੂੰ ਅੱਗੇ ਕਰਜ਼ਿਆਂ ਅਤੇ ਨਿਵੇਸ਼ ਰਾਹੀਂ ਅਰਥਵਿਵਸਥਾ ਵਿੱਚ ਲਾਇਆ ਜਾਂਦਾ ਹੈ। ਇਸ ਲਈ ਬੈਂਕਾਂ ’ਤੇ ਕੰਟਰੋਲ ਸਿਰਫ ਵਿੱਤੀ ਪ੍ਰਬੰਧਨ ਦਾ ਨਹੀਂ, ਸਗੋਂ ਆਰਥਿਕ ਅਤੇ ਸਮਾਜਿਕ ਤਾਕਤ ਦਾ ਵੀ ਸਵਾਲ ਹੈ। ਜਿਸਦੇ ਹੱਥਾਂ ਵਿੱਚ ਬੈਂਕਿੰਗ ਪੂੰਜੀ ਦਾ ਕੰਟਰੋਲ ਹੁੰਦਾ ਹੈ, ਉਹ ਅਰਥਵਿਵਸਥਾ ਦੀ ਦਿਸ਼ਾ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

ਕਾਰਲ ਮਾਰਕਸ ਨੇ ਦਾਸ ਕੈਪੀਟਲ ਵਿੱਚ ਸਪਸ਼ਟ ਕੀਤਾ ਸੀ ਕਿ ਪੂੰਜੀਵਾਦ ਦਾ ਇੱਕ ਬੁਨਿਆਦੀ ਰੁਝਾਨ ਪੂੰਜੀ ਦਾ ਕੇਂਦਰੀਕਰਨ ਅਤੇ ਕੇਂਦਰੀਭੂਤ ਹੋਣਾ ਹੈ। ਸਮੇਂ ਦੇ ਨਾਲ ਛੋਟੇ ਉੱਦਮ ਅਤੇ ਸੰਸਥਾਵਾਂ ਵੱਡੀਆਂ ਸੰਸਥਾਵਾਂ ਵਿੱਚ ਸਮਾ ਜਾਂਦੀਆਂ ਹਨ ਅਤੇ ਆਰਥਿਕ ਤਾਕਤ ਕੁਝ ਗਿਣਤੀ ਦੇ ਹੱਥਾਂ ਵਿੱਚ ਸਿਮਟਦੀ ਜਾਂਦੀ ਹੈ। ਬੈਂਕਾਂ ਦਾ ਵਿਲੀਨੀਕਰਨ ਵੀ ਇਸੇ ਪ੍ਰਕਿਰਿਆ ਦਾ ਹਿੱਸਾ ਹੈ। ਜਦੋਂ ਕਈ ਸਰਕਾਰੀ ਬੈਂਕਾਂ ਨੂੰ ਮਿਲਾ ਕੇ ਕੁਝ ਗਿਣਤੀ ਦੇ ਵਿਸ਼ਾਲ ਬੈਂਕ ਬਣਾਏ ਜਾਂਦੇ ਹਨ ਤਾਂ ਦੇਸ਼ ਦੀ ਬੈਂਕਿੰਗ ਪੂੰਜੀ ਵੀ ਪਹਿਲਾਂ ਨਾਲੋਂ ਕਿਤੇ ਵੱਧ ਕੇਂਦਰਿਤ ਹੋ ਜਾਂਦੀ ਹੈ। ਇਹ ਕੇਵਲ ਪ੍ਰਸ਼ਾਸਕੀ ਤਬਦੀਲੀ ਨਹੀਂ, ਸਗੋਂ ਆਰਥਿਕ ਤਾਕਤ ਦੀ ਪੁਨਰ-ਵੰਡ ਦਾ ਸਵਾਲ ਵੀ ਹੈ।



ਜਰਮਨ ਮਾਰਕਸਵਾਦੀ ਅਰਥ ਸ਼ਾਸਤਰੀ ਰੂਡੋਲਫ ਹਿਲਫਰਡਿੰਗ ਨੇ ਆਪਣੀ ਪ੍ਰਸਿੱਧ ਪੁਸਤਕ ‘ਫਾਇਨਾਂਸ ਕੈਪੀਟਲ’ ਵਿੱਚ ਦਰਸਾਇਆ ਸੀ ਕਿ ਜਿਵੇਂ-ਜਿਵੇਂ ਬੈਂਕ ਵੱਡੇ ਹੁੰਦੇ ਜਾਂਦੇ ਹਨ, ਉਹ ਸਿਰਫ ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਨਹੀਂ ਰਹਿੰਦੇ, ਸਗੋਂ ਉਦਯੋਗਿਕ ਪੂੰਜੀ ਅਤੇ ਵਪਾਰਕ ਫੈਸਲਿਆਂ ’ਤੇ ਵੀ ਪ੍ਰਭਾਵ ਪਾਉਣ ਲਗਦੇ ਹਨ। ਉਨ੍ਹਾਂ ਨੇ ਇਸ ਮੇਲ ਨੂੰ ਵਿੱਤੀ ਪੂੰਜੀ (ਫਾਈਨਾਂਸ ਕੈਪੀਟਲ) ਦਾ ਨਾਮ ਦਿੱਤਾ।

ਵਲਾਦੀਮੀਰ ਲੈਨਿਨ ਨੇ ਆਪਣੀ ਕਿਤਾਬ ‘ਇੰਪੀਰੀਅਲਿਜ਼ਮ: ਦ ਹਾਈਐਸਟ ਸਟੇਜ ਆਫ ਕੈਪੀਟਲਿਜਮ’ ਵਿੱਚ ਇਸ ਵਿਚਾਰ ਨੂੰ ਹੋਰ ਅੱਗੇ ਵਧਾਇਆ। ਲੈਨਿਨ ਅਨੁਸਾਰ ਜਦੋਂ ਕੁਝ ਵੱਡੇ ਬੈਂਕ ਅਤੇ ਕਾਰਪੋਰੇਟ ਘਰਾਣੇ ਮਿਲ ਕੇ ਪੂਰੀ ਅਰਥਵਿਵਸਥਾ ਦੇ ਵੱਡੇ ਹਿੱਸੇ ਉੱਤੇ ਪ੍ਰਭਾਵ ਕਾਇਮ ਕਰ ਲੈਂਦੇ ਹਨ ਤਾਂ ਵਿੱਤੀ ਪੂੰਜੀ ਸਮਾਜ ਦੀ ਆਰਥਿਕ ਅਤੇ ਰਾਜਨੀਤਿਕ ਦਿਸ਼ਾ ਤਕ ਪ੍ਰਭਾਵਿਤ ਕਰਨ ਲਗਦੀ ਹੈ। ਭਾਰਤ ਵਿੱਚ ਸਰਕਾਰੀ ਬੈਂਕਾਂ ਦੇ ਲਗਾਤਾਰ ਵਿਲੀਨੀਕਰਨ ਨੂੰ ਇਸੇ ਵੱਡੇ ਪ੍ਰਸੰਗ ਵਿੱਚ ਵੀ ਦੇਖਣ ਦੀ ਲੋੜ ਹੈ।

ਸਰਕਾਰ ਦਾ ਦਾਅਵਾ ਹੈ ਕਿ ਵੱਡੇ ਬੈਂਕ ਵਧੇਰੇ ਕੁਸ਼ਲ ਹੋਣਗੇ ਪਰ ਤਜਰਬਾ ਦੱਸਦਾ ਹੈ ਕਿ ਕੁਸ਼ਲਤਾ ਸਿਰਫ ਆਕਾਰ ਨਾਲ ਨਹੀਂ ਆਉਂਦੀ, ਬੈਂਕ ਦੀ ਕਾਰਗੁਜ਼ਾਰੀ, ਉਸਦੇ ਪ੍ਰਬੰਧਨ, ਜਵਾਬਦੇਹੀ, ਪਾਰਦਰਸ਼ਤਾ, ਮਨੁੱਖੀ ਸਰੋਤਾਂ ਅਤੇ ਕਰਜ਼ਾ ਨੀਤੀ ’ਤੇ ਨਿਰਭਰ ਕਰਦੀ ਹੈ। ਇਸ ਲਈ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਕੀ ਵਿਲੀਨੀਕਰਨ ਦਾ ਅਸਲ ਉਦੇਸ਼ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਹਜ਼ਾਰਾਂ ਕਰੋੜ ਰੁਪਏ ਦੇ ਕਰਜ਼ੇ ਦੇਣਾ ਹੋਰ ਅਸਾਨ ਬਣਾਉਣਾ ਹੈ? ਕੀ ਇਹ ਸਰਕਾਰੀ ਬੈਂਕਾਂ ਵਿੱਚ ਸਰਕਾਰ ਦੀ ਭੂਮਿਕਾ ਘਟਾ ਕੇ ਭਵਿੱਖ ਵਿੱਚ ਨਿੱਜੀਕਰਨ ਲਈ ਰਸਤਾ ਸਾਫ ਕਰਨ ਦੀ ਤਿਆਰੀ ਹੈ? ਕੀ ਇਹ ਵਿੱਤੀ ਖੇਤਰ ਨੂੰ ਨਵਉਦਾਰਵਾਦੀ ਨੀਤੀਆਂ ਅਨੁਸਾਰ ਮੁੜ-ਸੰਗਠਿਤ ਕਰਨ ਦੀ ਲੰਬੀ ਰਣਨੀਤੀ ਦਾ ਹਿੱਸਾ ਹੈ? ਇਹ ਸਵਾਲ ਇਸ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਵਿੱਤੀ ਖੇਤਰ ਨਾਲ ਜੁੜੇ ਜ਼ਿਆਦਾਤਰ ਸੁਧਾਰਾਂ ਦਾ ਲਾਭ ਵੱਡੇ ਕਾਰਪੋਰੇਟ ਖੇਤਰ ਨੂੰ ਮਿਲਿਆ ਹੈ, ਜਦਕਿ ਆਮ ਜਨਤਾ ਅਤੇ ਕਰਮਚਾਰੀਆਂ ਉੱਤੇ ਇਸਦਾ ਬੋਝ ਵਧਿਆ ਹੈ।

ਬੈਂਕਾਂ ਦੇ ਵਿਲੀਨੀਕਰਨ ਦਾ ਸਭ ਤੋਂ ਵੱਧ ਪ੍ਰਭਾਵ ਉਹਨਾਂ ਵਰਗਾਂ ’ਤੇ ਪੈਂਦਾ ਹੈ ਜੋ ਸਰਕਾਰੀ ਬੈਂਕਾਂ ’ਤੇ ਨਿਰਭਰ ਹਨ। ਪੇਂਡੂ ਅਤੇ ਦੂਰ-ਦੁਰਾਡੇ ਇਲਾਕਿਆਂ ਦੀਆਂ ਸ਼ਾਖਾਵਾਂ ਨੂੰ ਗੈਰ-ਲਾਭਕਾਰੀ ਦੱਸ ਕੇ ਬੰਦ ਜਾਂ ਇਕੱਠਾ ਕੀਤਾ ਜਾ ਸਕਦਾ ਹੈ। ਛੋਟੇ ਕਿਸਾਨਾਂ, ਖੇਤੀਬਾੜੀ, ਸਵੈਰੁਜ਼ਗਾਰ ਅਤੇ ਛੋਟੇ ਉਦਯੋਗਾਂ ਨੂੰ ਮਿਲਣ ਵਾਲੇ ਕਰਜ਼ਿਆਂ ਦੀ ਥਾਂ ਵੱਡੇ ਕਾਰਪੋਰੇਟ ਕਰਜ਼ਿਆਂ ਨੂੰ ਵਧੇਰੇ ਤਰਜੀਹ ਮਿਲ ਸਕਦੀ ਹੈ।

ਇਸਦੇ ਨਾਲ ਹੀ ਕਰਮਚਾਰੀਆਂ ਦੀ ਭਰਤੀ ਵਿੱਚ ਕਮੀ, ਖਾਲੀ ਅਸਾਮੀਆਂ ਨੂੰ ਨਾ ਭਰਨਾ, ਕੰਮ ਦਾ ਵਧਦਾ ਬੋਝ ਅਤੇ ਸੇਵਾਵਾਂ ਦਾ ਵਪਾਰੀਕਰਨ ਵੀ ਇਸ ਪ੍ਰਕਿਰਿਆ ਦੇ ਸੰਭਾਵੀ ਨਤੀਜੇ ਹਨ। ਜੇ ਬੈਂਕਾਂ ਦਾ ਮੁੱਖ ਮਾਪਦੰਡ ਕੇਵਲ ਮੁਨਾਫਾ ਬਣ ਜਾਵੇ ਤਾਂ ਸਮਾਜਿਕ ਬੈਂਕਿੰਗ ਅਤੇ ਵਿੱਤੀ ਸਮਾਵੇਸ਼ ਦੀ ਧਾਰਨਾ ਕਮਜ਼ੋਰ ਪੈ ਸਕਦੀ ਹੈ।

ਇਤਿਹਾਸ ਇਸ ਧਾਰਨਾ ਦੀ ਪੁਸ਼ਟੀ ਨਹੀਂ ਕਰਦਾ। 2008 ਦੇ ਵਿਸ਼ਵ ਵਿੱਤੀ ਸੰਕਟ ਨੇ ਸਾਬਤ ਕਰ ਦਿੱਤਾ ਕਿ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਪ੍ਰਭਾਵਸ਼ਾਲੀ ਬੈਂਕ ਵੀ ਡਿਗ ਸਕਦੇ ਹਨ। ਕਈ ਵੱਡੀਆਂ ਵਿੱਤੀ ਸੰਸਥਾਵਾਂ ਨੂੰ ਸਰਕਾਰਾਂ ਨੇ ਲੋਕਾਂ ਦੇ ਪੈਸੇ ਨਾਲ ਬਚਾਇਆ। ਇਸ ਲਈ ਸਿਰਫ ਬੈਂਕ ਦਾ ਆਕਾਰ ਵੱਡਾ ਹੋਣਾ ਨਾ ਤਾਂ ਸਥਿਰਤਾ ਦੀ ਗਰੰਟੀ ਹੈ ਅਤੇ ਨਾ ਹੀ ਬਿਹਤਰ ਪ੍ਰਬੰਧਨ ਦੀ।

ਜੇ ਸਰਕਾਰੀ ਬੈਂਕਾਂ ਨੂੰ ਸੱਚਮੁੱਚ ਮਜ਼ਬੂਤ ਬਣਾਉਣਾ ਹੈ ਤਾਂ ਲੋੜ ਹੈ ਕਿ ਵੱਡੇ ਕਾਰਪੋਰੇਟ ਕਰਜ਼ਿਆਂ ਦੀ ਪ੍ਰਭਾਵਸ਼ਾਲੀ ਵਸੂਲੀ ਕੀਤੀ ਜਾਵੇ। ਜਾਣਬੁੱਝ ਕੇ ਕਰਜ਼ਾ ਨਾ ਚੁਕਾਉਣ ਵਾਲੇ ਵੱਡੇ ਡਿਫਾਲਟਰਾਂ ਵਿਰੁੱਧ ਸਖਤ ਕਾਰਵਾਈ ਹੋਵੇ। ਪੇਂਡੂ ਅਤੇ ਸਮਾਜਿਕ ਬੈਂਕਿੰਗ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਖਾਲੀ ਅਸਾਮੀਆਂ ਤੁਰੰਤ ਭਰੀਆਂ ਜਾਣ ਅਤੇ ਸਰਕਾਰੀ ਬੈਂਕਾਂ ਦੇ ਜਨਤਕ ਚਰਿੱਤਰ ਅਤੇ ਖੁਦਮੁਖਤਿਆਰੀ ਦੀ ਰੱਖਿਆ ਕੀਤੀ ਜਾਵੇ।

ਸਰਕਾਰੀ ਬੈਂਕਾਂ ਦਾ ਵਿਲੀਨੀਕਰਨ ਸਿਰਫ ਦਫਤਰੀ ਪੁਨਰਗਠਨ ਨਹੀਂ ਹੈ, ਇਹ ਭਾਰਤੀ ਅਰਥਵਿਵਸਥਾ ਵਿੱਚ ਵਿੱਤੀ ਪੂੰਜੀ ਦੇ ਵਧਦੇ ਕੇਂਦਰੀਕਰਨ ਦੀ ਇੱਕ ਮਹੱਤਵਪੂਰਨ ਪ੍ਰਕਿਰਿਆ ਹੈ। ਇਸ ਲਈ ਇਸਦਾ ਮੁਲਾਂਕਣ ਕੇਵਲ ਇਸ ਗੱਲ ਨਾਲ ਨਹੀਂ ਕੀਤਾ ਜਾ ਸਕਦਾ ਕਿ ਕਿੰਨੇ ਬੈਂਕ ਬਚੇ ਜਾਂ ਕਿੰਨਾ ਖਰਚ ਘਟਿਆ, ਅਸਲ ਸਵਾਲ ਇਹ ਹੈ ਕਿ ਬੈਂਕਿੰਗ ਪ੍ਰਣਾਲੀ ਆਖਰ ਕਿਸਦੀ ਸੇਵਾ ਕਰ ਰਹੀ ਹੈ- ਆਮ ਜਨਤਾ ਦੀ ਜਾਂ ਵੱਡੀ ਕਾਰਪੋਰੇਟ ਪੂੰਜੀ ਦੀ?

ਜੇ ਸਰਕਾਰੀ ਬੈਂਕ ਆਪਣਾ ਜਨਤਕ ਚਰਿੱਤਰ, ਸਮਾਜਿਕ ਜ਼ਿੰਮੇਵਾਰੀ ਅਤੇ ਲੋਕ-ਕੇਂਦਰਿਤ ਭੂਮਿਕਾ ਗੁਆ ਬੈਠੇ ਤਾਂ ਇਹ ਸਿਰਫ ਬੈਂਕਿੰਗ ਖੇਤਰ ਦੀ ਤਬਦੀਲੀ ਨਹੀਂ ਹੋਵੇਗੀ, ਸਗੋਂ ਦੇਸ਼ ਦੀ ਆਰਥਿਕ ਦਿਸ਼ਾ ਵਿੱਚ ਇੱਕ ਡੂੰਘਾ ਬਦਲਾਅ ਹੋਵੇਗਾ। ਇਸੇ ਲਈ ਬੈਂਕਾਂ ਦੇ ਵਿਲੀਨੀਕਰਨ ਨੂੰ ਸਿਰਫ ਪ੍ਰਸ਼ਾਸਕੀ ਸੁਧਾਰ ਨਹੀਂ, ਸਗੋਂ ਜਨਤਕ ਹਿਤ, ਆਰਥਿਕ ਲੋਕਤੰਤਰ ਅਤੇ ਵਿੱਤੀ ਨਿਆਂ ਦੇ ਨਜ਼ਰੀਏ ਤੋਂ ਵੀ ਪਰਖਣ ਦੀ ਲੋੜ ਹੈ।

# ਆਨਲਾਈਨ ਅਸ਼ਲੀਲ ਸਮੱਗਰੀ ਬੱਚਿਆਂ ਦੇ ਮਾਨਸਿਕ ਅਤੇ ਨੈਤਿਕ ਵਿਕਾਸ ਲਈ ਬਣੀ ਵੱਡੀ ਚੁਣੌਤੀ

**ਡਾ. ਕ੍ਰਿਸ਼ਨ ਲਾਲ**

ਇੱਕ ਪਾਸੇ ਆਧੁਨਿਕ ਤਕਨਾਲੋਜੀ, ਡਿਜੀਟਲ ਯੁੱਗ ਨੇ ਸਾਨੂੰ ਸਿੱਖਿਆ, ਗਿਆਨ ਅਤੇ ਜਾਣਕਾਰੀ ਦੇ ਅਣਗਿਣਤ ਸਾਧਨ ਬਖਸ਼ੇ ਹਨ, ਉੱਥੇ ਹੀ ਦੂਜੇ ਪਾਸੇ ਇਸ ਨੇ ਸਾਡੇ ਬੱਚਿਆਂ ਦੇ ਕੋਮਲ ਮਨਾਂ ਅੱਗੇ ਇੱਕ ਅਜਿਹਾ ਅਦਿੱਖ ਖਤਰਾ ਵੀ ਖੜ੍ਹਾ ਕਰ ਦਿੱਤਾ ਹੈ, ਜੋ ਹੌਲੀ-ਹੌਲੀ ਉਨ੍ਹਾਂ ਦੇ ਮਾਨਸਿਕ ਅਤੇ ਨੈਤਿਕ ਵਿਕਾਸ ਨੂੰ ਅੰਦਰੋਂ-ਅੰਦਰ ਖੋਖਲਾ ਕਰ ਰਿਹਾ ਹੈ। ਅੱਜ ਆਨਲਾਈਨ ਪਲੇਟਫਾਰਮਾਂ ’ਤੇ ਉਪਲਬਧ ਅਸ਼ਲੀਲ ਅਤੇ ਹਿੰਸਕ ਸਮਗਰੀ ਮਾਪਿਆਂ ਦੇ ਨਾਲ-ਨਾਲ ਪੂਰੇ ਸਮਾਜ ਲਈ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ।

ਹਾਲ ਹੀ ਵਿੱਚ ਉੱਤਰ ਪ੍ਰਦੇਸ਼ ਦੇ ਆਗਰਾ (ਫਤਿਹਾਬਾਦ ਰੋਡ ਇਲਾਕੇ) ਤੋਂ ਸਾਹਮਣੇ ਆਇਆ ਇੱਕ ਮਾਮਲਾ ਇਸਦੀ ਪ੍ਰਤੱਖ ਉਦਾਹਰਨ ਹੈ, ਜਿਸਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ। ਉੱਥੋਂ ਦੀ ਇੱਕ ਮਹਿਲਾ ਨੇ ਇੱਕ ਮਸ਼ਹੂਰ ਸੋਸ਼ਲ ਮੀਡੀਆ ਇਨਫਲੂਐਂਸਰ ਖਿਲਾਫ ਸਾਈਬਰ ਸੈੱਲ ਵਿੱਚ ਸ਼ਿਕਾਇਤ ਦਰਜ ਕਰਵਾਈ। ਮਹਿਲਾ ਮੁਤਾਬਿਕ, ਜਦੋਂ ਉਸਦੇ ਮਾਸੂਮ ਬੱਚੇ ਮੋਬਾਇਲ ’ਤੇ ਆਮ ਵੀਡੀਓਜ਼ ਦੇਖ ਰਹੇ ਸਨ ਤਾਂ ਅਚਾਨਕ ਸਕ੍ਰੀਨ ’ਤੇ ਇੱਕ ਅਜਿਹੀ ਵੀਡੀਓ ਸਾਹਮਣੇ ਆਈ ਜੋ ਬੇਹੱਦ ਅਸ਼ਲੀਲ ਅਤੇ ਦੋਹਰੇ ਅਰਥਾਂ ਵਾਲੀ ਸਮਗਰੀ ਨਾਲ ਭਰਪੂਰ ਸੀ। ਇਸ ਮੰਦਭਾਗੀ ਘਟਨਾ ਨੇ ਇੱਕ ਵੱਡਾ ਸਵਾਲੀਆ ਚਿੰਨ੍ਹ ਖੜ੍ਹਾ ਕਰ ਦਿੱਤਾ ਹੈ ਕਿ ਡਿਜਿਟਲ ਪਲੇਟਫਾਰਮ ਸਾਡੇ ਬੱਚਿਆਂ ਲਈ ਆਖਰ ਕਿੰਨੇ ਕੁ ਸੁਰੱਖਿਅਤ ਹਨ?

ਅੱਜ-ਕੱਲ੍ਹ ਦੀ ਭੱਜ-ਦੌੜ ਅਤੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਬੱਚਾ ਰੋਂਦਾ ਹੈ ਜਾਂ ਮਾਪਿਆਂ ਨੂੰ ਕੰਮ ਵੇਲੇ ਤੰਗ ਕਰਦਾ ਹੈ ਤਾਂ ਮਾਪੇ ਆਪਣਾ ਖਹਿੜਾ ਛਡਾਉਣ ਲਈ ਬੱਚੇ ਦੇ ਹੱਥ ਵਿੱਚ ਸਮਾਰਟਫ਼ੋਨ ਫੜਾ ਦਿੰਦੇ ਹਨ। ਇਸ ਦੌਰਾਨ ਇਸ ਗੱਲ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ ਜਾਂਦਾ ਕਿ ਬੱਚਾ ਡਿਜਿਟਲ ਪਰਦੇ ’ਤੇ ਕੀ ਦੇਖ ਰਿਹਾ ਹੈ। ਬਿਨਾਂ ਕਿਸੇ ਰੋਕ-ਟੋਕ ਜਾਂ ਨਿਗਰਾਨੀ ਦੇ ਗਲਤ ਅਤੇ ਨਕਾਰਾਤਮਕ ਵੀਡੀਓ ਦੇਖਣਾ ਬੱਚਿਆਂ ਦੇ ਮਾਨਸਿਕ ਵਿਕਾਸ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ।

ਭਾਰਤੀ ਮਾਪਿਆਂ ’ਤੇ ਕੀਤੇ ਗਏ ਇੱਕ ਹਾਲੀਆ ਸਰਵੇਖਣ ਨੇ ਇਸ ਸਮੱਸਿਆ ਦੀ ਭਿਆਨਕਤਾ ਨੂੰ ਹੋਰ ਸਪਸ਼ਟ ਕਰ ਦਿੱਤਾ ਹੈ। ਦੇਸ਼ ਦੇ 300 ਤੋਂ ਵੱਧ ਸ਼ਹਿਰਾਂ ਵਿੱਚ ਕੀਤੇ ਗਏ ਇਸ ਸਰਵੇਖਣ ਮੁਤਾਬਿਕ ਹਰ ਦੂਜਾ ਮਾਪਾ (ਲਗਭਗ 50% ਮਾਪੇ) ਇਹ ਮੰਨਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੇ ਇੰਟਰਨੈੱਟ ’ਤੇ ਜਾਂ ਤਾਂ ਅਸ਼ਲੀਲ/ਗਲਤ ਸਮਗਰੀ ਦੇਖੀ ਹੈ ਜਾਂ ਫਿਰ ਉਹ ਸਾਈਬਰ ਬੁਲਿੰਗ ਦਾ ਸ਼ਿਕਾਰ ਹੋਏ ਹਨ। ਇਹ ਚਿੰਤਾਜਨਕ ਅੰਕੜੇ ਗਵਾਹੀ ਦਿੰਦੇ ਹਨ ਕਿ ਇਹ ਸਮੱਸਿਆ ਹੁਣ ਕਿਸੇ ਇੱਕ ਘਰ ਤਕ ਸੀਮਿਤ ਨਹੀਂ ਰਹੀ, ਬਲਕਿ ਇੱਕ ਰਾਸ਼ਟਰੀ ਸੰਕਟ ਦਾ ਰੂਪ ਧਾਰਨ ਕਰ ਚੁੱਕੀ ਹੈ।

ਇਹ ਸਮੱਸਿਆ ਸਿਰਫ ਭਾਰਤ ਤਕ ਹੀ ਸੀਮਿਤ ਨਹੀਂ, ਸਗੋਂ ਵਿਸ਼ਵ ਵਿਆਪੀ ਹੈ। ਅਮਰੀਕਾ ਦੀ ਕੈਲੇਫੋਰਨੀਆ ਅਦਾਲਤ ਵਿੱਚ ‘ਮੈਟਾ’ ਕੰਪਨੀ ਵੱਲੋਂ ਕੀਤੇ ਗਏ ਇੱਕ ਖੁਲਾਸੇ ਮੁਤਾਬਿਕ ਸੋਸ਼ਲ ਮੀਡੀਆ ’ਤੇ 13 ਤੋਂ 15 ਸਾਲ ਦੇ ਲਗਭਗ 20 ਫੀਸਦੀ ਬੱਚਿਆਂ ਦੇ ਸਾਹਮਣੇ ਅਣਚਾਹੇ ਰੂਪ ਵਿੱਚ ਅਸ਼ਲੀਲ ਅਤੇ ਨਗਨ ਤਸਵੀਰਾਂ ਆ ਜਾਂਦੀਆਂ ਹਨ। ਸੋਸ਼ਲ ਮੀਡੀਆ ਦੇ ਐਲਗੋਰਿਦਮ ਇਸ ਖਤਰਨਾਕ ਤਰੀਕੇ ਨਾਲ ਕੰਮ ਕਰਦੇ ਹਨ ਕਿ ਜੇਕਰ ਭੁੱਲ-ਭੁਲੇਖੇ ਵੀ ਅਜਿਹੀ ਕਿਸੇ ਵੀਡੀਓ ’ਤੇ ਕਲਿੱਕ ਹੋ ਜਾਵੇ, ਤਾਂ ਉਹ ਵਾਰ-ਵਾਰ ਉਹੀ ਅਤੇ ਉਸ ਵਰਗੀ ਹੀ ਨਕਾਰਾਤਮਕ ਸਮਗਰੀ ਯੂਜ਼ਰ ਦੇ ਸਾਹਮਣੇ ਪਰੋਸਣੀ ਸ਼ੁਰੂ ਕਰ ਦਿੰਦੇ ਹਨ।



ਇੰਟਰਨੈੱਟ ’ਤੇ ਮੌਜੂਦ ਹਿੰਸਕ ਖੇਡਾਂ ਅਤੇ ਅਣਢੁਕਵੀਆਂ ਵੀਡੀਓਜ਼ ਬੱਚਿਆਂ ਦੇ ਦਿਮਾਗ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ। ਮਨੋਵਿਗਿਆਨੀਆਂ ਅਨੁਸਾਰ ਅਜਿਹੀ ਸਮਗਰੀ ਦੇਖਣ ਵਾਲੇ ਬੱਚੇ ਅਸਲ ਜ਼ਿੰਦਗੀ ਵਿੱਚ ਵੀ ਬਹੁਤ ਚਿੜਚਿੜੇ ਹੋ ਜਾਂਦੇ ਹਨ ਅਤੇ ਗੱਲ-ਗੱਲ ’ਤੇ ਗੁੱਸਾ ਕਰਨ ਲਗਦੇ ਹਨ। ਉਨ੍ਹਾਂ ਦਾ ਵਿਵਹਾਰ ਦਿਨੋਂ-ਦਿਨ ਹਮਲਾਵਰ ਹੁੰਦਾ ਜਾਂਦਾ ਹੈ ਅਤੇ ਉਹ ਆਪਣੀਆਂ ਭਾਵਨਾਵਾਂ ਉੱਤੇ ਕਾਬੂ ਗੁਆ ਬੈਠਦੇ ਹਨ।

ਗਲਤ ਸਮਗਰੀ ਦੇ ਨਾਲ-ਨਾਲ ‘ਸਾਈਬਰ ਬੁਲਿੰਗ’ (ਆਨਲਾਈਨ ਡਰਾਉਣਾ, ਧਮਕਾਉਣਾ ਜਾਂ ਮਾਨਸਿਕ ਤੌਰ ’ਤੇ ਪਰੇਸ਼ਾਨ ਕਰਨਾ) ਵੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਇਸਦਾ ਸ਼ਿਕਾਰ ਹੋਏ ਮਾਸੂਮ ਬੱਚੇ ਅੰਦਰੋਂ ਬੁਰੀ ਤਰ੍ਹਾਂ ਡਰ ਜਾਂਦੇ ਹਨ। ਉਨ੍ਹਾਂ ਦੇ ਮਨ ਵਿੱਚ ਇਹ ਖੌਫ ਬੈਠ ਜਾਂਦਾ ਹੈ ਕਿ ਜੇਕਰ ਉਹ ਬਾਹਰ ਗਏ ਜਾਂ ਕਿਸੇ ਨਾਲ ਗੱਲ ਕੀਤੀ ਤਾਂ ਲੋਕ ਉਨ੍ਹਾਂ ਦਾ ਮਜ਼ਾਕ ਉਡਾਉਣਗੇ। ਨਤੀਜੇ ਵਜੋਂ ਉਹ ਖੁਦ ਨੂੰ ਕਮਰੇ ਵਿੱਚ ਬੰਦ ਕਰ ਲੈਂਦੇ ਹਨ ਅਤੇ ਪਰਿਵਾਰ ਅਤੇ ਦੋਸਤਾਂ ਤੋਂ ਦੂਰ ਹੋ ਕੇ ਭਿਆਨਕ ਇਕੱਲੇਪਣ ਦਾ ਸ਼ਿਕਾਰ ਹੋ ਜਾਂਦੇ ਹਨ।

ਡਿਜਿਟਲ ਸਾਧਨਾਂ ਦੀ ਹੱਦੋਂ ਵੱਧ ਵਰਤੋਂ ਬੱਚਿਆਂ ਨੂੰ ਸਰੀਰਕ ਤੌਰ ’ਤੇ ਵੀ ਬਿਮਾਰ ਕਰ ਰਹੀ ਹੈ। ਦੇਰ ਰਾਤ ਤਕ ਜਾਗ ਕੇ ਫ਼ੋਨ ਦੇਖਣ ਕਾਰਨ ਬੱਚਿਆਂ ਵਿੱਚ ਨੀਂਦ ਨਾ ਆਉਣ ਦੀ ਬਿਮਾਰੀ, ਭੁੱਖ ਦੀ ਕਮੀ ਅਤੇ ਪੜ੍ਹਾਈ ਤੋਂ ਧਿਆਨ ਭਟਕਣ ਵਰਗੀਆਂ ਸਮੱਸਿਆਵਾਂ ਆਮ ਹੋ ਗਈਆਂ ਹਨ। ਜੇਕਰ ਸਮਾਂ ਰਹਿੰਦੇ ਇਸ ਸਥਿਤੀ ਨੂੰ ਨਾ ਸੰਭਾਲਿਆ ਜਾਵੇ ਤਾਂ ਬੱਚੇ ਗੰਭੀਰ ਡਿਪ੍ਰੈਸ਼ਨ (ਅਵਸਾਦ) ਦੀ ਦਲਦਲ ਵਿੱਚ ਧਸ ਸਕਦੇ ਹਨ। ਮਾਹਿਰਾਂ ਮੁਤਾਬਿਕ ਇਹ ਸਾਰੀਆਂ ਚੀਜ਼ਾਂ ਸਾਡੇ ਸਮਾਜ ਦੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨੂੰ ਵੱਡੀ ਢਾਹ ਲਾ ਰਹੀਆਂ ਹਨ, ਕਿਉਂਕਿ ਬੱਚੇ ਸਹੀ ਅਤੇ ਗਲਤ ਵਿਚਕਾਰਲਾ ਫਰਕ ਭੁੱਲਦੇ ਜਾ ਰਹੇ ਹਨ।

ਭਾਰਤ ਸਰਕਾਰ ਵੱਲੋਂ ਸਾਈਬਰ ਅਪਰਾਧਾਂ ਨੂੰ ਠੱਲ੍ਹ ਪਾਉਣ ਅਤੇ ਬੱਚਿਆਂ ਦੀ ਸੁਰੱਖਿਆ ਲਈ ‘ਇਨਫਾਰਮੇਸ਼ਨ ਟੈਕਨਾਲੋਜੀ ਐਕਟ’ ਦੇ ਤਹਿਤ ਕਈ ਸਖ਼ਤ ਕਾਨੂੰਨ ਬਣਾਏ ਗਏ ਹਨ। ਆਨਲਾਈਨ ਅਸ਼ਲੀਲਤਾ ਫੈਲਾਉਣਾ ਜਾਂ ਬੱਚਿਆਂ ਨਾਲ ਸਬੰਧਿਤ ਗਲਤ ਸਮਗਰੀ ਸਾਂਝੀ ਕਰਨਾ ਇੱਕ ਗੰਭੀਰ ਅਤੇ ਗ਼ੈਰ-ਜ਼ਮਾਨਤੀ ਕਾਨੂੰਨੀ ਅਪਰਾਧ ਹੈ। ਜੇਕਰ ਕਿਸੇ ਵੀ ਬੱਚੇ ਜਾਂ ਮਾਪਿਆਂ ਨਾਲ ਅਜਿਹੀ ਕੋਈ ਘਟਨਾ ਵਾਪਰਦੀ ਹੈ ਤਾਂ ਉਹ ਬਿਨਾਂ ਕਿਸੇ ਡਰ ਦੇ ਤੁਰੰਤ ਭਾਰਤ ਸਰਕਾਰ ਦੇ ਰਾਸ਼ਟਰੀ ਸਾਈਬਰ ਅਪਰਾਧ ਰਿਪੋਰਟਿੰਗ ਪੋਰਟਲ ’ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ।ਹਾਲਾਂਕਿ ਸਿਰਫ ਸਖ਼ਤ ਕਾਨੂੰਨ ਬਣਾਉਣ ਨਾਲ ਹੀ ਇਸ ਗੰਭੀਰ ਸਮੱਸਿਆ ਦਾ ਮੁਕੰਮਲ ਹੱਲ ਸੰਭਵ ਨਹੀਂ ਹੈ। ਅੱਜ ਦੇ ਸਮੇਂ ਵਿੱਚ ‘ਡਿਜੀਟਲ ਨੈਤਿਕਤਾ’ ਅਤੇ ਸਮਾਜਿਕ ਜਾਗਰੂਕਤਾ ਦੀ ਸਭ ਤੋਂ ਵੱਡੀ ਲੋੜ ਹੈ। ਸਾਨੂੰ ਆਪਣੇ ਬੱਚਿਆਂ ਨੂੰ ਇਹ ਸਿਖਾਉਣਾ ਪਵੇਗਾ ਕਿ ਇੰਟਰਨੈੱਟ ਇੱਕ ਬਹੁਤ ਵਧੀਆ ਸਾਧਨ ਹੈ, ਪਰ ਇਸਦੀ ਵਰਤੋਂ ਸਿਰਫ ਗਿਆਨ ਅਤੇ ਸਕਾਰਾਤਮਕ ਤਰੱਕੀ ਲਈ ਹੋਣੀ ਚਾਹੀਦੀ ਹੈ, ਨਾ ਕਿ ਆਪਣੀ ਮਾਨਸਿਕ ਸਿਹਤ ਅਤੇ ਡਿਜਿਟਲ ਇੱਜ਼ਤ ਨੂੰ ਦਾਅ ’ਤੇ ਲਾਉਣ ਲਈ।

ਇਸ ਡਿਜਿਟਲ ਖਤਰੇ ਤੋਂ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਮਾਪਿਆਂ ਨੂੰ ਸਭ ਤੋਂ ਮੋਹਰੀ ਅਤੇ ਅਹਿਮ ਭੂਮਿਕਾ ਨਿਭਾਉਣੀ ਪਵੇਗੀ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਗੈਜੇਟਸ ਵਿੱਚ ‘ਪੇਰੈਂਟਲ ਕੰਟਰੋਲ’ ਐਪਸ ਅਤੇ ਫਿਲਟਰਾਂ ਦੀ ਵਰਤੋਂ ਕਰਨ ਤਾਂ ਜੋ ਗਲਤ ਸਮਗਰੀ ਨੂੰ ਪਹਿਲਾਂ ਹੀ ਬਲਾਕ ਕੀਤਾ ਜਾ ਸਕੇ। ਇਸਦੇ ਨਾਲ ਹੀ ਬੱਚਿਆਂ ਦੇ ‘ਸਕ੍ਰੀਨ ਟਾਈਮ’ ਨੂੰ ਸੀਮਿਤ ਕਰਨਾ ਅਤੇ ਉਨ੍ਹਾਂ ਨਾਲ ਇੱਕ ਦੋਸਤਾਨਾ ਮਾਹੌਲ ਸਿਰਜਣਾ ਬੇਹੱਦ ਜ਼ਰੂਰੀ ਹੈ ਤਾਂ ਜੋ ਬੱਚਾ ਕਿਸੇ ਵੀ ਮੁਸ਼ਕਿਲ ਵੇਲੇ ਬਿਨਾਂ ਝਿਜਕ ਆਪਣੇ ਮਾਪਿਆਂ ਨਾਲ ਗੱਲ ਸਾਂਝੀ ਕਰ ਸਕੇ।

ਨਿਚੋੜ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਇੰਟਰਨੈੱਟ ਇੱਕ ਦੋ-ਧਾਰੀ ਤਲਵਾਰ ਹੈ। ਜੇਕਰ ਇਸਦੀ ਸੁਚੱਜੀ ਵਰਤੋਂ ਕੀਤੀ ਜਾਵੇ ਤਾਂ ਇਹ ਬੱਚਿਆਂ ਦਾ ਭਵਿੱਖ ਰੁਸ਼ਨਾ ਸਕਦੀ ਹੈ, ਪਰ ਜੇਕਰ ਇਸ ਨੂੰ ਬਿਨਾਂ ਨਿਗਰਾਨੀ ਦੇ ਛੱਡ ਦਿੱਤਾ ਜਾਵੇ ਤਾਂ ਇਹ ਬੱਚਿਆਂ ਦੇ ਜੀਵਨ ਨੂੰ ਬਰਬਾਦ ਵੀ ਕਰ ਸਕਦੀ ਹੈ। ਅੱਜ ਪੂਰੀ ਦੁਨੀਆ ਵਿੱਚ ਸੋਸ਼ਲ ਮੀਡੀਆ ’ਤੇ ਬੱਚਿਆਂ ਦੀ ਵਰਤੋਂ ਨੂੰ ਲੈ ਕੇ ਸਖਤ ਪਾਬੰਦੀਆਂ ਦੀ ਮੰਗ ਉੱਠ ਰਹੀ ਹੈ। ਹੁਣ ਸਮਾਂ ਆ ਗਿਆ ਹੈ ਕਿ ਮਾਪੇ, ਸਕੂਲ ਅਤੇ ਸਰਕਾਰ, ਸਭ ਮਿਲ ਕੇ ਇੱਕ ਸਾਂਝਾ ਹੰਭਲਾ ਮਾਰਨ ਤਾਂ ਜੋ ਸਾਡੀ ਆਉਣ ਵਾਲੀ ਨਸਲ ਦੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਉਨ੍ਹਾਂ ਦਾ ਸੁਨਹਿਰੀ ਭਵਿੱਖ ਸੁਰੱਖਿਅਤ ਰਹਿ ਸਕੇ।

# ਤੀਰਥ ਸਥਾਨਾਂ ’ਤੇ ਅਰਬਾਂ ਦਾ ਦਾਨ ਪਰ ਸ਼ਰਧਾਲੂਆਂ ਨਾਲ ਧੋਖਾਧੜੀ ਕਿਉਂ ?

**ਪੂਰਨ ਚੰਦ ਸਰੀਨ**

ਬਚਪਨ ਤੋਂ ਹੀ ਸਾਨੂੰ ਸਿਖਾਇਆ ਜਾਂਦਾ ਹੈ ਕਿ ਪਰਮਾਤਮਾ, ਵਾਹਿਗੁਰੂ, ਅੱਲ੍ਹਾ, ਯਿਸੂ ਜਾਂ ਕਿਸੇ ਵੀ ਧਰਮ ਦੇ ਸੰਸਥਾਪਕ ਦੁੱਖਾਂ ਨੂੰ ਦੂਰ ਕਰਨ ਤੇ ਕਿਸੇ ਦੇ ਕਰਮਾਂ ਦਾ ਫਲ ਦੇਣ ਦੀ ਸ਼ਕਤੀ ਰੱਖਦੇ ਹਨ, ਇਸ ਲਈ ਉਨ੍ਹਾਂ ਨੂੰ ਯਾਦ ਕਰਨਾ ਦਿਨ ਦਾ ਸਭ ਤੋਂ ਪਹਿਲਾ ਕੰਮ ਸੀ। ਇਹ ਆਮ ਵਿਅਕਤੀ ਲਈ ਉਸ ਦੇ ਧਰਮ ਦੇ ਪਾਲਣਾ ਦੀ ਗੱਲ ਹੈ। ਕਿਸੇ ਨੂੰ ਵੀ ਨਾ ਮੰਨਣ ਵਾਲੇ ਮਤਲਬ ਨਾਸਤਿਕ ਵੀ ਗੰਭੀਰ ਸੰਕਟ ’ਚ ਫਸਣ ’ਤੇ ਉਸ ਸਰਬਉੱਚ ਸ਼ਕਤੀ ਦੀ ਮਹੱਤਤਾ ਨੂੰ ਸਮਝ ਕੇ ਪ੍ਰਾਰਥਨਾ ਕਰਨ ਲਗਦੇ ਹਨ।

**ਅਰਬਾਂ ਰੁਪਏ ਦੇ ਦਾਨ**

ਹੁਣ ਧਾਰਮਿਕ ਤੀਰਥ ਸਥਾਨ ਅਰਥਵਿਵਸਥਾ ਦੇ ਰੂਪ ’ਚ ਫਲਦੇ ਜਾ ਰਹੇ ਹਨ, ਜਿੱਥੇ ਪੈਰੋਕਾਰਾਂ ਤੇ ਸੈਲਾਨੀਆਂ ਦੁਆਰਾ ਚੜ੍ਹਾਏ ਜਾਂਦੇ ਲੱਖਾਂ ਕਰੋੜਾਂ ਦੇ ਦਾਨ ਨੇ ਇਨ੍ਹਾਂ ਦੀਆਂ ਵਪਾਰਕ ਸਰਗਰਮੀਆਂ ਨੂੰ ਸੁਵਿਧਾਜਨਕ ਬਣਾ ਦਿੱਤਾ ਹੈ। ਧਾਰਮਿਕ ਸੈਰ-ਸਪਾਟੇ ਦੇ ਨਾਂਅ ’ਤੇ ਇੱਕ ਬਹੁਤ ਵੱਡਾ ਕਾਰੋਬਾਰ ਵਧਣ-ਫੁੱਲਣ ਲੱਗਾ ਹੈ। ਤਿਰੂਪਤੀ ਬਾਲਾਜੀ ਦੁਨੀਆ ਦੀ ਤੀਜੀ ਸਭ ਤੋਂ ਅਮੀਰ ਧਾਰਮਿਕ ਸੰਸਥਾ ਹੈ, ਇਸ ਦਾ ਦੌਲਤ ਦਾ ਭੰਡਾਰ ਸੈਂਕੜੇ ਦੇਸ਼ਾਂ ਦੇ ਜੀ.ਡੀ.ਪੀ. ਤੋਂ ਵੀ ਵੱਧ ਹੈ। ਜਿਸ ਦੀ ਆਮਦਨ ਦਾ ਆਡਿਟ ਹੁੰਦਾ ਹੈ ਅਤੇ ਬਜਟ ਰਾਜ ਵਿਧਾਨ ਸਭਾ ਵਿਚ ਪੇਸ਼ ਕੀਤਾ ਜਾਂਦਾ ਹੈ। ਪਦਮਨਾਭਸਵਾਮੀ ਦੀ ਲਗਭਗ ਸਾਰੀ ਦੌਲਤ ਇਕ ਤਹਿਖਾਨੇ ’ਚ ਬੰਦ ਹੈ ਤੇ ਸੁਪਰੀਮ ਕੋਰਟ ਦੀ ਇੱਕ ਕਮੇਟੀ ਇਸ ਬਾਰੇ ਰਿਪੋਰਟ ਦਿੰਦੀ ਹੈ। ਇਸ ਦੀ ਤਿਜੌਰੀ ਬੰਦ ਹੈ ਅਤੇ ਕਦੇ ਵੀ ਇਸ ਦਾ ਜਨਤਕ ਤੌਰ ’ਤੇ ਆਡਿਟ ਨਹੀਂ ਹੋਇਆ। ਜਗਨਨਾਥ ਮੰਦਰ ਆਸਥਾ ਦਾ ਬੇਮਿਸਾਲ ਕੇਂਦਰ ਹੈ, ਜਿਸ ਦੀ 24 ਜ਼ਿਲ੍ਹਿਆਂ ’ਚ 60,000 ਏਕੜ ਜ਼ਮੀਨ ਹੈ। ਇਸ ਦੇ ਠੇਕੇ ਤੇ ਲੀਜ਼ ਦਾ ਪੈਸਾ ਕਿੱਥੇ ਤੇ ਕਿਸ ਰੂਪ ਵਿੱਚ ਹੈ, ਬਹੁਤ ਘੱਟ ਲੋਕ ਜਾਣਦੇ ਹਨ। ਇਹ ਸਾਰੇ ਧਾਰਮਿਕ ਸਥਾਨ ਆਪਣੀ ਆਮਦਨ ਦਾ ਇੱਕ ਵੱਡਾ ਹਿੱਸਾ ਜਨਤਾ ਦੀ ਭਲਾਈ ਲਈ ਖਰਚ ਕਰਦੇ ਹਨ ਤੇ ਸਕੂਲ, ਹਸਪਤਾਲ ਆਦਿ ਵੀ ਬਣਾਉਂਦੇ ਹਨ।

ਦੋ ਸਾਲ ਪਹਿਲਾਂ ਮੈਂ ਚਾਰ ਧਾਮ ਦੇ ਦਰਸ਼ਨ ਕਰਨ ਤੋਂ ਬਾਅਦ ਫੈਸਲਾ ਕੀਤਾ ਸੀ ਕਿ ਦੁਬਾਰਾ ਕਦੇ ਯਾਤਰਾ ’ਤੇ ਨਹੀਂ ਜਾਵਾਂਗਾ। ਇਨ੍ਹਾਂ ਤੀਰਥ ਸਥਾਨਾਂ ਕੋਲ ਕਰੋੜਾਂ ਦੀ ਦੌਲਤ ਹੈ, ਪਰ ਮੰਦਰ ਤੱਕ ਪਹੁੰਚਣਾ ਬਹੁਤ ਔਖਾ ਹੈ। ਇੱਥੇ 70-80 ਸਾਲਾਂ ਦੇ ਬਜ਼ੁਰਗਾਂ ਦਾ ਥੋੜ੍ਹਾ ਜਿਹਾ ਸੰਤੁਲਨ ਵਿਗੜਨ ’ਤੇ ਸਿੱਧੇ ਯਮਲੋਕ ਦੇ ਦਰਸ਼ਨ ਹੋ ਸਕਦੇ ਹਨ। ਦਿੱਲੀ ਦੇ ਵਿਸ਼ਵ ਪ੍ਰਸਿੱਧ ਹਨੂੰਮਾਨ ਜੀ ਮੰਦਰ ਵਿਖੇ ਮੰਗਲਵਾਰ ਨੂੰ ਲੰਬੀਆਂ ਕਤਾਰਾਂ ’ਚ ਇੰਨੀ ਭੀੜ ਹੁੰਦੀ ਹੈ, ਕਿ ਸ਼ਰਧਾਲੂ ਆਪਣੇ ਬਟੂਏ ਤੇ ਮੋਬਾਈਲ ਫੋਨਾਂ ਨੂੰ ਹੀ ਸੰਭਾਲਦੇ ਰਹਿੰਦੇ ਹਨ ਤੇ ਮੂਰਤੀ ਤੱਕ ਪਹੁੰਚਣ ਲਈ ਬਹੁਤ ਮੁਸ਼ੱਕਤ ਕਰਨੀ ਪੈਂਦੀ ਹੈ। ਇੱਥੇ ਦਾਨ ਦੀਆਂ ਰਸੀਦਾਂ ਕਾਰਬਨ ਕਾਪੀ ਬਗੈਰ ਦਿੱਤੀਆਂ ਜਾਂਦੀਆਂ ਹਨ, ਨਕਦੀ ਦਾਨ ਖਾਤਿਆਂ ’ਚ ਜਮ੍ਹਾਂ ਹੁੰਦੀ ਹੈ ਜਾਂ ਨਹੀਂ ਸਭ ਗੁਪਤ ਹੈ। ਮੈਂ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਸੀ, ਪਰ ਬਹੁਤ ਜ਼ਿਆਦਾ ਭੀੜ ਹੋਣ ਕਰਕੇ 5-6 ਘੰਟਿਆਂ ਦੀ ਉਡੀਕ ਬਾਅਦ ਵੀ ਇਹ ਸੰਭਵ ਨਾ ਹੋ ਸਕਿਆ। ਇਹ ਸੱਚਾਈ ਹੈ ਕਿ ਇੱਥੇ ਹਰ ਪੈਸੇ ਦਾ ਪੂਰਾ ਹਿਸਾਬ ਰੱਖਿਆ ਜਾਂਦਾ ਹੈ ਤੇ ਲੰਗਰ ਦੇ ਹਰ ਗੁਰਦੁਆਰੇ ਵਿੱਚ ਢੁਕਵੇਂ ਪ੍ਰਬੰਧ ਹਨ। ਇਸੇ ਤਰ੍ਹਾਂ ਤਿਰੂਪਤੀ, ਸਿੱਧੀਵਿਨਾਇਕ ਜਾਂ ਵੈਸ਼ਨੋ ਦੇਵੀ ਵਿਖੇ ਵੀ ਦਰਸ਼ਨ ਆਸਾਨ ਨਾਲ ਨਹੀਂ ਹੁੰਦੇ। ਦੁਬਈ ਦੇ ਨੇੜੇ ਅਬੂ ਧਾਬੀ ਦੇ ਰਾਮ ਮੰਦਰ ’ਚ ਭੀੜ-ਭੜੱਕਾ ਸੀ, ਪਰ ਦਰਸ਼ਨ ਤੋਂ ਲੈ ਕੇ ਪਰਿਕਰਮਾ ਤੱਕ ਕੋਈ ਵੀ ਕੋਈ ਪ੍ਰੇਸ਼ਾਨੀ ਨਹੀਂ ਹੋਈ। ਉੱਥੇ ਮਸਜਿਦ ’ਚ ਜਾਣ ਦਾ ਅਨੁਭਵ ਯਾਦਗਾਰੀ ਸੀ। ਵੈਟੀਕਨ ਸਿਟੀ ਦੀ ਯਾਤਰਾ ਵੀ ਯਾਦਗਾਰੀ ਸੀ, ਜਿਸ ਦਾ ਹੋਰ ਇਸਾਈ ਧਾਰਮਿਕ ਸਥਾਨਾਂ ਨਾਲ ਕੋਈ ਮੁਕਾਬਲਾ ਨਹੀਂ ਹੈ।




ਜੇਕਰ ਇਨ੍ਹਾਂ ਸਾਰੇ ਧਾਰਮਿਕ ਸਥਾਨਾਂ ਕੋਲ ਇੰਨੀ ਜ਼ਿਆਦਾ ਦੌਲਤ ਹੈ, ਤਾਂ ਇਸ ਨੂੰ ਯਾਤਰੀਆਂ ਤੇ ਸ਼ਰਧਾਲੂਆਂ ਦੀਆਂ ਸਹੂਲਤਾਂ ’ਤੇ ਕਿਉਂ ਨਹੀਂ ਖਰਚਿਆ ਜਾਂਦਾ ? ਕੀ ਬੈਂਕਾਂ ਜਾਂ ਤਹਿਖਾਨਿਆਂ ’ਚ ਜਮ੍ਹਾਂ ਪੈਸਾ ਲੋਕਾਂ ਦਾ ਨਹੀਂ ਹੈ, ਜੋ ਆਪਣੀ ਆਸਥਾ ਤੇ ਸ਼ਰਧਾ ਕਾਰਨ ਇਨ੍ਹਾਂ ਖਜ਼ਾਨਿਆਂ ਨੂੰ ਭਰਦੇ ਹਨ ? ਦੁਨੀਆ ਦੇ ਸਭ ਤੋਂ ਅਮੀਰ ਧਾਰਮਿਕ ਸਥਾਨਾਂ ’ਚ ਗਿਣਿਆ ਜਾਣਾ ਮਾਣ ਕਰਨ ਵਾਲੀ ਪ੍ਰਾਪਤੀ ਨਹੀਂ ਹੈ; ਸਗੋਂ ਇਹ ਸ਼ਰਧਾਲੂਆਂ ਦਾ ਅਪਮਾਨ ਤੇ ਉਨ੍ਹਾਂ ਨਾਲ ਹੋਣ ਵਾਲੀ ਧੋਖਾਧੜੀ ਹੈ। ਅਯੁੱਧਿਆ ਦੇ ਰਾਮ ਮੰਦਰ ਵਿੱਚ ਹੋਏ ਗਬਨ ਦੀ ਘਟਨਾ ਕੋਈ ਇਕੱਲੀ ਘਟਨਾ ਨਹੀਂ ਹੈ; ਤਿਰੂਪਤੀ ਦੇ ਇੱਕ ਕਲਰਕ ’ਤੇ ਪਹਿਲਾਂ ਹੀ 100 ਕਰੋੜ ਰੁਪਏ ਦੇ ਗਬਨ ਦਾ ਦੋਸ਼ ਲੱਗ ਚੁੱਕਾ ਹੈ। ਸਿਰਫ਼ ਹਿੰਦੂ ਪੂਜਾ ਸਥਾਨ ਹੀ ਨਹੀਂ, ਸਗੋਂ ਮੁਸਲਿਮ ਵਕਫ਼ ਬੋਰਡ ਵੀ ਅਮਾਨਤ ’ਚ ਖਿਆਨਤ ਕਰਦੇ ਹਨ। ਗੁਰਦੁਆਰਿਆਂ ਤੇ ਜੈਨ ਮੰਦਰਾਂ ’ਚ ਕਦੇ ਬਹੁਤੇ ਪੈਸੇ ਦੀ ਦੁਰਵਰਤੋਂ ਦੇ ਮਾਮਲੇ ਸਾਹਮਣੇ ਨਹੀਂ ਆਏ, ਕਿਉਂਕਿ ਉਨ੍ਹਾਂ ਦਾ ਪ੍ਰਬੰਧਨ ਸੇਵਾ ਮਾਡਲ ’ਤੇ ਕੀਤਾ ਜਾਂਦਾ ਹੈ। ਆਸਥਾ ਨੂੰ ਬਚਾਉਣ ਤੇ ਘੁਟਾਲਿਆਂ ਨੂੰ ਰੋਕਣ ਲਈ ਇੱਕ ਰਾਸ਼ਟਰੀ ਧਾਰਮਿਕ ਸੈਰ-ਸਪਾਟਾ ਤੇ ਧਾਰਮਿਕ ਸਥਾਨ ਟਰੱਸਟ ਹੋਣਾ ਚਾਹੀਦਾ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਵਾਂਗ ਸੇਵਾ ਮਾਡਲ ’ਤੇ ਆਧਾਰਿਤ ਹੋਵੇ, ਕਿਸੇ ਖਜ਼ਾਨਾ ਮਾਡਲ ’ਤੇ ਨਹੀਂ। ਇਤਿਹਾਸ ਗਵਾਹ ਹੈ ਕਿ ਖਜ਼ਾਨੇ ਲੁੱਟੇ ਜਾਂਦੇ ਹਨ, ਜਦੋਂ ਕਿ ਸੇਵਾ ਹਮੇਸ਼ਾ ਦਾਨ ਦੀ ਭਾਵਨਾ ਨਾਲ ਕੀਤੀ ਜਾਂਦੀ ਹੈ।

ਹਾਦਸਿਆਂ ਨੂੰ ਕੁਦਰਤ ਦਾ ਪ੍ਰਕੋਪ ਮੰਨਣ ਦੀ ਬਜਾਏ ਜ਼ਿੰਮੇਵਾਰੀ ਤੈਅ ਕਰਕੇ ਸਖ਼ਤ ਸਜ਼ਾ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। ਡਿਜੀਟਲ ਦਰਸ਼ਨ ਤੇ ਡਿਜੀਟਲ ਦਾਨ ਨੂੰ ਲਾਜ਼ਮੀ ਕੀਤਾ ਜਾਵੇ, ਕੋਈ ਵੀ 1,000 ਤੋਂ ਵੱਧ ਦਾ ਦਾਨ ਸਿਰਫ਼ ਯੂ.ਪੀ.ਆਈ. ਜਾਂ ਕਾਰਡ ਭੁਗਤਾਨਾਂ ਨਾਲ ਹੋਵੇ। ਹਰੇਕ ਦਾਨ ਲਈ ਇੱਕ ਤੁਰੰਤ ਰਸੀਦ ਐਸ.ਐਮ.ਐਸ ਰਾਹੀਂ ਭੇਜੀ ਜਾਵੇ ਤੇ ਨਾਲ ਹੀ ਵੈੱਬਸਾਈਟ ’ਤੇ ਇੱਕ ਲਾਈਵ ‘ਦਾਨ ਕਾਊਂਟਰ’ ਹੋਵੇ। ਸ਼ਰਧਾਲੂਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਦਾਨ ਦਾ ਪੈਸਾ ਕਿੱਥੇ ਜਾਂਦਾ ਹੈ। ਹਰੇਕ ਟਿਕਟ/ਰਜਿਸਟ੍ਰੇਸ਼ਨ ਦੇ ਨਾਲ 5 ਲੱਖ ਰੁਪਏ ਦਾ ਦੁਰਘਟਨਾ ਬੀਮਾ ਤੇ ਇੱਕ ਹੈਲਪਲਾਈਨ ਹੋਵੇ। ਡਾਕਟਰੀ ਸਹੂਲਤਾਂ, ਪਖਾਨੇ ਤੇ ਪਾਣੀ ਦਾ ਢੁਕਵਾਂ ਪ੍ਰਬੰਧ ਹੋਵੇ। ਕੇਦਾਰਨਾਥ ਤੇ ਵੈਸ਼ਨੋ ਦੇਵੀ ਮੰਦਰ ਵਿੱਚ ਆਕਸੀਜਨ ਬੂਥ ਹੋਣੇ ਚਾਹੀਦੇ ਹਨ ਅਤੇ ਬਜ਼ੁਰਗਾਂ ਤੇ ਅਪਾਹਜਾਂ ਲਈ ਰੋਪਵੇਅ/ਪਾਲਕੀ ਦਰਾਂ ਤੈਅ ਹੋਣੀਆਂ ਚਾਹੀਦੀਆਂ ਹਨ। ਤੀਰਥ ਸਥਾਨਾਂ ਦੀ ਆਮਦਨ ਦੀ ਵਰਤੋਂ ਸੇਵਾ ਲਈ ਕੀਤੀ ਜਾਵੇ, ਦਾਨ ਦਾ 30 ਫ਼ੀਸਦੀ ਹਿੱਸਾ ਸਿੱਧਾ ਸਥਾਨਕ ਬੁਨਿਆਦੀ ਢਾਂਚੇ: ਸੜਕਾਂ, ਪਖਾਨੇ, ਪਾਰਕਿੰਗ, ਕੂੜਾ ਪ੍ਰਬੰਧਨ ਤੇ ਸਫਾਈ ’ਚ ਨਿਵੇਸ਼ ਕੀਤਾ ਜਾਵੇ। ਤਿਰੂਪਤੀ ਮੰਦਰ ਕੋਲ 18,000 ਕਰੋੜ ਰੁਪਏ ਫਿਕਸਡ ਡਿਪਾਜ਼ਿਟ ਹਨ, ਪਰ ਪੈਦਲ ਰਸਤੇ ’ਤੇ ਰੋਸ਼ਨੀ ਦੀ ਘਾਟ ਹੈ। ਹਰ 6 ਮਹੀਨਿਆਂ ਬਾਅਦ ‘ਆਡਿਟ’ ਕਰਕੇ ਖਰਚੇ ਦੇ ਵੇਰਵੇ ਵੈੱਬਸਾਈਟ ’ਤੇ ਪਾਉਣੇ ਚਾਹੀਦੇ ਹਨ। ਇਹ ਨਿਯਮ ਸਾਰੇ ਧਰਮਾਂ: ਹਿੰਦੂ, ਮੁਸਲਿਮ, ਸਿੱਖ, ਜੈਨ ਤੇ ਚਰਚ ਟਰੱਸਟਾਂ ’ਤੇ ਲਾਗੂ ਹੋਵੇ ਅਤੇ ਟਰੱਸਟੀਆਂ ਦੀਆਂ ਜਾਇਦਾਦਾਂ ਦਾ ਐਲਾਨ ਹੋਣਾ ਚਾਹੀਦਾ ਹੈ। ਕਿਸੇ ਵੀ ਪੱਧਰ ’ਤੇ ਕੋਈ ਸਰਕਾਰੀ ਦਖਲਅੰਦਾਜ਼ੀ ਨਾ ਹੋਵੇ ਤੇ ਕਿਸੇ ਵੀ ਸਿਆਸੀ ਪਾਰਟੀ ਦੇ ਨੇਤਾ ਟਰੱਸਟ ’ਚ ਸ਼ਾਮਿਲ ਨਾ ਹੋਣ ਤੇ ਕਿਸੇ ਨੂੰ ਵੀ ਕੋਈ ਵਿਸ਼ੇਸ਼ ਅਧਿਕਾਰ ਨਾ ਮਿਲੇ। ਹੱਜ ਦੇ ਸੁਵਿਧਾਜਨਕ ਬਣਨ ਨਾਲ ਵਿਸ਼ਵਾਸ ਘੱਟ ਨਹੀਂ ਹੋਇਆ। ਵੈਟੀਕਨ ਆਡਿਟ ਹੋਣ ਨਾਲ ਵਿਸ਼ਵਾਸ ਵਧਿਆ ਹੈ। ਭਾਰਤ ’ਚ ‘ਦੁੱਖ’ ਨੂੰ ‘ਬ੍ਰਾਂਡ’ ਬਣਾਉਣ ਨਾਲ ਸੈਲਾਨੀ ਤਾਂ ਆਉਣਗੇ, ਪਰ ਵਿਸ਼ਵਾਸ ਨਹੀਂ ਬਚੇਗਾ।

# ਪੰਜਾਬ ਸਾਹਮਣੇ ਖੜ੍ਹੀਆਂ ਨਵੇਂ ਦੌਰ ਦੀਆਂ ਵੱਖਰੀਆਂ ਚੁਣੌਤੀਆਂ

**ਸਤਨਾਮ ਸਿੰਘ ਸੰਧੂ**



ਪੰਜਾਬ ਸਿਰਫ਼ ਇੱਕ ਭੂਗੋਲਿਕ ਖੇਤਰ ਦਾ ਨਾਮ ਨਹੀਂ, ਸਗੋਂ ਇਹ ਪੰਜਾਬੀਅਤ ਦੀ ਉਸ ਵਿਲੱਖਣ ਪਛਾਣ ਦਾ ਪ੍ਰਤੀਕ ਹੈ ਜੋ ਇੱਥੋਂ ਦੇ ਲੋਕਾਂ ਦੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਜੀਵਨ-ਦਰਸ਼ਨ ਵਿੱਚ ਵੱਸਦੀ ਹੈ। ਸਦੀਆਂ ਤੋਂ ਇਹ ਧਰਤੀ ਗੁਰੂਆਂ, ਪੀਰਾਂ ਅਤੇ ਫ਼ਕੀਰਾਂ ਦੀ ਕਰਮਭੂਮੀ ਰਹੀ ਹੈ, ਜਿਨ੍ਹਾਂ ਨੇ ਸਦਾ ਮਨੁੱਖਤਾ, ਪ੍ਰੇਮ ਤੇ ਸਮਾਨਤਾ ਦਾ ਸੰਦੇਸ਼ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਵੱਲੋਂ ਦਿੱਤਾ ਗਿਆ ਸਰਬੱਤ ਦੇ ਭਲੇ ਅਤੇ ਭਾਈਚਾਰੇ ਦਾ ਵਿਸ਼ਵਵਿਆਪੀ ਸਿਧਾਂਤ, ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਤੇਗ ਬਹਾਦਰ ਵੱਲੋਂ ਧਰਮ ਅਤੇ ਮਨੁੱਖੀ ਮਰਿਆਦਾ ਦੀ ਰੱਖਿਆ ਲਈ ਦਿੱਤੀਆਂ ਮਹਾਨ ਸ਼ਹਾਦਤਾਂ ਤੇ ਸੂਫ਼ੀ ਸੰਤਾਂ ਦੀਆਂ ਸਿੱਖਿਆਵਾਂ ਨੇ ਮਿਲ ਕੇ ਪੰਜਾਬ ਨੂੰ ਵਿਭਿੰਨਤਾ ਨੂੰ ਗਲੇ ਲਗਾਉਣ ਵਾਲਾ ਤੇ ਹਰੇਕ ਦਾ ਸਵਾਗਤ ਕਰਨ ਵਾਲਾ ਸਮਾਜ ਬਣਾਇਆ ਹੈ।

ਭਾਰਤ ਦੇ ਨਕਸ਼ੇ 'ਤੇ ਪੰਜਾਬ ਦੀ ਭੂਗੋਲਿਕ ਸਥਿਤੀ ਵੀ ਇਸ ਨੂੰ ਹੋਰ ਰਾਜਾਂ ਤੋਂ ਵੱਖਰੀ ਪਛਾਣ ਦਿੰਦੀ ਹੈ। ਇੱਕ ਸਰਹੱਦੀ ਸੂਬੇ ਵਜੋਂ ਪੰਜਾਬ ਨੇ ਹਮੇਸ਼ਾ ਦੇਸ਼ ਦੀ ਪਹਿਲੀ ਸੁਰੱਖਿਆ ਕਤਾਰ ਦਾ ਫ਼ਰਜ਼ ਨਿਭਾਇਆ ਹੈ। ਇਹ ਭੂਮਿਕਾ ਕੇਵਲ ਸੈਨਿਕ ਪੱਖ ਤੱਕ ਸੀਮਤ ਨਹੀਂ ਰਹੀ, ਸਗੋਂ ਖੇਤੀਬਾੜੀ ਅਤੇ ਸਮਾਜਿਕ ਪੱਖੋਂ ਵੀ ਪੰਜਾਬ ਦੇਸ਼ ਦੀ ਮਜ਼ਬੂਤ ਨੀਂਹ ਰਿਹਾ ਹੈ। ਸਮੇਂ-ਸਮੇਂ 'ਤੇ ਸਰਹੱਦ ਪਾਰਲੀਆਂ ਤਾਕਤਾਂ ਨੇ ਸਮਾਜਿਕ ਦਰਾਰਾਂ ਦਾ ਫ਼ਾਇਦਾ ਉਠਾਉਂਦਿਆਂ ਗੁੰਮਰਾਹਕੁਨ ਜਾਣਕਾਰੀ ਫ਼ੈਲਾਉਣ ਅਤੇ ਲੋਕਾਂ ਵਿੱਚ ਬੇਭਰੋਸਗੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਤਰੀਕੇ ਭਾਵੇਂ ਬਦਲਦੇ ਰਹੇ ਹੋਣ, ਪਰ ਉਨ੍ਹਾਂ ਦਾ ਮਕਸਦ ਹਮੇਸ਼ਾ ਇੱਕੋ ਹੀ ਰਿਹਾ ਹੈ- ਪੰਜਾਬ ਦੇ ਵਸਨੀਕਾਂ ਵਿੱਚ ਵੰਡੀਆਂ ਪਾ ਕੇ ਇਸ ਸੂਬੇ ਨੂੰ ਡਾਵਾਂਡੋਲ ਕਰਨਾ।

ਪੰਜਾਬ ਦੀ ਹਰ ਪੀੜ੍ਹੀ ਦੇ ਸੀਨੇ ਵਿੱਚ ਇੱਕ ਅਜਿਹੇ ਕਾਲੇ ਦੌਰ ਦੇ ਜ਼ਖ਼ਮ ਲੁਕੇ ਹੋਏ ਹਨ, ਜਿਸ ਨੇ ਇੱਥੋਂ ਦੇ ਸਮਾਜਿਕ ਤਾਣੇ-ਬਾਣੇ ਨੂੰ ਹਿਲਾ ਕੇ ਰੱਖ ਦਿੱਤਾ ਸੀ। ਉਹ ਇੱਕ ਅਜਿਹਾ ਭਿਆਨਕ ਸਮਾਂ ਸੀ ਜਦੋਂ ਹਿੰਸਾ ਨੇ ਨਾ ਸਿਰਫ਼ ਅਮਨ-ਕਾਨੂੰਨ ਨੂੰ ਭੰਗ ਕੀਤਾ, ਸਗੋਂ ਮਨੁੱਖਤਾ ਦਾ ਵੀ ਵੱਡੇ ਪੱਧਰ 'ਤੇ ਘਾਣ ਕੀਤਾ। ਇਸ ਕੁੜੱਤਣ ਦਾ ਸਭ ਤੋਂ ਵੱਧ ਅਸਰ ਆਮ ਲੋਕਾਂ 'ਤੇ ਹੋਇਆ। ਖੇਤਾਂ ਵਿੱਚ ਪਸੀਨਾ ਵਹਾਉਣ ਵਾਲਾ ਕਿਸਾਨ, ਦੁਕਾਨਦਾਰ, ਕਲਮ ਦਾ ਧਨੀ ਪੱਤਰਕਾਰ, ਰਾਹ ਦਸੇਰਾ ਅਧਿਆਪਕ ਤੇ ਆਮ ਨਾਗਰਿਕ- ਸਾਰੇ ਹੀ ਬਿਨਾਂ ਕਿਸੇ ਕਸੂਰ ਤੋਂ ਇੱਕ ਅਜਿਹੇ ਭਾਵੁਕ ਅਤੇ ਖ਼ੌਫ਼ਨਾਕ ਤੂਫ਼ਾਨ ਵਿੱਚ ਘਿਰ ਗਏ, ਜਿਸ ਦੀ ਉਨ੍ਹਾਂ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਸੀ।

ਅਤੀਤ ਦੇ ਇਹ ਤਜਰਬੇ ਇਸ ਲਈ ਯਾਦ ਰੱਖਣੇ ਲਾਜ਼ਮੀ ਹਨ ਤਾਂ ਜੋ ਅਸੀਂ ਉਨ੍ਹਾਂ ਤੋਂ ਸਬਕ ਸਿੱਖ ਕੇ ਸਹੀ ਕਦਮਾਂ ਨਾਲ ਅੱਗੇ ਵਧ ਸਕੀਏ। ਖ਼ਾਸ ਤੌਰ 'ਤੇ ਇਹ ਸਮਝਣ ਲਈ ਕਿ ਸ਼ਾਂਤੀ ਕਿੰਨੀ ਕੀਮਤੀ ਹੈ ਤੇ ਇਹ ਨਫ਼ਰਤ ਅਤੇ ਕੱਟੜਵਾਦ ਕਾਰਨ ਕਿੰਨੀ ਛੇਤੀ ਭੰਗ ਹੋ ਸਕਦੀ ਹੈ। ਪੰਜਾਬ ਨੇ ਆਪਣੇ ਇਤਿਹਾਸ ਵਿੱਚ ਬਹੁਤ ਦੁੱਖ ਤੇ ਦਰਦ ਦਾ ਸਾਹਮਣਾ ਕੀਤਾ ਹੈ ਤੇ ਇਹੀ ਤਜਰਬਾ ਸਾਨੂੰ ਹੋਰ ਦ੍ਰਿੜ੍ਹ ਬਣਾਉਂਦਾ ਹੈ ਤਾਂ ਜੋ ਮੁੜ ਅਜਿਹੇ ਹਾਲਾਤ ਪੈਦਾ ਨਾ ਹੋਣ ਦਿੱਤੇ ਜਾਣ।

ਇੱਥੇ ਪੰਜਾਬੀਆਂ ਦੀ ਉਸ ਅਸਾਧਾਰਨ ਸਮਰੱਥਾ ਤੇ ਚੜ੍ਹਦੀ ਕਲਾ ਦੇ ਜਜ਼ਬੇ ਦਾ ਜ਼ਿਕਰ ਕਰਨਾ ਵੀ ਓਨਾ ਹੀ ਲਾਜ਼ਮੀ ਹੈ, ਜਿਸ ਦੇ ਸਹਾਰੇ ਪੰਜਾਬੀਆਂ ਨੇ ਹਰ ਵੱਡੀ ਤ੍ਰਾਸਦੀ ਤੋਂ ਬਾਅਦ ਖ਼ੁਦ ਨੂੰ ਮੁੜ ਖੜ੍ਹਾ ਕੀਤਾ ਹੈ। ਹਰ ਕਾਲੀ ਰਾਤ ਤੋਂ ਬਾਅਦ ਇੱਥੋਂ ਦੇ ਲੋਕਾਂ ਨੇ ਨਵੇਂ ਸੁਪਨਿਆਂ ਤੇ ਅਟੁੱਟ ਉਮੀਦਾਂ ਨਾਲ ਜ਼ਿੰਦਗੀ ਦੇ ਵਿਹੜੇ ਨੂੰ ਦੁਬਾਰਾ ਸੰਵਾਰਿਆ। ਉਦਾਸ ਹੋਏ ਖੇਤਾਂ ਵਿੱਚ ਮੁੜ ਫ਼ਸਲਾਂ ਲਹਿਰਾਈਆਂ, ਉਦਯੋਗਾਂ ਨੇ ਨਵੀਂ ਰਫ਼ਤਾਰ ਫੜੀ, ਵਿੱਦਿਅਕ ਅਦਾਰਿਆਂ ਵਿੱਚ ਨਵੀਂ ਊਰਜਾ ਦਾ ਸੰਚਾਰ ਹੋਇਆ ਅਤੇ ਸਮਾਜ ਨੇ ਆਪਣੇ ਗੁਆਚੇ ਆਤਮ-ਵਿਸ਼ਵਾਸ ਨੂੰ ਮੁੜ ਬਹਾਲ ਕੀਤਾ। ਮਾੜੇ ਹਾਲਾਤ ਦੀ ਹਿੱਕ 'ਤੇ ਪੈਰ ਰੱਖ ਕੇ ਦੁਬਾਰਾ ਅੱਗੇ ਵਧਣ ਦੀ ਇਹ ਅਦੁੱਤੀ ਸਮਰੱਥਾ ਹੀ ਪੰਜਾਬੀਆਂ ਦਾ ਅਸਲ ਸੁਭਾਅ ਹੈ। ਮੁਸ਼ਕਲਾਂ ਪੰਜਾਬੀਆਂ ਦੀ ਪਰਖ ਤਾਂ ਕਰ ਸਕਦੀਆਂ ਹਨ, ਪਰ ਉਨ੍ਹਾਂ ਦੇ ਬੁਲੰਦ ਹੌਂਸਲੇ, ਅਣਥੱਕ ਮਿਹਨਤ ਅਤੇ ਉੱਦਮੀ ਸੁਭਾਅ ਨੂੰ ਕਦੇ ਮਾਤ ਨਹੀਂ ਦੇ ਸਕਦੀਆਂ।

ਅੱਜ ਪੰਜਾਬ ਸਾਹਮਣੇ ਨਵੇਂ ਦੌਰ ਦੀਆਂ ਵੱਖਰੀਆਂ ਚੁਣੌਤੀਆਂ ਖੜ੍ਹੀਆਂ ਹਨ।

ਪੰਜਾਬੀ ਨੌਜਵਾਨ ਆਪਣੇ ਲਈ ਸਫ਼ਲ ਕੈਰੀਅਰ ਬਣਾਉਣਾ ਚਾਹੁੰਦੇ ਹਨ। ਉਸ ਵਿੱਚ ਉੱਚ ਸਿੱਖਿਆ ਹਾਸਲ ਕਰਨ ਅਤੇ ਜੀਵਨ ਵਿੱਚ ਅੱਗੇ ਵਧਣ ਦੀ ਤੀਬਰ ਲਾਲਸਾ ਹੈ। ਉਹ ਆਪਣੇ ਹੀ ਸੂਬੇ ਵਿੱਚ ਰਹਿ ਕੇ ਉਦਯੋਗ ਅਤੇ ਕਾਰੋਬਾਰ ਸਥਾਪਤ ਕਰਨ ਤੇ ਤੇਜ਼ੀ ਨਾਲ ਬਦਲ ਰਹੀ ਦੁਨੀਆ ਵਿੱਚ ਆਪਣੀ ਵੱਖਰੀ ਪਛਾਣ ਬਣਾਉਣਾ ਚਾਹੁੰਦਾ ਹੈ। ਕਿਸਾਨ ਲਾਹੇਵੰਦ ਖੇਤੀ ਦੀ ਉਮੀਦ ਰੱਖਦੇ ਹਨ, ਵਪਾਰੀ ਅਜਿਹਾ ਮਾਹੌਲ ਚਾਹੁੰਦੇ ਹਨ ਜੋ ਨਿਵੇਸ਼ ਲਈ ਪ੍ਰੇਰਿਤ ਕਰੇ ਤੇ ਪਰਿਵਾਰ ਬਿਹਤਰ ਸਿਹਤ ਸੇਵਾਵਾਂ, ਗੁਣਵੱਤਾ ਭਰਪੂਰ ਸਿੱਖਿਆ ਤੇ ਪ੍ਰਭਾਵਸ਼ਾਲੀ ਸਰਕਾਰੀ ਸੇਵਾਵਾਂ ਦੀ ਆਸ ਰੱਖਦੇ ਹਨ। ਇਹੀ ਉਹ ਮੁੱਦੇ ਹਨ ਜਿਨ੍ਹਾਂ ਉੱਤੇ ਗੰਭੀਰਤਾ ਨਾਲ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ।

ਆਉਣ ਵਾਲੇ ਸਮੇਂ ਵਿੱਚ ਪੰਜਾਬ ਦਾ ਭਵਿੱਖ ਇਸ ਗੱਲ 'ਤੇ ਵੀ ਨਿਰਭਰ ਕਰੇਗਾ ਕਿ ਸੂਬੇ ਨੂੰ ਕਿਸ ਤਰ੍ਹਾਂ ਦਾ ਸ਼ਾਸਨ ਅਤੇ ਪ੍ਰਸ਼ਾਸਨ ਮਿਲਦਾ ਹੈ। ਪੰਜਾਬ ਨੂੰ ਅਜਿਹੇ ਪ੍ਰਭਾਵਸ਼ਾਲੀ ਪ੍ਰਸ਼ਾਸਨ ਦੀ ਲੋੜ ਹੈ ਜੋ ਫੌਰੀ ਸਿਆਸੀ ਲਾਹਿਆਂ ਦੀ ਥਾਂ ਲੰਬੇ ਸਮੇਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਫ਼ੈਸਲੇ ਲਵੇ। ਸਥਿਰਤਾ ਲੋਕਾਂ ਦੇ ਨਾਲ-ਨਾਲ ਸੰਭਾਵੀ ਨਿਵੇਸ਼ਕਾਂ, ਉਦਯੋਗਪਤੀਆਂ ਅਤੇ ਆਪਣੇ ਭਵਿੱਖ ਦੀ ਯੋਜਨਾ ਬਣਾਉਣ ਵਾਲੇ ਨੌਜਵਾਨ ਵਰਗ ਵਿੱਚ ਵੀ ਭਰੋਸਾ ਪੈਦਾ ਕਰਦੀ ਹੈ।

ਦੇਸ਼ ਦੇ ਇੱਕ ਅਹਿਮ ਸਰਹੱਦੀ ਸੂਬੇ ਵਜੋਂ ਪੰਜਾਬ ਦੀ ਵਿਕਾਸ ਯਾਤਰਾ ਕੌਮੀ ਤਰਜੀਹਾਂ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ। ਸਰਹੱਦੀ ਖੇਤਰਾਂ ਦਾ ਵਿਕਾਸ, ਅੰਦਰੂਨੀ ਸੁਰੱਖਿਆ, ਖੇਤੀਬਾੜੀ, ਵਪਾਰ ਅਤੇ ਉਦਯੋਗ, ਉੱਚ ਸਿੱਖਿਆ ਅਤੇ ਸੰਪਰਕ ਬੁਨਿਆਦੀ ਢਾਂਚੇ ਵਰਗੇ ਖੇਤਰਾਂ ਵਿੱਚ ਰਾਜ ਅਤੇ ਕੇਂਦਰ ਸਰਕਾਰ ਵਿਚਾਲੇ ਤਾਲਮੇਲ ਬੇਹੱਦ ਜ਼ਰੂਰੀ ਹੈ। ਕੇਂਦਰ ਨਾਲ ਲਗਾਤਾਰ ਸੰਵਾਦ ਬਣਾ ਕੇ ਸੂਬੇ ਦੇ ਵਿਕਾਸ ਲਈ ਸਮੇਂ-ਸਿਰ ਲੋੜੀਂਦਾ ਸਹਿਯੋਗ ਪ੍ਰਾਪਤ ਕਰਨ ਦੀ ਲੋੜ ਹੈ। ਅਜਿਹੇ ਸ਼ਾਸਨ ਦੀ ਲੋੜ ਹੈ ਜੋ ਟਕਰਾਅ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਵਿਕਾਸ ਅਤੇ ਨਤੀਜੇ ਦੇਣ 'ਤੇ ਕੇਂਦਰਿਤ ਰਹੇ। ਪ੍ਰਸ਼ਾਸਨਿਕ ਸਥਿਰਤਾ ਦੇ ਨਾਲ-ਨਾਲ ਕੇਂਦਰ ਨਾਲ ਸੁਖਾਵੇਂ ਅਤੇ ਸਹਿਯੋਗੀ ਸਬੰਧ ਬਣਾਉਣ, ਨਿਵੇਸ਼ ਤੇ ਰੁਜ਼ਗਾਰ ਦੇ ਮੌਕਿਆਂ ਲਈ ਲੋੜੀਂਦਾ ਅਨੁਕੂਲ ਮਾਹੌਲ ਤਿਆਰ ਕਰਨ ਦੀ ਵੱਡੀ ਲੋੜ ਹੈ। ਪੰਜਾਬ ਦੇ ਇਤਿਹਾਸਕ ਮਹੱਤਵ ਤੇ ਮੌਜੂਦਾ ਭੂਮਿਕਾ ਨੂੰ ਦੇਖਦਿਆਂ ਸਹਿਯੋਗੀ ਸ਼ਾਸਨ ਸਮੇਂ ਦੀ ਵੱਡੀ ਲੋੜ ਹੈ।

*ਲੇਖਕ ਰਾਜ ਸਭਾ ਮੈਂਬਰ ਹੈ

# ਪ੍ਰਵਾਸ ਕਾਰਨ ਪੰਜਾਬ ਨੂੰ ਭਾਰੀ ਨੁਕਸਾਨ

## ਬਾਹਰ ਨਿਕਲਿਆ ਹਜ਼ਾਰਾਂ ਕਰੋੜ ਦਾ ਸਰਮਾਇਆ

**ਮਨਜੀਤ ਮਾਨ**



ਪੰਜਾਬ, ਜਿਸ ਨੂੰ ਕਦੇ ਦੇਸ਼ ਦਾ ਅੰਨ-ਭੰਡਾਰ, ਹਰੀ ਕ੍ਰਾਂਤੀ ਦਾ ਗੜ੍ਹ ਅਤੇ ਖੇਤੀਬਾੜੀ ਦੀ ਰੀੜ੍ਹ ਦੀ ਹੱਡੀ ਕਿਹਾ ਜਾਂਦਾ ਸੀ, ਅੱਜ ਆਪਣੇ ਇਤਿਹਾਸ ਦੇ ਸਭ ਤੋਂ ਨਾਜ਼ੁਕ, ਸੰਵੇਦਨਸ਼ੀਲ ਅਤੇ ਚਿੰਤਾਜਨਕ ਦੌਰ ਵਿਚੋਂ ਲੰਘ ਰਿਹਾ ਹੈ। ਪੰਜਾਂ ਦਰਿਆਵਾਂ ਦੀ ਇਸ ਪਵਿੱਤਰ ਧਰਤੀ 'ਤੇ ਇੱਕ ਅਜਿਹਾ ਸੰਨਾਟਾ ਪਸਰਦਾ ਜਾ ਰਿਹਾ ਹੈ, ਜੋ ਆਉਣ ਵਾਲੇ ਸਮੇਂ ਦੇ ਗੰਭੀਰ ਸਮਾਜਿਕ ਅਤੇ ਆਰਥਿਕ ਸੰਕਟ ਦੀ ਆਹਟ ਦਿੰਦਾ ਹੈ। ਪਿੰਡਾਂ ਦੀਆਂ ਗਲੀਆਂ, ਜਿੱਥੇ ਕਦੇ ਨੌਜਵਾਨਾਂ ਦੀ ਰੌਣਕ, ਖੇਤਾਂ ਦੀ ਮਹਿਕ ਅਤੇ ਮਿਹਨਤ ਦੀ ਚਮਕ ਦਿਖਾਈ ਦਿੰਦੀ ਸੀ, ਉੱਥੇ ਅੱਜ ਸੁੰਨਾਪਣ ਵਧਦਾ ਜਾ ਰਿਹਾ ਹੈ। ਪੰਜਾਬ ਦੀ ਸਭ ਤੋਂ ਵੱਡੀ ਤਾਕਤ ਇਸ ਦੀ ਜਵਾਨੀ ਲਗਾਤਾਰ ਵਿਦੇਸ਼ਾਂ ਵੱਲ ਰੁਖ ਕਰ ਰਹੀ ਹੈ। ਕੈਨੇਡਾ, ਆਸਟ੍ਰੇਲੀਆ, ਇੰਗਲੈਂਡ, ਨਿਊਜ਼ੀਲੈਂਡ ਅਤੇ ਯੂਰਪ ਦੇ ਹੋਰ ਦੇਸ਼ਾਂ ਵਿੱਚ ਵਸਣ ਦੀ ਲਾਲਸਾ ਹੁਣ ਇੱਕ ਵਿਅਕਤੀਗਤ ਚੋਣ ਨਹੀਂ ਰਹੀ, ਸਗੋਂ ਇੱਕ ਸਮਾਜਿਕ ਰੁਝਾਨ ਅਤੇ ਕਈ ਪਰਿਵਾਰਾਂ ਲਈ ਮਜਬੂਰੀ ਬਣ ਚੁੱਕੀ ਹੈ।

ਇਹ ਸਿਰਫ਼ ਪ੍ਰਵਾਸ ਦੀ ਕਹਾਣੀ ਨਹੀਂ, ਸਗੋਂ ਪੰਜਾਬ ਦੀ ਜਵਾਨੀ, ਮਿਹਨਤ, ਹੁਨਰ ਅਤੇ ਬੌਧਿਕ ਪੂੰਜੀ ਦੇ ਲਗਾਤਾਰ ਹੋ ਰਹੇ ਨਿਕਾਸ ਦੀ ਕਹਾਣੀ ਹੈ। ਇਸ ਦਾ ਸਭ ਤੋਂ ਵੱਡਾ ਮੁੱਲ ਪੰਜਾਬ ਦੀ ਉਹ ਉਪਜਾਊ ਧਰਤੀ ਅਦਾ ਕਰ ਰਹੀ ਹੈ, ਜਿਸ ਨੂੰ ਇੱਥੋਂ ਦੇ ਕਿਸਾਨਾਂ ਨੇ ਸਦੀਆਂ ਤੋਂ ਆਪਣੀ ਮਾਂ ਦਾ ਦਰਜਾ ਦਿੱਤਾ ਹੈ। ਅੱਜ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਪੰਜਾਬ ਦੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਕੈਨੇਡਾ ਦੀ ਬਰਫ਼ ਹੇਠ ਦੱਬਦੀ ਜਾ ਰਹੀ ਹੈ। ਕਾਰਨ ਸਪੱਸ਼ਟ ਹੈ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਪਰਿਵਾਰ ਆਪਣੀ ਪੁਸ਼ਤੈਨੀ ਜ਼ਮੀਨ ਵੇਚ ਰਹੇ ਹਨ, ਗਹਿਣੇ ਰੱਖ ਰਹੇ ਹਨ ਅਤੇ ਭਾਰੀ ਕਰਜ਼ਿਆਂ ਦੇ ਬੋਝ ਹੇਠ ਦੱਬਦੇ ਜਾ ਰਹੇ ਹਨ।

ਅੱਜ ਇੱਕ ਨੌਜਵਾਨ ਨੂੰ ਵਿਦੇਸ਼ ਭੇਜਣ ਲਈ ਆਮ ਤੌਰ 'ਤੇ 25 ਤੋਂ 40 ਲੱਖ ਰੁਪਏ ਅਤੇ ਕਈ ਵਾਰ ਇਸ ਤੋਂ ਵੀ ਵੱਧ ਰਕਮ ਦੀ ਲੋੜ ਪੈਂਦੀ ਹੈ। ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਇਹ ਰਕਮ ਇਕੱਠੀ ਕਰਨੀ ਲਗਭਗ ਅਸੰਭਵ ਹੁੰਦੀ ਹੈ। ਨਤੀਜੇ ਵਜੋਂ ਉਹ ਆਪਣੀ ਜ਼ਿੰਦਗੀ ਦੀ ਸਭ ਤੋਂ ਕੀਮਤੀ ਪੂੰਜੀ ਜ਼ਮੀਨ ਵੇਚਣ ਲਈ ਮਜਬੂਰ ਹੋ ਜਾਂਦੇ ਹਨ। ਇਹ ਜ਼ਮੀਨ ਸਿਰਫ਼ ਇੱਕ ਜਾਇਦਾਦ ਨਹੀਂ ਹੁੰਦੀ, ਇਹ ਉਨ੍ਹਾਂ ਦੀ ਪਛਾਣ, ਵਿਰਾਸਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਆਧਾਰ ਹੁੰਦੀ ਹੈ।

ਇਸ ਸਥਿਤੀ ਦੀ ਗੰਭੀਰਤਾ ਸਿਰਫ਼ ਭਾਵਨਾਵਾਂ ਤੱਕ ਸੀਮਤ ਨਹੀਂ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਇੱਕ ਅਧਿਐਨ ਅਨੁਸਾਰ ਪੰਜਾਬ ਦੇ 13.34 ਫ਼ੀਸਦੀ ਪੇਂਡੂ ਪਰਿਵਾਰਾਂ ਦਾ ਘੱਟੋ-ਘੱਟ ਇੱਕ ਮੈਂਬਰ ਵਿਦੇਸ਼ ਵਿੱਚ ਰਹਿ ਰਿਹਾ ਹੈ। ਇਨ੍ਹਾਂ ਪਰਿਵਾਰਾਂ ਵਿਚੋਂ 19.38 ਫ਼ੀਸਦੀ ਨੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਜ਼ਮੀਨ, ਮਕਾਨ, ਸੋਨਾ ਜਾਂ ਹੋਰ ਜਾਇਦਾਦ ਵੇਚੀ, ਜਦਕਿ 56.41 ਫ਼ੀਸਦੀ ਪਰਿਵਾਰਾਂ ਨੇ ਕਰਜ਼ਾ ਲਿਆ। ਹੋਰ ਵੀ ਚਿੰਤਾਜਨਕ ਗੱਲ ਇਹ ਹੈ ਕਿ ਛੋਟੇ ਕਿਸਾਨਾਂ ਦੇ ਲਗਭਗ 18 ਫ਼ੀਸਦੀ ਪਰਿਵਾਰਾਂ ਨੇ ਇਸ ਮਕਸਦ ਲਈ ਆਪਣੀ ਖੇਤੀਯੋਗ ਜ਼ਮੀਨ ਵੇਚ ਦਿੱਤੀ। ਅਧਿਐਨ ਇਹ ਵੀ ਦਰਸਾਉਂਦਾ ਹੈ ਕਿ ਪੰਜਾਬ ਦੇ ਪਰਿਵਾਰਾਂ ਨੇ ਵਿਦੇਸ਼ੀ ਪ੍ਰਵਾਸ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਲਗਭਗ 14,342 ਕਰੋੜ ਰੁਪਏ ਦਾ ਕਰਜ਼ਾ ਲਿਆ, ਜਦਕਿ 5,639 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਵੇਚੀ ਗਈ। ਇਹ ਰਕਮ ਸਿਰਫ਼ ਅੰਕੜੇ ਨਹੀਂ ਹਨ, ਸਗੋਂ ਪੰਜਾਬ ਦੀ ਅਰਥਵਿਵਸਥਾ ਵਿਚੋਂ ਬਾਹਰ ਨਿਕਲਿਆ ਉਹ ਸਰਮਾਇਆ ਹੈ, ਜਿਸ ਨਾਲ ਨਵੇਂ ਉਦਯੋਗ, ਰੁਜ਼ਗਾਰ ਅਤੇ ਵਿਕਾਸ ਦੇ ਅਨੇਕ ਮੌਕੇ ਪੈਦਾ ਕੀਤੇ ਜਾ ਸਕਦੇ ਸਨ।

ਇਸ ਪ੍ਰਵਾਸ ਦੀ ਸਭ ਤੋਂ ਵੱਧ ਮਾਰ ਛੋਟੇ ਅਤੇ ਸੀਮਾਂਤ ਕਿਸਾਨਾਂ 'ਤੇ ਪਈ ਹੈ। ਜਿਨ੍ਹਾਂ ਕੋਲ ਦੋ ਜਾਂ ਢਾਈ ਏਕੜ ਜ਼ਮੀਨ ਹੀ ਪਰਿਵਾਰ ਦੀ ਰੋਜ਼ੀ-ਰੋਟੀ ਦਾ ਆਧਾਰ ਸੀ, ਉਹ ਵੀ ਆਪਣੇ ਬੱਚਿਆਂ ਦਾ ਭਵਿੱਖ ਸੰਵਾਰਨ ਦੀ ਆਸ ਵਿਚ ਇਸ ਨੂੰ ਵੇਚਣ ਲਈ ਮਜਬੂਰ ਹੋ ਗਏ। ਕਈ ਪਰਿਵਾਰ, ਜੋ ਕਦੇ ਆਪਣੀ ਮਿਹਨਤ ਨਾਲ ਅਨਾਜ ਉਗਾ ਕੇ ਦੇਸ਼ ਦੀ ਭੁੱਖ ਮਿਟਾਉਂਦੇ ਸਨ, ਅੱਜ ਦਿਹਾੜੀ-ਮਜ਼ਦੂਰੀ ਕਰਨ ਲਈ ਮਜਬੂਰ ਹਨ। ਇਹ ਸਿਰਫ਼ ਆਰਥਿਕ ਗਿਰਾਵਟ ਨਹੀਂ, ਸਗੋਂ ਸਮਾਜਿਕ ਸਥਿਤੀ ਵਿੱਚ ਆਇਆ ਇੱਕ ਦਰਦਨਾਕ ਬਦਲਾਅ ਵੀ ਹੈ।

ਪ੍ਰਵਾਸ ਦੀ ਇਸ ਲਹਿਰ ਨੇ ਪੰਜਾਬ ਦੀ ਸਮਾਜਿਕ ਬਣਤਰ ਨੂੰ ਵੀ ਡੂੰਘਾ ਪ੍ਰਭਾਵਿਤ ਕੀਤਾ ਹੈ। ਪਿੰਡਾਂ ਵਿੱਚ ਨੌਜਵਾਨਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਜਿਨ੍ਹਾਂ ਘਰਾਂ ਵਿੱਚ ਕਦੇ ਬੱਚਿਆਂ ਦੀਆਂ ਕਿਲਕਾਰੀਆਂ ਅਤੇ ਨੌਜਵਾਨਾਂ ਦੀ ਚਹਿਲ-ਪਹਿਲ ਹੁੰਦੀ ਸੀ, ਉੱਥੇ ਅੱਜ ਬਜ਼ੁਰਗ ਮਾਪੇ ਇਕੱਲੇ ਜੀਵਨ ਬਿਤਾਉਣ ਲਈ ਮਜਬੂਰ ਹਨ। ਉਨ੍ਹਾਂ ਦੀ ਜ਼ਿੰਦਗੀ ਦਾ ਚੋਖਾ ਸਮਾਂ ਹੁਣ ਫ਼ੋਨ ਦੀ ਘੰਟੀ, ਵੀਡੀਓ ਕਾਲ ਜਾਂ ਵਿਦੇਸ਼ੋਂ ਆਉਣ ਵਾਲੇ ਕਿਸੇ ਸੁਨੇਹੇ ਦੀ ਉਡੀਕ ਵਿਚ ਲੰਘਦਾ ਹੈ। ਇਹ ਇਕੱਲਾਪਣ ਸਿਰਫ਼ ਭਾਵਨਾਤਮਿਕ ਨਹੀਂ, ਸਗੋਂ ਇੱਕ ਵੱਡੀ ਸਮਾਜਿਕ ਸਮੱਸਿਆ ਦਾ ਰੂਪ ਧਾਰ ਚੁੱਕਿਆ ਹੈ।

ਖੇਤੀਬਾੜੀ 'ਤੇ ਵੀ ਇਸ ਦੇ ਗੰਭੀਰ ਪ੍ਰਭਾਵ ਪਏ ਹਨ। ਜਦੋਂ ਖੇਤਾਂ ਦੇ ਅਸਲ ਵਾਰਸ ਹੀ ਵਿਦੇਸ਼ ਚਲੇ ਜਾਣ, ਤਾਂ ਜ਼ਮੀਨ ਠੇਕੇ 'ਤੇ ਦੇਣੀ ਪੈਂਦੀ ਹੈ। ਠੇਕੇਦਾਰ ਦਾ ਧਿਆਨ ਲੰਬੇ ਸਮੇਂ ਲਈ ਮਿੱਟੀ ਦੀ ਸਿਹਤ ਬਚਾਉਣ ਦੀ ਬਜਾਏ ਛੋਟੇ ਸਮੇਂ ਵਿਚ ਵੱਧ ਤੋਂ ਵੱਧ ਉਤਪਾਦਨ ਹਾਸਿਲ ਕਰਨ 'ਤੇ ਹੁੰਦਾ ਹੈ। ਇਸ ਨਾਲ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅਤਿਅਧਿਕ ਵਰਤੋਂ ਹੁੰਦੀ ਹੈ, ਜਿਸ ਦਾ ਨੁਕਸਾਨ ਮਿੱਟੀ ਦੀ ਉਪਜਾਊ ਸ਼ਕਤੀ, ਭੂਮੀ ਦੀ ਸਿਹਤ ਅਤੇ ਭਵਿੱਖ ਦੀ ਖੇਤੀ ਨੂੰ ਝੱਲਣਾ ਪੈਂਦਾ ਹੈ।

ਇਹ ਵੀ ਇੱਕ ਹਕੀਕਤ ਹੈ ਕਿ ਵਿਦੇਸ਼ ਜਾਣ ਵਾਲਾ ਹਰ ਨੌਜਵਾਨ ਉੱਥੇ ਜਾ ਕੇ ਤੁਰੰਤ ਸਫ਼ਲ ਨਹੀਂ ਹੋ ਜਾਂਦਾ। ਕੈਨੇਡਾ ਸਮੇਤ ਕਈ ਦੇਸ਼ਾਂ ਵਿੱਚ ਪ੍ਰਵਾਸ ਨੀਤੀਆਂ ਸਖ਼ਤ ਹੋ ਰਹੀਆਂ ਹਨ। ਰੁਜ਼ਗਾਰ ਦੀ ਅਨਿਸਚਿਤਤਾ, ਘਰਾਂ ਦਾ ਮਹਿੰਗਾ ਕਿਰਾਇਆ, ਵਧਦੀ ਮਹਿੰਗਾਈ ਅਤੇ ਮਾਨਸਿਕ ਤਣਾਅ ਨਵੇਂ ਪ੍ਰਵਾਸੀਆਂ ਲਈ ਗੰਭੀਰ ਚੁਣੌਤੀਆਂ ਬਣ ਰਹੇ ਹਨ। ਬਹੁਤ ਸਾਰੇ ਵਿਦਿਆਰਥੀ ਪੜ੍ਹਾਈ ਦੇ ਨਾਲ ਲੰਬੇ ਸਮੇਂ ਤੱਕ ਛੋਟੇ-ਮੋਟੇ ਕੰਮ ਕਰਦੇ ਹਨ ਅਤੇ ਕਰਜ਼ੇ ਉਤਾਰਨ ਲਈ ਸਾਲਾਂ ਤੱਕ ਸੰਘਰਸ਼ ਕਰਦੇ ਹਨ। ਪਰ ਪੰਜਾਬ ਵਿਚ ਬੈਠੇ ਮਾਪੇ ਅਕਸਰ ਸੋਸ਼ਲ ਮੀਡੀਆ 'ਤੇ ਦਿਖਾਈ ਜਾਣ ਵਾਲੀ ਚਮਕ-ਦਮਕ ਦੇ ਆਧਾਰ 'ਤੇ ਹੀ ਵਿਦੇਸ਼ੀ ਜੀਵਨ ਦੀ ਤਸਵੀਰ ਬਣਾਉਂਦੇ ਰਹਿੰਦੇ ਹਨ।

ਅਸਲ ਚਿੰਤਾ ਇਹ ਨਹੀਂ ਕਿ ਪੰਜਾਬ ਦੇ ਨੌਜਵਾਨ ਵਿਦੇਸ਼ ਕਿਉਂ ਜਾ ਰਹੇ ਹਨ। ਮਨੁੱਖ ਸਦੀਆਂ ਤੋਂ ਬਿਹਤਰ ਮੌਕਿਆਂ ਦੀ ਭਾਲ ਵਿਚ ਇੱਕ ਥਾਂ ਤੋਂ ਦੂਜੀ ਥਾਂ ਜਾਂਦਾ ਰਿਹਾ ਹੈ। ਚਿੰਤਾ ਇਸ ਗੱਲ ਦੀ ਹੈ ਕਿ ਉਹ ਆਪਣੀ ਧਰਤੀ 'ਤੇ ਰਹਿ ਕੇ ਭਵਿੱਖ ਬਣਾਉਣ ਦੀ ਉਮੀਦ ਕਿਉਂ ਗੁਆ ਰਹੇ ਹਨ? ਜਦੋਂ ਕਿਸੇ ਸੂਬੇ ਦੀ ਜਵਾਨੀ ਆਪਣੇ ਹੀ ਰਾਜ ਵਿੱਚ ਮੌਕਿਆਂ ਦੀ ਘਾਟ ਮਹਿਸੂਸ ਕਰਨ ਲੱਗੇ, ਤਾਂ ਇਹ ਸਿਰਫ਼ ਆਰਥਿਕ ਨਹੀਂ, ਸਗੋਂ ਨੀਤੀਗਤ ਅਤੇ ਸਮਾਜਿਕ ਅਸਫ਼ਲਤਾ ਦਾ ਵੀ ਸੰਕੇਤ ਹੁੰਦਾ ਹੈ।

ਇਸ ਸਮੱਸਿਆ ਦਾ ਹੱਲ ਪ੍ਰਵਾਸ ਨੂੰ ਰੋਕਣ ਵਿੱਚ ਨਹੀਂ ਹੈ। ਲੋੜ ਇਸ ਗੱਲ ਦੀ ਹੈ ਕਿ ਪੰਜਾਬ ਵਿੱਚ ਅਜਿਹੇ ਹਾਲਾਤ ਪੈਦਾ ਕੀਤੇ ਜਾਣ, ਜਿੱਥੇ ਵਿਦੇਸ਼ ਜਾਣਾ ਮਜਬੂਰੀ ਨਹੀਂ, ਸਗੋਂ ਇੱਕ ਬਦਲ ਹੋਵੇ। ਇਸ ਲਈ ਸਭ ਤੋਂ ਪਹਿਲਾਂ ਸੂਬੇ ਵਿੱਚ ਵੱਡੇ ਪੱਧਰ 'ਤੇ ਉਦਯੋਗੀਕਰਨ ਨੂੰ ਉਤਸ਼ਾਹਿਤ ਕਰਨਾ ਪਵੇਗਾ। ਨਿਰਮਾਣ ਉਦਯੋਗ, ਫ਼ੂਡ ਪ੍ਰੋਸੈਸਿੰਗ, ਸੂਚਨਾ ਤਕਨਾਲੋਜੀ, ਬਾਇਓ-ਟੈਕਨਾਲੋਜੀ ਅਤੇ ਖੋਜ-ਅਧਾਰਿਤ ਉਦਯੋਗਾਂ ਵਿਚ ਨਿਵੇਸ਼ ਰਾਹੀਂ ਉੱਚ ਸਿੱਖਿਆ ਪ੍ਰਾਪਤ ਨੌਜਵਾਨਾਂ ਲਈ ਗੁਣਵੱਤਾ ਵਾਲੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਇਸ ਦੇ ਨਾਲ ਹੀ ਖੇਤੀਬਾੜੀ ਵਿਚ ਫ਼ਸਲੀ ਵਿਭਿੰਨਤਾ ਲਿਆਉਣਾ ਵੀ ਸਮੇਂ ਦੀ ਲੋੜ ਹੈ। ਕਣਕ-ਝੋਨੇ ਦੇ ਚੱਕਰ ਤੋਂ ਬਾਹਰ ਨਿਕਲ ਕੇ ਬਾਗਬਾਨੀ, ਫਲਾਂ ਅਤੇ ਸਬਜ਼ੀਆਂ ਦੀ ਕਾਸ਼ਤ, ਮਧੂ-ਮੱਖੀ ਪਾਲਣ, ਡੇਅਰੀ, ਮੱਛੀ ਪਾਲਣ ਅਤੇ ਖੇਤੀ-ਆਧਾਰਿਤ ਛੋਟੇ ਉਦਯੋਗਾਂ ਨੂੰ ਮਜ਼ਬੂਤ ਨੀਤੀਗਤ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ। ਜੇ ਕਿਸਾਨ ਨੂੰ ਆਪਣੀ ਫ਼ਸਲ ਦਾ ਵਾਜਬ ਮੁੱਲ, ਪ੍ਰੋਸੈਸਿੰਗ ਦੀ ਸਹੂਲਤ ਅਤੇ ਪੱਕੀ ਮੰਡੀ ਮਿਲੇ, ਤਾਂ ਉਹ ਆਪਣੀ ਜ਼ਮੀਨ ਵੇਚਣ ਬਾਰੇ ਕਦੇ ਨਹੀਂ ਸੋਚੇਗਾ।

ਸਿੱਖਿਆ ਪ੍ਰਣਾਲੀ ਵਿੱਚ ਵੀ ਬੁਨਿਆਦੀ ਸੁਧਾਰਾਂ ਦੀ ਲੋੜ ਹੈ। ਸਿਰਫ਼ ਡਿਗਰੀਆਂ ਦੇਣ ਦੀ ਬਜਾਏ ਹੁਨਰ-ਆਧਾਰਿਤ ਸਿੱਖਿਆ, ਉੱਦਮਤਾ ਅਤੇ ਸਵੈ-ਰੁਜ਼ਗਾਰ ਨੂੰ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ। ਨੌਜਵਾਨਾਂ ਨੂੰ ਨੌਕਰੀ ਲੱਭਣ ਵਾਲਾ ਨਹੀਂ, ਸਗੋਂ ਨੌਕਰੀ ਦੇਣ ਵਾਲਾ ਬਣਾਉਣ ਦੀ ਸੋਚ ਵਿਕਸਿਤ ਕਰਨੀ ਹੋਵੇਗੀ। ਨਾਲ ਹੀ ਸਰਕਾਰ ਨੂੰ ਪਾਰਦਰਸ਼ੀ ਭਰਤੀ ਪ੍ਰਕਿਰਿਆ, ਉਦਯੋਗਾਂ ਲਈ ਅਨੁਕੂਲ ਮਾਹੌਲ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਲਾਗੂ ਕਰਨੀਆਂ ਚਾਹੀਦੀਆਂ ਹਨ।

(**ਬਾਕੀ ਸਫ਼ਾ** 27 'ਤੇ)

# ਮੈਡੀਕਲ ਅਤੇ ਏ.ਆਈ. ਕ੍ਰਾਂਤੀ ਦਾ ਯੁੱਗ










## ਵੱਡੇ ਹਸਪਤਾਲਾਂ 'ਚ 'ਰੋਬੋਟ' ਕਰ ਰਹੇ ਨੇ ਇਨਸਾਨਾਂ ਦੇ ਅਪਰੇਸ਼ਨ

## ਸਕੂਲਾਂ 'ਚ ਬੱਚਿਆਂ ਨੂੰ 'ਏ.ਆਈ.' ਸਿੱਖਿਆ ਦੇਣ ਵਾਲਾ ਪਹਿਲਾ ਸੂਬਾ ਬਣਿਆ 'ਪੰਜਾਬ'



ਜਗਮੋਹਨ ਸਿੰਘ 'ਲੱਕੀ'
9463819174

**ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੂਰੇ ਵਿਸ਼ਵ ਨੇ ਮੈਡੀਕਲ ਖੇਤਰ ਵਿੱਚ ਬਹੁਤ ਤਰੱਕੀ ਕੀਤੀ ਹੈ। ਵੱਖ-ਵੱਖ ਮੁਲਕਾਂ ਦੇ ਮਾਹਿਰ ਵਿਗਿਆਨੀ ਦਿਨ ਰਾਤ ਨਵੀਂਆਂ ਖੋਜਾਂ ਕਰਨ ਵਿੱਚ ਲੱਗੇ ਰਹਿੰਦੇ ਹਨ। ਇਹਨਾਂ ਵਿਗਿਆਨੀਆਂ ਵੱਲੋਂ ਨਵੀਂਆਂ ਕਾਢਾਂ ਮਨੁੱਖਤਾ ਦੀ ਭਲਾਈ ਲਈ ਕੀਤੀਆਂ ਜਾਂਦੀਆਂ ਹਨ ਜਦੋਂ ਕਿ ਇਹਨਾਂ ਵਿਗਿਆਨਕ ਖੋਜਾਂ ਦੀ ਦੁਰਵਰਤੋਂ ਹੋਣ ਦੀ ਚਰਚਾ ਵੀ ਅਕਸਰ ਹੋ ਜਾਂਦੀ ਹੈ। ਵੱਖ- ਵੱਖ ਮੁਲਕਾਂ ਦੀਆਂ ਸਰਕਾਰਾਂ ਵੱਲੋਂ ਆਪਣੇ ਵਿਗਿਆਨੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਉਹ ਚੰਗੀ ਤਰ੍ਹਾਂ ਆਪਣੇ ਖੋਜ ਕਾਰਜਾਂ ਨੂੰ ਜਾਰੀ ਰੱਖ ਸਕਣ।**

ਲੰਘੇ ਦਿਨੀਂ ਮੀਡੀਆ ਵਿੱਚ ਆਈਆਂ ਦੋ ਖ਼ਬਰਾਂ ਨੇ ਸਭ ਦਾ ਧਿਆਨ ਖਿੱਚਿਆ। ਪਹਿਲੀ ਖ਼ਬਰ ਅਨੁਸਾਰ ਸਾਡੇ ਮੁਲਕ ਦੇ ਇੱਕ ਹਸਪਤਾਲ ਵਿੱਚ ਇੱਕ ਮਰੀਜ਼ ਦਾ ਗੰਭੀਰ ਅਪਰੇਸ਼ਨ ਇੱਕ ਮਸ਼ੀਨੀ ਰੋਬੋਟ ਨੇ ਕੀਤਾ। ਦੂਜੇ ਕਮਰੇ ਵਿੱਚ ਬੈਠੇ ਮਾਹਿਰ ਡਾਕਟਰ ਰਿਮੋਟ ਰਾਹੀਂ ਇਸ ਰੋਬੋਟ ਨੂੰ ਕੰਟਰੋਲ ਕਰ ਰਹੇ ਸਨ। ਰੋਬੋਟ ਵੱਲੋਂ ਕੀਤਾ ਗਿਆ ਇਹ ਅਪਰੇਸ਼ਨ ਸਫ਼ਲ ਰਹਿਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸ ਨੂੰ 'ਮੈਡੀਕਲ ਕ੍ਰਾਂਤੀ' ਦਾ ਨਾਂਅ ਦਿੱਤਾ ਜਾ ਰਿਹਾ ਹੈ। ਦੂਜੀ ਖ਼ਬਰ ਅਨੁਸਾਰ ਪੰਜਾਬ ਸਰਕਾਰ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ 'ਏ.ਆਈ.' ਦੀ ਸਿੱਖਿਆ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਦਾਅਵੇ ਕਰ ਰਹੇ ਹਨ ਕਿ ਸਕੂਲਾਂ ਵਿੱਚ 'ਏ.ਆਈ.' ਦੀ ਸਿੱਖਿਆ ਦੇਣ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ। ਇਹ ਦੋਵੇਂ ਖ਼ਬਰਾਂ ਹੀ ਮਹੱਤਵਪੂਰਨ ਹਨ ਅਤੇ ਇਹਨਾਂ ਖ਼ਬਰਾਂ ਦਾ ਸਬੰਧ ਪੰਜਾਬ ਦੇ ਆਮ ਲੋਕਾਂ ਨਾਲ ਵੀ ਹੈ।

ਜੇ ਪੰਜਾਬ ਵਿੱਚ ਰੋਬੋਟ ਮਸ਼ੀਨਾਂ ਰਾਹੀਂ ਇਨਸਾਨਾਂ ਦਾ ਇਲਾਜ ਕਰਨ ਅਤੇ ਅਪਰੇਸ਼ਨ ਕਰਨ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਵੀ ਵੱਡੇ ਹਸਪਤਾਲਾਂ ਵੱਲੋਂ ਰੋਬੋਟ ਮਸ਼ੀਨਾਂ ਵੱਲੋਂ ਇਨਸਾਨਾਂ ਦੇ ਗੋਡਿਆਂ ਦੇ ਸਫ਼ਲ ਅਪਰੇਸ਼ਨ ਕੀਤੇ ਜਾਣ ਦੇ ਦਾਅਵੇ ਅਕਸਰ ਕੀਤੇ ਜਾਂਦੇ ਹਨ। ਵੱਖ ਵੱਖ ਪ੍ਰਾਈਵੇਟ ਹਸਪਤਾਲਾਂ ਵੱਲੋਂ ਇਸ ਸਬੰਧੀ ਵਿਸ਼ੇਸ਼ ਪੱਤਰਕਾਰ ਸੰਮੇਲਨ ਵੀ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਉਹਨਾਂ ਦੇ ਹਸਪਤਾਲਾਂ ਵਿੱਚ ਰੋਬੋਟ ਮਸ਼ੀਨਾਂ ਰਾਹੀਂ ਇਨਸਾਨਾਂ ਦੇ ਗੋਡੇ ਬਦਲਣ ਜਾਂ ਅਪਰੇਸ਼ਨ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ। ਵੇਖਣ ਵਿੱਚ ਆਇਆ ਹੈ ਕਿ ਵਿਦੇਸ਼ਾਂ ਵਿੱਚ ਰਹਿ ਰਹੇ ਅਨੇਕਾਂ ਪੰਜਾਬੀ ਬਜ਼ੁਰਗ ਆਪਣੇ





ਗੋਡਿਆਂ ਦੇ ਅਪਰੇਸ਼ਨ ਕਰਵਾਉਣ ਜਾਂ ਗੋਡੇ ਬਦਲਾਉਣ ਲਈ ਪੰਜਾਬ ਆਉਂਦੇ ਹਨ ਅਤੇ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਸਥਿਤ ਇਹਨਾਂ ਵੱਡੇ ਹਸਪਤਾਲਾਂ ਵਿੱਚ ਰੋਬੋਟ ਤਕਨੀਕ ਰਾਹੀਂ ਆਪਣਾ ਇਲਾਜ ਕਰਵਾਉਂਦੇ ਹਨ। ਕਿਹਾ ਜਾਂਦਾ ਹੈ ਕਿ ਰੋਬੋਟ ਤਕਨੀਕ ਰਾਹੀਂ ਇਨਸਾਨਾਂ ਦੇ ਗੋਡੇ ਬਦਲਾਉਣ ਜਾਂ ਅਪਰੇਸ਼ਨ ਕਰਵਾਉਣ 'ਤੇ ਲੱਖਾਂ ਰੁਪਏ ਖਰਚਾ ਆ ਜਾਂਦਾ ਹੈ ਪਰ ਆਪਣੀ ਸਹੂਲਤ ਨੂੰ ਵੇਖਦਿਆਂ ਐਨ.ਆਰ.ਆਈ.ਪੰਜਾਬੀ ਅਤੇ ਪੰਜਾਬ ਦੇ ਸਰਦੇ ਪੁੱਜਦੇ ਲੋਕ ਇਹ ਇਲਾਜ ਕਰਵਾਉਣ ਨੂੰ ਤਰਜੀਹ ਦਿੰਦੇ ਹਨ। ਦੂਜੇ ਪਾਸੇ ਪੰਜਾਬ ਦੇ ਕਈ ਸਰਕਾਰੀ ਹਸਪਤਾਲਾਂ ਵਿੱਚ ਵੀ ਇਨਸਾਨਾਂ ਦੇ ਗੋਡਿਆਂ ਦੇ ਸਫ਼ਲ ਅਪਰੇਸ਼ਨ ਅਤੇ ਹੋਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸਫਲ ਅਪਰੇਸ਼ਨ ਕਰਨ ਦੇ ਦਾਅਵੇ ਅਕਸਰ ਕੀਤੇ ਜਾਂਦੇ ਹਨ।

ਕੁਝ ਦਹਾਕੇ ਪਹਿਲਾਂ ਜਿਹੜੀਆਂ ਬਿਮਾਰੀਆਂ ਦਾ ਕੋਈ ਇਲਾਜ ਨਹੀਂ ਸੀ ਹੁੰਦਾ ਅਤੇ ਅਕਸਰ ਮਹਾਂਮਾਰੀਆਂ ਫੈਲ ਜਾਂਦੀਆਂ ਸਨ। ਹੁਣ ਉਹਨਾਂ ਬਿਮਾਰੀਆਂ ਦਾ ਇਲਾਜ ਨਵੀਂ ਤਕਨੀਕ ਨਾਲ ਆਸਾਨੀ ਨਾਲ ਹੋ ਸਕਦਾ ਹੈ। ਇੱਥੋਂ ਤੱਕ ਕਿ ਪੂਰੇ ਵਿਸ਼ਵ ਵਿੱਚ ਫੈਲੀ ਕੋਰੋਨਾ ਵਰਗੀ ਮਹਾਂਮਾਰੀ 'ਤੇ ਵੀ ਸਫਲਤਾ ਪੂਰਵਕ ਕਾਬੂ ਪਾ ਲਿਆ ਗਿਆ। ਜਦੋਂ ਕਿ ਇਸ ਬਿਮਾਰੀ ਦਾ ਪਹਿਲਾਂ ਕਿਸੇ ਨੇ ਨਾਂਅ ਵੀ ਨਹੀਂ ਸੀ ਸੁਣਿਆ ਪਰ ਜਿਵੇਂ ਹੀ ਇਹ ਮਹਾਂਮਾਰੀ ਫੈਲੀ, ਤੁਰੰਤ ਹੀ ਵਿਗਿਆਨੀਆਂ ਵੱਲੋਂ ਇਸ ਬਿਮਾਰੀ ਨੂੰ ਦੂਰ ਕਰਨ ਲਈ ਦਵਾਈਆਂ ਅਤੇ ਟੀਕੇ ਬਣਾ ਦਿੱਤੇ ਗਏ। ਮੈਡੀਕਲ ਖੇਤਰ ਵਿੱਚ ਸਾਡਾ ਮੁਲਕ ਬਹੁਤ ਤਰੱਕੀ ਕਰ ਚੁੱਕਿਆ ਹੈ, ਜਿਸ ਵਿੱਚ ਸਾਡਾ 'ਪੰਜਾਬ' ਵੀ ਸ਼ਾਮਲ ਹੈ।

ਜੇ ਹੁਣ 'ਏ.ਆਈ.' ਦੀ ਗੱਲ ਕੀਤੀ ਜਾਵੇ ਤਾਂ 'ਏ.ਆਈ.' ਹੁਣ ਹਰ ਖੇਤਰ ਵਿੱਚ ਦਾਖਲ ਹੋ ਚੁੱਕੀ ਹੈ। ਇੱਥੋਂ ਤੱਕ ਕਿ ਮੀਡੀਆ ਵਿੱਚ ਵੀ 'ਏ.ਆਈ.' ਆਪਣਾ ਵੱਡਾ ਅਸਰ ਦਿਖਾ ਰਹੀ ਹੈ। ਪ੍ਰਿੰਟ ਮੀਡੀਆ ਵਿੱਚ ਛਪਦੀਆਂ ਅਨੇਕਾਂ ਤਸਵੀਰਾਂ ਅਕਸਰ ਏ.ਆਈ. ਤਕਨੀਕ ਰਾਹੀਂ ਬਣਾਈਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਕਈ ਨਿਊਜ਼ ਅਦਾਰਿਆਂ ਵਿੱਚ ਪੱਤਰਕਾਰ ਏ.ਆਈ. ਦੀ ਸਹਾਇਤਾ ਨਾਲ ਖ਼ਬਰਾਂ ਅਤੇ ਆਰਟੀਕਲ ਬਣਾਉਂਦੇ ਹਨ। 'ਏ.ਆਈ.' ਤਕਨੀਕ ਨਾਲ ਵੀਡੀਓ ਨੂੰ ਵੀ ਐਡਿਟ ਕੀਤਾ ਜਾਂਦਾ ਹੈ। ਅੱਜ ਦੇ ਸਮੇਂ 'ਏ.ਆਈ.' ਦੀ ਵਰਤੋ ਹਰ ਪੱਧਰ 'ਤੇ ਕੀਤੀ ਜਾ ਰਹੀ ਹੈ। ਇਹੋ ਕਾਰਨ ਹੈ ਕਿ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ 'ਏ.ਆਈ.' ਦੀ ਸਿੱਖਿਆ ਦੇਣ ਦਾ ਐਲਾਨ ਕੀਤਾ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਆਉਣ ਵਾਲਾ ਸਮਾਂ 'ਏ.ਆਈ.' ਦਾ ਯੁੱਗ ਹੋਵੇਗਾ।

ਮੈਡੀਕਲ ਕ੍ਰਾਂਤੀ, ਵਿਗਿਆਨਕ ਖੋਜਾਂ ਅਤੇ ਏ.ਆਈ ਦੀ ਵਰਤੋ ਸਿਰਫ਼ ਮਨੁੱਖਤਾ ਦੀ ਭਲਾਈ ਲਈ ਕੀਤੀ ਜਾਣੀ ਚਾਹੀਦੀ ਹੈ ਅਤੇ ਇਹਨਾਂ ਦੀ ਦੁਰਵਰਤੋਂ ਰੋਕਣ ਲਈ ਵੀ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।










# ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਿਰਾਂ ਦਾ ਚੜ੍ਹਦੀ ਕਲਾ ਦਾ ਸਫ਼ਰ ਜਾਰੀ ਹੈ !



ਡਾ. ਗੁਰਵਿੰਦਰ ਸਿੰਘ

ਇਸ ਵੇਲੇ ਹਰ ਪਾਸੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦੀ ਚਰਚਾ ਹੋ ਰਹੀ ਹੈ। ਸਰਕਾਰੀ ਅੱਤਵਾਦ ਖ਼ਿਲਾਫ਼ ਕੀਤੇ ਸੰਘਰਸ਼ ਅਤੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਪੰਜਾਬ ਪੁਲਿਸ ਵੱਲੋਂ ਮਾਰ-ਮੁਕਾ ਕੇ ਲਾਵਾਰਿਸ ਲਾਸ਼ਾਂ ਕਰਾਰ ਦਿੱਤੇ ਜਾਣ ਦੇ ਜਬਰ-ਜ਼ੁਲਮ ਵਿਰੁੱਧ, ਭਾਈ ਖਾਲੜਾ ਵੱਲੋਂ ਨਿਭਾਈ ਭੂਮਿਕਾ ਇਤਿਹਾਸ ਦਾ ਸੁਨਹਿਰੀ ਪੰਨਾ ਹੈ। ਧੱਕੇਸ਼ਾਹੀ ਖਿਲਾਫ਼ ਭਾਈ ਖਾਲੜਾ ਨੂੰ ਜੂਝਣ ਦੀ ਪ੍ਰੇਰਣਾ ਜਿੱਥੇ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਮਿਲੀ, ਉੱਥੇ ਇਸ ਦੀ ਗੁੜ੍ਹਤੀ ਉਹਨਾਂ ਨੂੰ ਪਰਿਵਾਰਿਕ ਵਿਰਸੇ 'ਚੋਂ ਵੀ ਹਾਸਿਲ ਹੋਈ। ਦਰਅਸਲ ਭਾਈ ਖਾਲੜਾ ਦੇ ਦਾਦਾ ਜੀ, ਭਾਈ ਹਰਨਾਮ ਸਿੰਘ ਖਾਲੜਾ ਆਪਣੇ ਸਮੇਂ ਬ੍ਰਿਟਿਸ਼ ਬਸਤੀਵਾਦ ਖਿਲਾਫ਼ ਲੜੇ। ਉਹ ਕੈਨੇਡਾ ਦੀ ਧਰਤੀ ਤੋਂ ਨਸਲੀ ਵਿਤਕਰੇ ਅਧੀਨ ਮੋੜੇ ਗਏ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਅਗਵਾਈ ਵਾਸਤੇ ਬਣਾਈ ਗਈ ਪੰਜ ਮੈਂਬਰੀ ਕਮੇਟੀ ਵਿੱਚ ਸ਼ਾਮਿਲ ਸਨ। ਸ਼ਹੀਦ ਖਾਲੜਾ ਦੀ ਸਪੁੱਤਰੀ ਨਵਕਿਰਨ ਕੌਰ ਦੇ ਸ਼ਬਦ ਹਨ ਕਿ ਵੈਨਕੂਵਰ ਦੀ ਧਰਤੀ 'ਤੇ ਸਾਡੇ ਬਾਬੇ 112 ਵਰ੍ਹੇ ਪਹਿਲਾਂ ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਗੁਰੂ ਨਾਨਕ ਜਹਾਜ਼ ਦੇ ਵਿੱਚ ਲੈ ਕੇ ਆਏ ਸਨ। ਸਮੇਂ ਦੀ ਸਰਕਾਰ ਨੇ ਜਹਾਜ਼ ਵਿੱਚ ਸਵਾਰ ਯਾਤਰੂਆਂ ਨੂੰ ਕੈਨੇਡਾ ਵਿੱਚ ਉਤਰਨ ਨਹੀਂ ਸੀ ਦਿੱਤਾ, ਪਰ ਉਹ ਗੁਰੂ ਨਾਨਕ ਸਾਹਿਬ ਦੇ ਸੰਦੇਸ਼ ਨੂੰ ਨਹੀਂ ਰੋਕ ਸਕੇ। ਗੁਰੂ ਨਾਨਕ ਜਹਾਜ਼ ਵਿੱਚ ਆਏ ਸਾਡੇ ਬਾਬੇ ਵਿਦੇਸ਼ਾਂ ਵਿੱਚ ਵੱਸ ਰਹੇ ਸਿੱਖ ਪੰਥ ਨੂੰ 112 ਸਾਲਾਂ ਤੋਂ ਸਰਕਾਰੀ ਤੇ ਨਸਲੀ ਧੱਕਿਆਂ ਵਿਰੋਧ ਹਲੂਣਦੇ ਰਹੇ ਹਨ। ਰਹਿੰਦੀ ਦੁਨੀਆ ਤੱਕ, ਇਹ ਸਾਨੂੰ ਹਾਕਮ ਅੱਗੇ ਨਾ ਝੁਕਣ ਅਤੇ ਜ਼ੁਲਮ ਖਿਲਾਫ ਬਾਗ਼ੀ ਬਿਰਤੀ ਰੱਖਣ ਲਈ ਰਾਹ ਵਿਖਾਉਂਦੇ ਰਹਿਣਗੇ। ਇਸ ਜਹਾਜ਼ ਵਿੱਚ ਇੱਕ ਯਾਤਰੀ, ਮੇਰੇ ਪੜਦਾਦਾ ਜੀ ਸਰਦਾਰ ਹਰਨਾਮ ਸਿੰਘ ਖਾਲੜਾ ਸਨ। ਉਹ ਯਾਤਰੀਆਂ ਦੀ 5 ਮੈਂਬਰ ਕਮੇਟੀ ਦੇ ਮੈਂਬਰ ਸਨ ਅਤੇ ਹਾਂਗਕਾਂਗ, ਸ਼ੰਘਈ ਤੋਂ ਗ਼ਦਰ ਲਹਿਰ ਦੇ ਸਰਗਰਮ ਕਾਰਕੁੰਨ ਵੀ ਸਨ। ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੰਗਰਸ਼ ਵੱਲ ਖਿੱਚ ਦਾ ਸਭ ਤੋਂ ਵੱਡਾ ਯੋਗਦਾਨ, ਉਨ੍ਹਾਂ ਦੇ ਆਪਣੇ ਦਾਦਾ ਜੀ ਦਾ, ਗੁਰੂ ਨਾਨਕ ਜਹਾਜ਼ ਵਿੱਚ ਅਤੇ ਫਿਰ ਗ਼ਦਰ ਸੰਗਰਸ਼ ਵਿੱਚ ਨਿਭਾਇਆ ਰੋਲ ਸੀ। ਸ਼ਹੀਦ ਜਸਵੰਤ ਸਿੰਘ ਖਾਲੜਾ ਨੇ ਆਪਣੇ ਬਾਬੇ ਤੋਂ ਪ੍ਰਭਾਵਤ ਹੋ ਕੇ, 82-83 ਸਾਲਾਂ ਬਾਅਦ ਗੁਰੂ ਨਾਨਕ ਸਾਹਿਬ ਦੇ ਫਲਸਫੇ 'ਤੇ ਖੜ੍ਹ ਕੇ ਕੁਰਬਾਨੀ ਦਿੱਤੀ। ਇਹ ਸ਼ਾਇਦ ਬਾਬੇ ਹਰਨਾਮ ਸਿੰਘ ਵੱਲੋਂ ਵੈਨਕੂਵਰ ਦੀ ਬੰਦਰਗਾਹ 'ਤੇ ਘੇਰੇ ਹੋਏ ਗੁਰੂ ਨਾਨਕ ਜਹਾਜ਼ ਵਿੱਚੋਂ ਕੀਤੇ ਵਾਰਨਿੰਗ ਸ਼ੋਟਸ (ਗੋਲੀਆਂ) ਦੀ ਗੂੰਜ ਹੀ ਸੀ, ਜੋ 83 ਸਾਲ ਬਾਅਦ, ਉਨ੍ਹਾਂ ਦੇ ਪੋਤੇ ਨੂੰ ਉਸੇ ਦੇਸ਼ ਦੀ ਪਾਰਲੀਮੈਂਟ ਵਿੱਚ ਲੈ ਆਈ ਅਤੇ ਉਹ ਆਪਣੀ ਇੱਕ ਅਹਿਮ ਰਿਪੋਰਟ ਨਾਲ ਫਿਰ ਦੁਨੀਆ ਨੂੰ 'ਵਾਰਨਿੰਗ ਸ਼ੋਟਸ' ਸੁਣਾ ਕੇ ਹਲੂਣਾ ਦੇ ਗਿਆ। ਇਤਿਹਾਸ ਦਾ ਕਿਹੜਾ ਵਾਕਿਆ, ਕਿਹੜੇ ਵੇਲੇ ਕਿਸ ਸਿੱਖ ਨੂੰ ਪ੍ਰੇਰਿਤ ਕਰ ਕੇ ਮੁੜ ਇਤਿਹਾਸ ਰਚ ਦੇਵੇਗਾ, ਇਸ ਦਾ ਭੇਦ ਸ਼ਾਇਦ ਗੁਰੂ ਨਾਨਕ ਸਾਹਿਬ ਦੇ ਨਾਮ ਰੂਪੀ ਜਹਾਜ਼ 'ਤੇ ਚੜ੍ਹਨ ਵਾਲੇ ਹੀ ਸਮਝ ਸਕਣਗੇ। ਸਾਡੇ ਵਰਗੇ ਆਮ ਲੋਕ ਜੇ ਹੋਰ ਕੁਝ ਨਹੀਂ ਕਰ ਸਕਦੇ, ਤਾਂ ਸਿੱਖ ਇਤਿਹਾਸ ਵਿੱਚ ਵਾਪਰੀਆਂ ਇਨ੍ਹਾਂ ਵੱਡੀਆਂ ਅਤੇ ਅਹਿਮ ਘਟਨਾਵਾਂ ਨੂੰ 'ਸਹੀ ਰੂਪ ਵਿੱਚ ਯਾਦ' ਕਰਕੇ ਅਤੇ ਬੱਚਿਆਂ ਨੂੰ, ਸਾਡੇ ਅਮੀਰ ਵਿਰਸੇ ਬਾਰੇ ਦੱਸ ਕੇ, ਇਹ ਅਰਦਾਸ ਤਾਂ ਕਰ ਸਕਦੇ ਹਨ ਕਿ ਅੱਜ ਵੀ ਦੁਨੀਆ ਵਿੱਚ ਵੱਧ ਰਹੀ ਅਧਿਆਤਮਕ ਕੰਗਾਲੀ ਅਤੇ ਜ਼ੁਲਮ ਖਿਲਾਫ ਲੜਨ ਲਈ, ਸਿੱਖਾਂ ਵਿੱਚੋਂ ਗੁਰੂ ਨਾਨਕ ਜਹਾਜ਼ ਦੇ ਸਵਾਰ ਤਿਆਰ ਹੁੰਦੇ ਰਹਿਣ, ਜੋ ਭਾਵੇਂ ਬੰਦਰਗਾਹ ਤੋਂ ਹੀ ਮੋੜ ਦਿੱਤੇ ਜਾਣ, ਪਰ ਗੁਰੂ ਨਾਨਕ ਦੇ ਮਿਸ਼ਨ ਨੂੰ ਹਰ ਥਾਂ ਫੈਲਾ ਦੇਣ।



ਉਪਰੋਕਤ ਬਿਆਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ 23 ਜੁਲਾਈ 1914 ਨੂੰ ਕੈਨੇਡਾ ਦੀ ਧਰਤੀ ਤੋਂ ਨਸਲੀ ਧੱਕੇਸ਼ਾਹੀ ਰਾਹੀਂ ਮੋੜੇ ਗਏ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਚੜ੍ਹਦੀ ਕਲਾ ਦਾ ਸਫ਼ਰ ਜਾਰੀ ਹੈ। ਇਤਿਹਾਸ ਵਿੱਚ ਵਾਪਰੀਆਂ ਵੱਡੀਆਂ ਘਟਨਾਵਾਂ ਨੂੰ 'ਸਹੀ ਰੂਪ ਵਿੱਚ' ਜਾਣੂ ਕਰਵਾਇਆ ਜਾਣਾ ਚਾਹੀਦਾ ਹੈ। ਇਤਿਹਾਸ ਦੀ ਇਸ ਵੱਡੀ ਅਤੇ ਅਹਿਮ ਘਟਨਾਵਾਂ ਦਾ ਬਿਰਤਾਂਤ 'ਗੁਰੂ ਨਾਨਕ ਜਹਾਜ਼' ਦੇ ਰੂਪ ਵਿੱਚ ਚੇਤੇ ਕੀਤਾ ਜਾਣਾ ਹੀ ਸਹੀ ਹੈ। ਅਸਲੀ ਵਾਰਿਸ ਇਹ ਹੁੰਦੇ ਹਨ, ਜਿਹੜੇ ਪੁਰਖਿਆਂ ਦੇ ਸਹੀ ਪ੍ਰਸੰਗਾਂ ਨੂੰ ਨਹੀਂ ਭੁਲਾਉਂਦੇ ਅਤੇ ਸਮਾਂ ਆਉਣ 'ਤੇ ਉਹਨਾਂ ਦੇ ਕਦਮਾਂ 'ਤੇ ਚੱਲ ਕੇ ਸੱਚੇ ਵਾਰਿਸ ਹੋਣ ਦਾ ਦਾਅਵਾ ਸਾਬਿਤ ਕਰਦੇ ਹਨ। ਕੈਨੇਡਾ ਵਿੱਚ ਗੁਰੂ ਨਾਨਕ ਜਹਾਜ਼ ਦੇ ਵਾਰਿਸ ਪਰਿਵਾਰਾਂ ਦੀ ਅਗਵਾਈ ਕਰਨ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੇ ਵੰਸ਼ਜ਼ ਭਾਈ ਤੇਜਪਾਲ ਸਿੰਘ ਸੰਧੂ ਅਤੇ ਬਾਬਾ ਪੂਰਨ ਸਿੰਘ ਜਨੇਤਪੁਰ ਦੇ ਵੰਸ਼ਜ਼ ਭਾਈ ਰਾਜ ਸਿੰਘ ਤੂਰ ਸਮੇਤ ਅਨੇਕਾਂ ਹੋਰ ਵਾਰਿਸ ਪਰਿਵਾਰਾਂ ਤੋਂ ਇਲਾਵਾ, ਸਮੁੱਚੀ ਕੌਮ ਹੀ ਵਡੇਰਿਆਂ ਦੇ ਵਿਰਸੇ ਦੀ ਵਾਰਿਸ ਹੈ, ਬਸ਼ਰਤੇ ਉਹ ਸਹੀ ਬਿਰਤਾਂਤ ਨੂੰ ਜਾਣਨ ਵੀ ਅਤੇ ਇਸ 'ਤੇ ਪਹਿਰਾ ਵੀ ਦੇਣ। ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਚੜ੍ਹਦੀ ਕਲਾ ਦਾ ਸਫ਼ਰ ਇਸ ਪ੍ਰਸੰਗ 'ਚ ਵੱਖ-ਵੱਖ ਪਹਿਲੂ ਉਜਾਗਰ ਕਰਦਾ ਹੈ। ਇਸ ਪੱਖੋਂ ਦਸਤਾਵੇਜ਼ੀ, ਇਤਿਹਾਸਕ ਤੇ ਵਿਰਾਸਤੀ ਜਾਣਕਾਰੀ ਕੌਮੀ ਪਛਾਣ ਦੇ ਰੂਪ 'ਚ ਸਾਂਝੇ ਕਰ ਰਹੇ ਹਾਂ। ਕੈਨੇਡਾ ਦੀ ਫੈਡਰਲ ਮੁਆਫ਼ੀ 'ਚ ਕਾਮਾਗਾਟਾਮਾਰੂ ਦੀ ਥਾਂ, ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਨਾਂ ਬਹਾਲ ਕਰਾਉਣ ਦੀ ਮੰਗ ਕਿਉਂ ਕੀਤੀ ਜਾ ਰਹੀ ਹੈ, ਇਹ ਗੱਲ ਵੀ ਇੱਥੋਂ ਸਪੱਸ਼ਟ ਹੋ ਜਾਏਗੀ।

### 'ਗੁਰੂ ਨਾਨਕ ਜਹਾਜ਼' ਸਫ਼ਰ ਦੀ ਪਛਾਣ ਹੈ, ਕਾਮਾਗਾਟਾਮਾਰੂ ਕਿਰਾਏ ਵਾਲੇ ਬੇੜੇ ਦਾ ਨਾਂਅ ਹੈ

ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਬਣਾਈ। ਉਹਨਾਂ ਸਮੁੰਦਰੀ ਜਹਾਜ਼ ਕਿਰਾਏ 'ਤੇ ਲੈਣ ਲਈ ਕਈ ਬੇੜੇ ਦੇਖੇ ਤੇ ਆਖਿਰ ਨੂੰ ਜਪਾਨੀ ਕੰਪਨੀ 'ਕਾਮਾਗਾਟਾਮਾਰੂ ਸਟੀਮਸ਼ਿਪ ਕੰਪਨੀ' ਦੇ ਬੇੜੇ ਦੀ ਚੋਣ ਕੀਤੀ। ਅਪ੍ਰੈਲ 1914 ਨੂੰ ਹਾਂਗਕਾਂਗ ਤੋਂ ਰਵਾਨਾ ਹੋਣ ਤੋਂ ਪਹਿਲਾਂ ਉਹਨਾਂ ਕਿਰਾਏ 'ਤੇ ਲਏ ਬੇੜੇ ਅਤੇ ਸਫ਼ਰ ਦਾ ਨਾਂਅ, ਅਰਦਾਸ ਤੇ ਹੁਕਮਨਾਮਾ ਲੈ ਕੇ 'ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸਫ਼ਰ' ਰੱਖਿਆ। ਬੇੜੇ 'ਚ ਸਵਾਰ ਯਾਤਰੂਆਂ ਨੇ ਖ਼ੁਦ ਨੂੰ 'ਗੁਰੂ ਨਾਨਕ ਜਹਾਜ਼' ਦੇ ਮੁਸਾਫ਼ਿਰ ਐਲਾਨ ਕੀਤਾ। ਬਾਬਾ ਜੀ ਦੀ 1921 'ਚ ਲਿਖੀ ਕਿਤਾਬ 'ਗੁਰੂ ਨਾਨਕ ਜਹਾਜ਼' ਇਹ ਸੱਚਾਈ ਬਿਆਨ ਕਰਦੀ ਹੈ। ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸੱਚਾ-ਸੁੱਚਾ ਇਤਿਹਾਸ ਲਿਖਣ ਦਾ ਫੈਸਲਾ ਬਾਬਾ ਜੀ ਵਲੋਂ ਰੂਪੋਸ਼ੀ ਦੇ ਜੀਵਨ ਦੌਰਾਨ ਕੀਤਾ ਗਿਆ। ਬਾਬਾ ਗੁਰਦਿੱਤ ਸਿੰਘ ਨੇ ਇਸ ਸਬੰਧ ਵਿੱਚ 'ਗੁਰੂ ਨਾਨਕ ਜਹਾਜ਼' ਕਿਤਾਬ ਵਿੱਚ, ਹਰ ਥਾਂ 'ਤੇ ਜਹਾਜ਼ ਦਾ ਨਾਂਅ 'ਗੁਰੂ ਨਾਨਕ ਜਹਾਜ਼' ਹੀ ਲਿਖਿਆ ਹੈ। ਸਥਿਤੀ ਨੂੰ ਸਪਸ਼ਟ ਕਰਨ ਲਈ ਲੋੜ ਵੇਲੇ, 'ਕਾਮਾਗਾਟਾਮਾਰੂ' ਸ਼ਬਦ ਜੇਕਰ ਲਿਖਣਾ ਵੀ ਪਿਆ ਤਾਂ, 'ਗੁਰੂ ਨਾਨਕ ਜਹਾਜ਼' ਦੇ ਮਗਰੋਂ ਲਿਖਿਆ ਹੈ। ਇਹ ਕਿਤਾਬ ਸਮਕਾਲੀ ਬ੍ਰਿਟਿਸ਼ ਪੰਜਾਬ ਸਰਕਾਰ ਵੱਲੋਂ ਜ਼ਬਤ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਕਿਤਾਬ ਦੇ ਪਹਿਲੇ ਭਾਗ 'ਗੁਰੂ ਨਾਨਕ ਜਹਾਜ਼' ਅਤੇ ਦੂਜੇ ਭਾਗ 'ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਦੁੱਖ ਭਰੀ ਕਹਾਣੀ' 'ਤੇ ਸਮਕਾਲੀ ਪੰਜਾਬ ਸਰਕਾਰ ਨੇ ਪਾਬੰਦੀ ਲਗਾ ਦਿੱਤੀ। ਲੰਮਾ ਸਮਾਂ ਮਗਰੋਂ ਜਾ ਕੇ ਇਹ ਕਿਤਾਬ ਪਾਠਕਾਂ ਤੱਕ ਪਹੁੰਚਣ ਵਿੱਚ ਸੰਭਵ ਹੋ ਸਕੀ, ਜਿਸ ਦਾ ਉਪਰਾਲਾ ਇਸ ਕਿਤਾਬ ਦੇ ਸੰਪਾਦਕ ਡਾ. ਗੁਰਦੇਵ ਸਿੰਘ ਸਿੱਧੂ ਵੱਲੋਂ ਅਣਥੱਕ ਮਿਹਨਤ ਰਾਹੀਂ ਕੀਤਾ ਗਿਆ ਹੈ।

ਇੱਕ ਹੋਰ ਪ੍ਰਮਾਣ ਅਨੁਸਾਰ, ਕੈਨੇਡਾ ਦੇ ਇਤਿਹਾਸਕਾਰ ਡਾ. ਹਿਊ ਜੌਹਨਸਟਨ, ਪ੍ਰੋਫੈਸਰ, ਇਤਿਹਾਸ ਵਿਭਾਗ, ਸਾਈਮਨ ਫਰੇਜ਼ਰ ਯੂਨੀਵਰਸਿਟੀ, ਬੀਸੀ ਕੈਨੇਡਾ ਨੇ 1989 ਵਿੱਚ, ਗੁਰੂ ਨਾਨਕ ਜਹਾਜ਼ ਦੀ 75ਵੀਂ ਵਰੇ-ਗੰਢ 'ਤੇ ਇਹ ਲਿਖਿਆ ਕਿ 1914 ਦੀ ਬਸੰਤ ਵਿੱਚ, ਸਿੰਗਾਪੁਰ ਦੇ ਇੱਕ ਅਮੀਰ ਸਿੱਖ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿੱਚ, ਸਿੱਖਾਂ ਦੀ ਇੱਕ ਕਮੇਟੀ ਨੇ ਭਾਰਤੀ ਪ੍ਰਵਾਸੀਆਂ ਨੂੰ ਕੈਨੇਡਾ ਲਿਜਾਣ ਲਈ ਸਟੀਮਰ ਕਾਮਾਗਾਟਾ ਮਾਰੂ ਕਿਰਾਏ 'ਤੇ ਲਿਆ। ਉਨ੍ਹਾਂ ਵਿੱਚ ਉਦੇਸ਼ ਦੀ ਭਾਵਨਾ ਸੀ ਅਤੇ ਉਨ੍ਹਾਂ ਨੇ ਸਟੀਮਰ ਨੂੰ ਪਹਿਲੇ ਸਿੱਖ ਗੁਰੂ ਦੇ ਨਾਂਅ 'ਤੇ 'ਗੁਰੂ ਨਾਨਕ ਜਹਾਜ਼' ਕਿਹਾ।

ਇਹਨਾਂ ਹਵਾਲਿਆਂ ਮਗਰੋਂ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਜਹਾਜ਼ ਸਿੱਖਾਂ ਵੱਲੋਂ ਕਿਰਾਏ 'ਤੇ ਲਿਆ ਗਿਆ ਸੀ ਤੇ ਆਗੂ ਭਾਈ ਗੁਰਦਿੱਤ ਸਿੰਘ ਸਨ। ਮੁਸਾਫ਼ਿਰਾਂ ਨੇ ਵੱਡੇ ਉਦੇਸ਼ ਅਤੇ ਭਾਵਨਾ ਅਨੁਸਾਰ ਇਸ ਨੂੰ 'ਗੁਰੂ ਨਾਨਕ ਜਹਾਜ਼' ਦਾ ਨਾਂਅ ਦਿੱਤਾ। ਇਸੇ ਕਾਰਨ ਸਹੀ ਬਿਰਤਾਂਤ ਅਨੁਸਾਰ ਮੁਆਫ਼ੀ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੇ ਨਾਂਅ 'ਤੇ ਸਿੱਧੀ ਜਾਣੀ ਹੀ ਠੀਕ ਹੈ, ਨਾ ਕਿ ਕਿਰਾਏ 'ਤੇ ਲਏ ਗਏ ਸਮੁੰਦਰੀ ਬੇੜੇ ਕਾਮਾਗਾਟਾ ਮਾਰੂ ਦੇ ਨਾਂਅ 'ਤੇ। ਇਹ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਕੈਨੇਡਾ 'ਚ ਸਮੁੰਦਰੀ ਬੇੜਾ ਲਿਆਉਣ ਦਾ ਸੱਦਾ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਤੇ ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਹੁਰਾਂ ਨੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੂੰ ਦਿੱਤਾ ਸੀ, ਤਾਂ ਕਿ ਨਸਲੀ ਧੱਕੇਸ਼ਾਹੀ ਨੂੰ ਚੁਣੌਤੀ ਦਿੱਤੀ ਜਾ ਸਕੇ। ਇਹ ਸਫ਼ਰ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ 'ਚ ਕੀਤਾ ਗਿਆ, ਜਿਸ 'ਚ ਪੰਜਾਬੀ ਸਾਂਝੇ ਰੂਪ 'ਚ ਸ਼ਾਮਿਲ ਹੋਏ। ਗੁਰੂ ਨਾਨਕ ਜਹਾਜ਼ ਵਿੱਚ ਚਾਹੇ ਵੱਡੀ ਗਿਣਤੀ 'ਚ 341 ਸਿੱਖ ਮੁਸਾਫਿਰ ਸਨ, ਪਰ 24 ਮੁਸਲਮਾਨ ਤੇ 12 ਹਿੰਦੂ ਵੀ ਸਵਾਰ ਸਨ। ਸਾਰੇ ਸਾਂਝੇ ਪੰਜਾਬ ਤੋਂ ਸਨ। ਜਪਾਨੀ ਕੰਪਨੀ ਤੋਂ ਤਾਂ ਜਹਾਜ਼ ਕੇਵਲ ਕਿਰਾਏ 'ਤੇ ਲਿਆ ਗਿਆ ਸੀ, ਜਿਸ ਵਿੱਚ ਅਮਲੇ ਦੇ ਮੈਂਬਰ ਹੀ ਜਪਾਨੀ ਸਨ, ਨਾ ਕਿ ਕੋਈ ਵੀ ਮੁਸਾਫ਼ਿਰ ਜਪਾਨ ਦਾ ਸੀ। ਇਸ ਲਈ ਇਸ 'ਚ ਮੁਆਫ਼ੀ ਜਪਾਨੀ ਸ਼ਿਪ ਦੇ ਨਾਂਅ 'ਤੇ ਮੰਗਣਾ ਸਹੀ ਨਹੀਂ, ਇਹ ਸਾਂਝੇ ਪੰਜਾਬ ਦੇ 'ਗੁਰੂ ਨਾਨਕ ਜਹਾਜ਼' ਦੇ ਮੁਸਾਫਿਰਾਂ ਤੋਂ ਮੰਗੀ ਜਾਣੀ ਹੀ ਸਹੀ ਮੁਆਫ਼ੀ ਹੋ ਸਕਦੀ ਹੈ।

### ਸਮੁੰਦਰੀ ਬੇੜੇ ਦੇ ਅਨੇਕਾਂ ਨਾਂਅ, ਸਫ਼ਰ ਦਾ ਇੱਕੋ ਹੀ ਨਾਂਅ

ਇਹ ਤੱਥ ਹੈ ਕਿ ਸਮੁੰਦਰੀ ਬੇੜੇ (ਕਾਮਾਗਾਟਾਮਾਰੂ) ਦੇ ਨਾਂਅ ਉਸ ਦੀ ਮਾਲਕੀ ਮੁਤਾਬਿਕ ਬਦਲਦੇ ਰਹੇ ਹਨ। 13 ਅਗਸਤ 1890 'ਚ ਇਹ ਬੇੜਾ ਤਿਆਰ ਕਰਨ ਵੇਲੇ ਇਸ ਦਾ ਨਾਂਅ 'ਚਾਰਲਸ ਕੋਨੇਕ' ਰੱਖਿਆ ਗਿਆ। ਫਿਰ ਮਾਲਕੀ ਬਦਲਣ 'ਤੇ ਇਸ ਦਾ ਨਾਂਅ 'ਸਿਨਿਆਈ ਕਾਈਸਨ ਗੋਸ਼ੀ ਕੈਸੀਆ' ਪੈ ਗਿਆ। 1894 ਵਿੱਚ ਜਰਮਨ ਸ਼ਟਿਊਬਨਹੁੱਕ ਤੇ ਐੱਸ. ਐੱਸ. ਸੀਸੀਲੀਆ ਵੱਲੋਂ ਖਰੀਦਣ ਮਗਰੋਂ, ਜਹਾਜ਼ ਇਹਨਾਂ ਨਾਵਾਂ 'ਤੇ ਜਾਣਿਆ ਜਾਣ ਲੱਗਾ। ਫਿਰ ਇਸ ਨੂੰ ਹੈਮਬਰਗ ਤੇ ਅਮਰੀਕਨ ਲਾਈਨ ਨੇ ਖਰੀਦ ਲਿਆ। 1913 ਵਿੱਚ ਜਪਾਨੀ ਕੰਪਨੀ ਕਾਮਾਗਾਟਾ ਮਾਰੂ ਸਟੀਮਸ਼ਿਪ ਕੰਪਨੀ ਨੇ ਖ਼ਰੀਦ ਕੇ ਆਪਣਾ ਨਾਂਅ ਦੇ ਦਿੱਤਾ। 1924 ਵਿੱਚ ਇਸ ਦੀ ਮਾਲਕੀ ਬਦਲੀ ਤੇ ਨਾਂਅ 'ਹੀਏਨ ਮਾਰੂ' ਰੱਖ ਦਿੱਤਾ ਗਿਆ। ਇਹ ਬੇੜੇ ਦੇ ਮਾਲਕੀ ਅਨੁਸਾਰ ਵਾਰ-ਵਾਰ ਨਾਂਅ ਬਦਲੇ। ਜਦੋਂ ਮਾਰਚ 1914 ਤੋਂ ਸਤੰਬਰ 1914 ਤੱਕ ਦੇ ਸਮੇਂ ਲਈ ਇਹ ਜਹਾਜ਼ ਕਿਰਾਏ 'ਤੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਦੇ ਮਾਲਕ ਬਾਬਾ ਗੁਰਦਿੱਤ ਸਿੰਘ ਵੱਲੋਂ 66 ਹਜ਼ਾਰ ਡਾਲਰ ਦੇ ਕੇ ਲਿਆ ਗਿਆ, ਤਾਂ ਇਸ ਦੇ ਸਫ਼ਰ ਨੂੰ 'ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸਫ਼ਰ' ਨਾਂਅ ਦਿੱਤਾ ਗਿਆ। ਸਫ਼ਰ ਦਾ ਨਾਂਅ ਸਦਾ ਇਕੋ ਹੀ ਹੈ ਤੇ ਰਹੇਗਾ, ਜਦ ਕਿ ਬੇੜੇ ਦੇ ਨਾਂਅ ਬਦਲਦੇ ਰਹੇ ਹਨ। ਸੱਚ ਤਾਂ ਇਹ ਹੈ ਕਿ ਕਿਰਾਏ ਤੇ ਲਏ ਸਮੁੰਦਰੀ ਬੇੜੇ ਦੇ ਵੱਖ-ਵੱਖ ਸਮੇਂ ਰੱਖੇ ਗਏ ਵੱਖ-ਵੱਖ ਨਾਵਾਂ ਨਾਲ ਸਫ਼ਰ ਨਾਲ ਕੋਈ ਵਾਸਤਾ ਨਹੀਂ। ਸਫ਼ਰ ਦਾ ਇਕੋ ਹੀ ਨਾਂ ਹੈ ਅਤੇ ਕੈਨੇਡਾ ਦੀ ਫੈਡਰਲ ਮੁਆਫ਼ੀ ਦੀ ਸੋਧ, ਇਸ ਨਾਂਅ 'ਗੁਰੂ ਨਾਨਕ ਜਹਾਜ਼' 'ਤੇ ਹੋਣੀ ਚਾਹੀਦੀ ਹੈ।

### ਮੁਆਫ਼ੀ ਦਸਤਾਵੇਜ਼ੀ ਰਿਕਾਰਡ ਤੋਂ ਨਹੀਂ, ਮੁਸਾਫਿਰਾਂ ਦੇ ਸਫ਼ਰ ਤੋਂ ਮੰਗੀ ਜਾਂਦੀ ਹੈ।

ਦਸਤਾਵੇਜ਼ੀ ਰਿਕਾਰਡ, ਆਰਕਾਈਵਜ਼, ਸਰਕਾਰੀ ਹਵਾਲੇ ਮੈਰੀ ਟਾਈਮ ਲਈ ਲੋੜੀਂਦੇ ਹਨ, ਨਾ ਕਿ ਨਸਲਵਾਦੀ ਵਿਤਕਰੇ ਦੀ ਮੁਆਫ਼ੀ ਇਹਨਾਂ ਤੋਂ ਮੰਗੀ ਜਾਵੇ। ਜਦੋਂ ਕੋਈ ਇਹ ਆਖਦਾ ਹੈ ਕਿ ਕਾਮਾਗਾਟਾਮਾਰੂ ਤੋਂ ਮੁਆਫ਼ੀ ਮੰਗੀ, ਤਾਂ ਬੌਧਿਕਤਾ 'ਤੇ ਪ੍ਰਸ਼ਨ ਚਿੰਨ੍ਹ ਲੱਗਦਾ ਹੈ। ਦਸਤਾਵੇਜ਼ੀ ਰਿਕਾਰਡ ਦਰਜ ਕਰਨ ਲਈ ਹੁੰਦੇ ਹਨ, ਜਦ ਕਿ ਗ਼ਲਤੀਆਂ ਸੋਧਣ ਵੇਲੇ ਰਿਕਾਰਡਾਂ ਦੇ ਨਾਂਵਾਂ 'ਤੇ ਮੁਆਫ਼ੀਆਂ ਨਹੀਂ ਮੰਗੀਆਂ ਜਾਂਦੀਆਂ। ਅਜਿਹਾ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਹੋਇਆ। ਵਾਹਨਾਂ ਦੇ ਨਾਂ ਨਾਲੋਂ, ਘਟਨਾਕ੍ਰਮ ਦਾ ਨਾਂਅ ਪ੍ਰਮੁੱਖ ਹੁੰਦਾ ਹੈ। ਪਰ ਇੱਥੇ ਸਹੀ ਬਿਰਤਾਂਤ ਨੂੰ ਛੱਡ ਕੇ, ਬੇੜੇ ਦਾ ਨਾਂਅ ਮੂਹਰੇ ਰੱਖ ਦਿੱਤਾ ਗਿਆ। ਫੈਡਰਲ ਮੁਆਫ਼ੀ ਦੀ ਸੋਧ ਇਸ ਲਈ ਜ਼ਰੂਰੀ ਹੈ, ਕਿਉਂਕਿ ਕਾਮਾਗਾਟਾਮਾਰੂ ਦਸਤਾਵੇਜ਼ੀ ਅਤੇ ਕਾਗਜ਼ਾਂ ਵਿਚਲਾ ਨਾਂ ਹੈ, ਜਦ ਕਿ, 'ਗੁਰੂ ਨਾਨਕ ਜਹਾਜ਼' ਮੁਸਾਫ਼ਿਰਾਂ ਦੇ ਸਫ਼ਰ ਦੀ ਪਛਾਣ ਹੈ।

### 'ਗੁਰੂ ਨਾਨਕ ਜਹਾਜ਼' ਨਾਂਅ ਬਦਲ ਕੇ ਨਹੀਂ ਰੱਖਿਆ, ਬਹਾਲ ਕੀਤਾ ਗਿਆ ਹੈ

ਵੈਨਕੂਵਰ 'ਚ ਸਮੁੰਦਰੀ ਤੱਟ 'ਤੇ 'ਗੁਰੂ ਨਾਨਕ ਜਹਾਜ਼ ਮੈਮੋਰੀਅਲ' ਦੇ ਨਾਂਅ 'ਤੇ, ਜਦੋਂ ਨਵਾਂ ਸਮਾਰਕ ਸਥਾਪਤ ਕੀਤਾ ਗਿਆ, ਤਾਂ ਕਈਆਂ ਨੇ ਪ੍ਰਚਾਰ ਕੀਤਾ ਕਿ ਕਾਮਾਗਾਟਾਮਾਰੂ ਦਾ ਨਾਂਅ ਬਦਲ ਦਿੱਤਾ ਗਿਆ ਹੈ। ਉਹ ਇਹ ਭੁੱਲ ਗਏ ਕਿ ਨਾਂਅ ਬਦਲ ਕੇ ਨਹੀਂ ਰੱਖਿਆ ਗਿਆ, ਬਲਕਿ 'ਗੁਰੂ ਨਾਨਕ ਜਹਾਜ਼' ਨਾਂਅ ਮੁਸਾਫ਼ਿਰਾਂ ਵੱਲੋਂ ਯਾਤਰਾ ਸ਼ੁਰੂ ਕਰਨ ਸਮੇਂ ਹੀ ਦੇ ਦਿੱਤਾ ਗਿਆ ਸੀ। ਸਾਡੇ ਲੇਖਕਾਂ ਤੇ ਸਿਆਸਤਦਾਨਾਂ ਨੇ ਇਸ ਸੱਚ ਨੂੰ ਅਣਗੌਲਿਆ ਕਰ ਦਿੱਤਾ ਤੇ ਬ੍ਰਿਟਿਸ਼ ਕਲੋਨੀਅਲ ਰਿਕਾਰਡਾਂ ਵਿੱਚਲੇ ਬੇੜੇ ਦੇ ਨਾਂਅ 'ਕਾਮਾਗਾਟਾਮਾਰੂ' ਨੂੰ ਹੀ ਮੂਹਰੇ ਰੱਖਿਆ। ਹੁਣ 112 ਸਾਲ ਮਗਰੋਂ ਵੈਨਕੂਵਰ ਸਿਟੀ ਕੌਂਸਲ, ਪਾਰਕ ਕੌਂਸਲ ਤੇ ਕਈ ਹੋਰਨਾਂ ਵੱਲੋਂ ਵੀ 'ਗੁਰੂ ਨਾਨਕ ਜਹਾਜ਼' ਸ਼ਬਦ ਵਰਤਿਆ ਗਿਆ ਹੈ। ਇਹ ਨਵਾਂ ਨਾਂਅ ਨਾ ਸਮਝਿਆ ਜਾਵੇ, ਸਗੋਂ ਬਹਾਲ ਕੀਤਾ ਗਿਆ ਸਮਝਿਆ ਜਾਵੇ। ਹੁਣ ਫੈਡਰਲ ਮੁਆਫ਼ੀ 'ਚ ਇਸੇ ਤਰਜ਼ 'ਤੇ 'ਗੁਰੂ ਨਾਨਕ ਜਹਾਜ਼' ਨਾਂਅ ਬਹਾਲ ਕੀਤਾ ਜਾਣਾ ਜ਼ਰੂਰੀ ਹੈ, ਤਾਂ ਕਿ 112 ਸਾਲ ਮਗਰੋਂ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਨੂੰ ਉਹਨਾਂ ਦੀ ਸਹੀ ਪਛਾਣ ਦਿੱਤੀ ਜਾ ਸਕੇ। ਅਜਿਹਾ ਹੋਣ 'ਚ ਦੇਰੀ ਮੁਸਾਫ਼ਿਰਾਂ ਦਾ ਘੋਰ ਨਿਰਾਦਰ ਹੈ।

'ਗੁਰੂ ਨਾਨਕ ਜਹਾਜ਼' ਨਾਂਅ ਵਰਤਣ ਦਾ ਮਤਲਬ, 'ਕਾਮਾਗਾਟਾਮਾਰੂ' ਮਿਟਾਉਣਾ ਨਹੀਂ

ਦਰਅਸਲ 'ਗੁਰੂ ਨਾਨਕ ਜਹਾਜ਼' ਪੰਜਾਬ ਦੇ ਮੁਸਾਫਿਰਾਂ ਵੱਲੋਂ ਸਫ਼ਰ ਲਈ ਦਿੱਤਾ ਗਿਆ ਨਾਂਅ ਹੈ। ਮੁਸਾਫਿਰਾਂ ਨੇ ਜਹਾਜ਼ ਕਿਰਾਏ 'ਤੇ ਲੈ ਕੇ ਉਵੇਂ ਹੀ ਇਹ ਨਾਂਅ ਦਿੱਤਾ, ਜਿਵੇਂ ਅਸੀਂ ਕੋਈ ਵਾਹਨ ਜਾਂ ਜਗ੍ਹਾ ਲੀਜ਼ ਆਦਿ 'ਤੇ ਲੈ ਕੇ, ਉਸ ਨੂੰ ਆਪਣਾ ਨਾਂਅ ਦਿੰਦੇ ਹਾਂ। 'ਗੁਰੂ ਨਾਨਕ ਜਹਾਜ਼' ਨਾਂਅ ਬਾਬਾ ਗੁਰਦਿੱਤ ਸਿੰਘ ਅਤੇ ਸਮੂਹ ਮੁਸਾਫਿਰ ਭਾਈਆਂ ਨੇ, ਭਾੜੇ 'ਤੇ ਜਹਾਜ਼ ਲੈ ਕੇ ਵੱਡੀ ਭਾਵਨਾ ਅਤੇ ਉਦੇਸ਼ ਅਨੁਸਾਰ ਰੱਖਿਆ ਸੀ। ਇਸ ਦਾ ਮਤਲਬ ਇਹ ਨਹੀਂ ਕਿ ਗੁਰੂ ਨਾਨਕ ਜਹਾਜ਼ ਨਾਂਅ ਬਹਾਲ ਕਰਨ ਦਾ ਉਦੇਸ਼, 'ਕਾਮਾਗਾਟਾਮਾਰੂ' ਨਾਂਅ ਮਿਟਾਉਣਾ ਹੈ। ਇਹ ਦਲੀਲ ਬਿਲਕੁਲ ਗ਼ਲਤ ਹੈ ਕਿਉਂਕਿ ਕਾਮਾਗਾਟਾਮਾਰੂ ਕੰਪਨੀ ਦਾ ਇਹ ਜਹਾਜ਼ ਸੀ, ਇਸ ਲਈ ਸਰਕਾਰਾਂ, ਅਕਾਦਮਿਕਾਂ ਅਤੇ ਕੰਪਨੀ ਵਾਲਿਆਂ ਵੱਲੋਂ ਪੁਰਾਣੇ ਦਸਤਾਵੇਜ਼ਾਂ 'ਚ ਇਹੀ ਨਾਂਅ ਦਰਜ ਹੈ ਤੇ ਇਸੇ ਤਰ੍ਹਾਂ ਹੀ ਰਹੇਗਾ। 'ਗੁਰੂ ਨਾਨਕ ਜਹਾਜ਼' ਨਾਂਅ ਬਹਾਲ ਕਰਾਉਣ ਅਤੇ ਅਪਣਾਉਣ ਦਾ ਅਰਥ ਦਸਤਾਵੇਜ਼ਾਂ 'ਚੋਂ ਕਾਮਾਗਾਟਾਮਾਰੂ ਨਾਂਅ ਮਿਟਾਉਣਾ ਨਹੀਂ ਹੈ। ਇਹ ਮੁੱਦਾ ਹੀ ਨਹੀਂ। ਮੁੱਦਾ ਹੈ ਕਿ ਯਾਤਰਾ ਨੂੰ ਮੁਸਾਫਿਰਾਂ ਵੱਲੋਂ ਦਿੱਤੇ ਨਾਂਅ ਨਾਲ ਚੇਤੇ ਕੀਤਾ ਜਾਵੇ। ਇਸ ਦਾ ਬਿਰਤਾਂਤ ਸਹੀ ਰੱਖਿਆ ਜਾਵੇ, ਨਾ ਕਿ ਕਿਰਾਏ ਵਾਲੇ ਜਹਾਜ਼ ਦੇ ਕਾਰਪੋਰੇਟ ਅਦਾਰੇ ਦੀ ਪਛਾਣ ਅੱਗੇ ਰੱਖੀ ਜਾਵੇ। ਜਨ-ਸਮੂਹ ਦੇ ਬਿਰਤਾਂਤ ਅਤੇ ਯਾਦ ਦੀ ਤਰਜਮਾਨੀ, ਉਸ ਦੀ ਪਛਾਣ ਵਾਲੀ ਸ਼ਬਦਾਵਲੀ ਤੋਂ ਹੀ ਹੁੰਦੀ ਹੈ, ਕਾਰਪੋਰੇਟ ਅਤੇ ਕੋਲੋਨੀਅਲ ਸ਼ਬਦਾਵਲੀ ਤੋਂ ਨਹੀਂ। ਸਹੀ ਢੰਗ ਨਾਲ ਮੰਗੀ ਮੁਆਫ਼ੀ ਯਾਤਰੂਆਂ ਨਾਲ ਹੋਏ ਨਸਲਵਾਦ ਖਿਲਾਫ ਵੱਡੇ ਸੰਘਰਸ਼ ਦੀ ਭੂਮਿਕਾ ਹੈ। ਮੁਆਫ਼ੀ ਕਲੋਨੀਅਲ ਦਰਜਾਬੰਦੀ ਦੀ ਸ਼ਬਦਾਵਲੀ 'ਚ ਕੈਦ ਹੋ ਕੇ, ਕੈਨੇਡੀਅਨ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਪੂਰਾ ਨਹੀਂ ਕਰ ਸਕਦੀ। ਕਾਮਾਗਾਟਾਮਾਰੂ ਦਾ ਦੁਖਾਂਤ, ਕਾਮਾਗਾਟਾਮਾਰੂ ਤੋਂ ਮੁਆਫ਼ੀ, ਕਾਮਾਗਾਟਾਮਾਰੂ ਦੀ ਯਾਤਰਾ ਆਦਿ ਸ਼ਬਦ ਪੰਜਾਬੀਆਂ ਦੀ ਸਾਂਝੀ ਪਛਾਣ ਦਾ ਪ੍ਰਗਟਾਵਾ ਨਹੀਂ ਕਰਦੇ। ਪੰਜਾਬ ਤੋਂ ਕੈਨੇਡਾ ਆ ਕੇ ਨਸਲਵਾਦ ਦਾ ਸਾਹਮਣਾ ਕਰਨ ਵਾਲੇ ਮੁਸਾਫਿਰਾਂ ਦਾ ਪ੍ਰਗਟਾਵਾ 'ਗੁਰੂ ਨਾਨਕ ਜਹਾਜ਼' ਦੇ ਸ਼ਬਦ ਨਾਲ ਹੀ ਹੁੰਦਾ ਹੈ। ਇਸ ਲਈ ਯਾਤਰੂਆਂ ਦੀ ਪਛਾਣ ਨੂੰ ਧਿਆਨ ਵਿੱਚ ਰੱਖਦੇ ਹੋਏ ਕੈਨੇਡਾ ਦੀ ਸਰਕਾਰ ਨੂੰ ਮੁਆਫ਼ੀਨਾਮੇ ਵਿੱਚ ਸੋਧ ਕਰਨ ਦੀ ਲੋੜ ਹੈ। 'ਗੁਰੂ ਨਾਨਕ' ਸ਼ਬਦ ਨਸਲਵਾਦ ਖਿਲਾਫ ਲੜਨ ਦੀ ਪ੍ਰੇਰਨਾ ਵੀ ਹੈ ਅਤੇ ਮਾਰਗਦਰਸ਼ਨ ਵੀ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

### 31 ਜੁਲਾਈ ਨੂੰ ਸ਼ਹੀਦੀ ਦਿਵਸ ’ਤੇ ਵਿਸ਼ੇਸ਼


# ਸ਼ਹੀਦ-ਏ-ਆਜ਼ਮ ਸ੍ਰ. ਊਧਮ ਸਿੰਘ

ਸ੍ਰ. ਊਧਮ ਸਿੰਘ ਗਦਰ ਲਹਿਰ ਦਾ ਰਾਸ਼ਟਰੀ ਕ੍ਰਾਂਤੀਕਾਰੀ ਹੋਇਆ ਹੈ। ਗਦਰ ਲਹਿਰ ਹਿੰਦੁਸਤਾਨ ਦੀ ਆਜ਼ਾਦੀ ਲਈ ਅਮਰੀਕਾ ਵਿੱਚ ਸਰਗਰਮ ਹੋਈ , ਸਭ ਤੋਂ ਵੱਧ ਫਾਂਸੀਆਂ ਅਤੇ ਉਮਰ ਕੈਦ ਦੀਆਂ ਸਜਾਵਾਂ ਇਸੇ ਲਹਿਰ ਹੇਠ ਹੋਈਆਂ। ਸ਼ਹਾਦਤਾਂ ਦੇ ਇਸ ਅਮੀਰ ਵਿਰਸੇ ਵਿੱਚ ਊਧਮ ਸਿੰਘ ਦਾ ਇਕ ਉੱਘਾ ਨਾਉਂ ਹੈ। ਉਸ ਨੂੰ ਲੈਫਟੀਨੈਂਟ ਗਵਰਨਰ ਪੰਜਾਬ ਮਾਈਕਲ ਫਰਾਂਸਿਸ ਉਡਵਾਇਰ ਨੂੰ ਮਾਰਨ ਤੇ ਸੰਸਾਰ ਵਿੱਚ ਪ੍ਰਸਿੱਧੀ ਮਿਲੀ ਜੋ ਜਲਿਆਂਵਾਲਾ ਬਾਗ ਅੰਮ੍ਰਿਤਸਰ ਦੇ ਸਾਕੇ ਦਾ ਦੋਸ਼ੀ ਸੀ।

ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿੱਚ ਪਿਤਾ ਟਹਿਲ ਸਿੰਘ ਜੰਮੂ ਅਤੇ ਮਾਤਾ ਨਰੈਣ ਕੌਰ ਦੇ ਘਰ ਹੋਇਆ। ਬਚਪਣ ਨਾ ਨਾਮ ਸ਼ੇਰ ਸਿੰਘ ਸੀ। ਪਿਤਾ ਇਕ ਕਿਸਾਨ ਪ੍ਰਵਾਰ ਤੋਂ ਸਨ। ਜੋ ਰੇਲਵੇ ਸੈਨਾ ਵਿੱਚ ਪਿੰਡ ਉਪਾਲੀ ਵਿਖੇ ਤਾਇਨਾਤ ਸਨ। ਵੱਡੇ ਭਰਾ ਦਾ ਨਾਮ ਮੁਕਤਾ ਸਿੰਘ ਸੀ। ਸੰਨ 1901 ਵਿੱਚ ਉਹਨਾਂ ਦੇ ਮਾਤਾ ਜੀ ਦੀ ਮੌਤ ਹੋ ਗਈ। ਉਹਨਾਂ ਨੇ ਪਿਤਾ ਜੀ ਵੀ 1907 ਵਿੱਚ ਅਕਾਲ ਚਲਾਣਾ ਕਰ ਗਏ। ਉਹ ਦੋਵੇਂ ਭਰਾ 24 ਅਕਤੂਬਰ 1907 ਨੂੰ ਕੇਂਦਰੀ ਖਾਲਸਾ ਯਤੀਮਖਾਨਾ ਪੁਤਲੀਘਰ ਅੰਮ੍ਰਿਤਸਰ ਦਾਖਲ ਹੋ ਗਏ। ਉਹਨਾਂ ਨੂੰ ਸਿੱਖ ਧਰਮ ਦੀ ਸਿਖਿਆ ਮਿਲੀ। ਜਿਥੇ ਸ਼ੇਰ ਸਿੰਘ ਨੂੰ ਊਧਮ ਸਿੰਘ ਨਾਉਂ ਮਿਲਿਆ। ਭਰਾ ਮੁਕਤਾ ਸਿੰਘ ਨੂੰ ਸਾਧੂ ਸਿੰਘ ਨਾਉਂ ਮਿਲਿਆ। ਪਰ 1917 ਵਿੱਚ ਵੱਡੇ ਭਰਾ ਦੀ ਮੌਤ ਹੋ ਗਈ। ਊਧਮ ਸਿੰਘ ਦੀ ਉਮਰ 17 ਕੁ ਸਾਲ ਸੀ ਜਦੋਂ ਉਹ ਇਕੱਲਾ ਰਹਿ ਗਿਆ। ਸੰਨ 1918 ਵਿੱਚ ਊਧਮ ਸਿੰਘ ਨੇ ਦਸਵੀਂ ਪਾਸ ਕਰ ਲਈ। ਤਦ ਉਸਨੇ ਯਤੀਮਖਾਨਾ ਛੱਡ ਦਿੱਤਾ। ਉਸ ਨੂੰ ਆਪਣੇ ਦੁਆਲੇ ਅੰਗਰੇਜ਼ੀ ਸਾਮਰਾਜ ਦੀਆਂ ਕੋਝੀਆਂ ਚਾਲਾਂ ਦੀ ਸਮਝ ਆਉਣ ਲੱਗੀ। ਉਹ ਇੱਕ ਗੰਭੀਰ ਵਿਚਾਰਾਂ ਦਾ ਬਣ ਗਿਆ।

ਅਪ੍ਰੈਲ 10,1919 ਨੂੰ ਰੋਲਟ ਐਕਟ ਦੇ ਵਿਰੋਧ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਆਗੂ ਗ੍ਰਿਫ਼ਤਾਰ ਹੋਏ। ਕਰਨਲ ਰੈਗੀਨਾਲਡ ਡਾਇਰ ਨੇ ਸਮੂਹ ਇਕੱਠਾਂ ’ਤੇ ਪਾਬੰਦੀ ਲਗਾ ਦਿੱਤੀ। ਲੋਕ ਰੋਸ ਪ੍ਰਦਰਸ਼ਨ ਲਈ ਜਲਿਆਂਵਾਲਾ ਬਾਗ ਵਿੱਚ ਸ਼ਾਂਤੀਪੂਰਵਕ ਇਕੱਠੇ ਹੋਏ। ਕਰਨਲ ਡਾਇਰ ਦੀਆਂ ਫ਼ੌਜਾਂ ਨੇ ਬਾਗ ਦਾ ਇੱਕੋ ਰਸਤਾ ਬੰਦ ਕਰਕੇ ਬਿਨਾ ਕਿਸੇ ਚਿਤਾਵਨੀ ਦੇ ਨਿਹੱਥੇ ਲੋਕਾਂ ਤੇ ਉਦੋਂ ਤਕ ਗੋਲੀ ਚਲਾਈ ਜਦੋਂ ਤਕ ਅਸਲਾ ਮੁੱਕ ਨਹੀਂ ਗਿਆ। ਕਾਂਗਰਸ ਨੇ ਦੱਸਿਆ ਕਿ 1000ਦੀ ਮੌਤ ਹੋਈ ਅਤੇ 1500 ਜ਼ਖਮੀ ਹੋਏ।

ਊਧਮ ਸਿੰਘ ਉਸ ਦਿਨ ਇਕੱਠ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਿਹਾ ਸੀ। ਉਸਨੇ ਮਨ ਤੇ ਇਸ ਖੂਨੀ ਸਾਕੇ ਦਾ ਡੂੰਘਾ ਸਦਮਾ ਲੱਗਿਆ। ਉਸਨੇ ਪ੍ਰਣ ਕੀਤਾ ਕਿ ਉਹ ਇਸ ਖੂਨੀ ਸਾਕੇ ਦਾ ਬਦਲਾ ਜ਼ਰੂਰ ਲਵੇਗਾ। ਗੁੱਸੇ ਅਤੇ ਬਦਲੇ ਦੀ ਭਾਵਨਾ ਨਾਲ ਉਹ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਵਿੱਚ ਕੁੱਦ ਗਿਆ। ਉਹ ਸਭ ਤੋਂ ਪਹਿਲਾਂ ਪੂਰਬੀ ਅਫ਼ਰੀਕਾ ਵਿੱਚ ਗਿਆ। ਉਸਨੇ ਉਡਵਾਇਰ ਨੂੰ ਮਾਰਨ ਦਾ ਸੰਘਰਸ਼ ਸ਼ੁਰੂ ਕਰ ਲਿਆ। ਅਮਰੀਕਾ ਪਹੁੰਚਿਆ ਤਾਂ ਉਸ ਦੀ ਮੁਲਾਕਾਤ ਗਦਰੀ ਬਾਬਿਆਂ ਨਾਲ ਹੋ ਗਈ। ਸੰਨ 1924 ਵਿੱਚ ਉਹ ਗਦਰ ਲਹਿਰ ਵਿੱਚ ਸ਼ਾਮਲ ਹੋ ਗਿਆ। ਗਦਰ ਲਹਿਰ ਦੀਆਂ ਸਰਗਰਮੀਆਂ ਵਿੱਚ ਉਹ ਅਮਰੀਕਾ ਦੂਰ ਦੂਰ ਤਕ ਘੁੰਮਿਆ। ਗੁਪਤ ਵਿਚਰਦਿਆਂ ਉਸ ਦੇ ਨਾਉਂ ਸਨ-ਉਦੈ ਸਿੰਘ, ਸ਼ੇਰ ਸਿੰਘ ਤੇ ਫਰੈਂਕ ਬਰਾਜੀਲ ਆਦਿ।



ਸ੍ਰ. ਭਗਤ ਸਿੰਘ ਦੇ ਕਹਿਣ ਤੇ ਉਹ 1927 ਵਿੱਚ ਅਸਲੇ ਸਮੇਤ ਆਪਣੇ 25 ਸਾਥੀਆਂ ਨਾਲ ਭਾਰਤ ਪਰਤ ਆਇਆ ਪਰ ਉਸੇ ਸਾਲ ਨਾਜਾਇਜ਼ ਹਥਿਆਰ ਰੱਖਣ ਦੇ ਜੁਰਮ ਵਿੱਚ ਕੈਦ ਰਿਹਾ। ਅਕਤੂਬਰ 1931 ਨੂੰ ਰਿਹਾਅ ਹੋਇਆ। ਉਸ ਨੂੰ ਪਤਾ ਲੱਗਿਆ ਕਿ ਬ੍ਰਿਗੇਡੀਅਰ ਜਨਰਲ ਡਾਇਰ ਦੀ 1927 ਵਿੱਚ ਬ੍ਰਿਟੇਨ ਵਿੱਚ ਮੌਤ ਹੋ ਗਈ ਹੈ। ਉਸ ਦੇ ਸਾਥੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਵੀ 23 ਮਾਰਚ 1931 ਨੂੰ ਫਾਂਸੀ ਹੋ ਗਈ ਹੈ।

ਉਹ ਸੁਨਾਮ ਰਹਿਣ ਲੱਗਿਆ। ਉਹ ਪੁਲਿਸ ਦੀ ਨਿਗਰਾਨੀ ਹੇਠ ਸੀ ਕਿਉਂਕਿ ਉਸ ਦੇ ਸਬੰਧ ਭਗਤ ਸਿੰਘ ਦੀ ਕ੍ਰਾਂਤੀਕਾਰੀ ਪਾਰਟੀ ਹਿੰਦੁਸਤਾਨ ਸ਼ੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਨਾਲ ਸਨ। ਉਸਨੇ ਮੁਹੰਮਦ ਸਿੰਘ ਆਜ਼ਾਦ ਦੇ ਨਾਉਂ ਤੇ ਅੰਮ੍ਰਿਤਸਰ ਫੱਟਾ ਲਿਖਣ ਦੀ ਦੁਕਾਨ ਕਰ ਲਈ। ਉਸ ਦਾ ਨਾਉਂ ਉਸ ਦੀ ਬਾਂਹ ਤੇ ਖੁਣਿਆ ਹੋਇਆ ਸੀ। ਅੰਦਰਖਾਤੇ ਉਹ ਕ੍ਰਾਂਤੀਕਾਰੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਸੀ। ਉਹ ਲੰਡਨ ਜਾਣ ਦੀ ਯੋਜਨਾ ਬਣਾ ਰਿਹਾ ਸੀ ਕਿ ਜਲਿਆਂਵਾਲਾ ਬਾਗ ਦੇ ਖੂਨੀ ਸਾਕੇ ਦਾ ਬਦਲਾ ਲੈ ਸਕੇ। ਉਹ ਪੁਲਿਸ ਤੋਂ ਬਚਦਾ ਕਸ਼ਮੀਰ ਰਾਹੀਂ ਜਰਮਨੀ ਵਿੱਚ ਦਾਖਲ ਹੋ ਗਿਆ। ਉਥੋਂ ਉਹ ਇਟਲੀ, ਫਰਾਂਸ, ਸਵਿਟਜ਼ਰਲੈਂਡ ਰਾਹੀਂ ਸੰਨ 1934 ਵਿੱਚ ਇੰਗਲੈਂਡ ਪਹੁੰਚਿਆ। ਉਸਨੇ ਲੱਕੜੀ ਕਾਰੀਗਰੀ , ਮੋਟਰ ਮੈਕੇਨਿਕ ਦਾ ਕੰਮ ਕੀਤਾ। ਉਸਨੇ ਕਾਰ ਵੀ ਰੱਖ ਗਈ। ਉਹ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨਾਲ ਜੁੜਿਆ ਰਿਹਾ। ਮੂਲ ਰੂਪ ਵਿੱਚ ਉਸ ਦਾ ਅਸਲ ਨਿਸ਼ਾਨਾ ਉਡਵਾਇਰ ਨੂੰ ਮਾਰਨ ਦਾ ਰਿਹਾ। ਉਸ ਨੇ ਛੇ ਗੋਲੀਆਂ ਵਾਲਾ ਪਿਸਤੌਲ ਖ੍ਰੀਦ ਲਿਆ। ਉਹ ਇੱਕ ਅਜਿਹੇ ਮੌਕੇ ਦੀ ਤਲਾਸ਼ ਵਿੱਚ ਸੀ ਕਿ ਉਸ ਨੂੰ ਭੀੜ ਵਾਲੀ ਜਗਾ ਤੇ ਮਾਰਿਆ ਜਾਵੇ, ਜਿਥੇ ਆਮ ਜਨਤਾ ਦਾ ਧਿਆਨ ਖਿਚਿਆ ਜਾਵੇ ਕਿ ਹਿੰਦੁਸਤਾਨੀਆਂ ਦਾ ਖੂਨ ਵਹਾਉਣ ਵਾਲੇ ਨੂੰ ਮੌਤ ਦੀ ਸਜਾ ਮਿਲੀ ਹੈ। ਘਟਨਾ ਦੀ ਖ਼ਬਰ ਸੰਸਾਰ ਭਰ ਦੀਆਂ ਅਖ਼ਬਾਰਾਂ ਵਿੱਚ ਛੱਪੇ।

ਊਧਮ ਸਿੰਘ ਨੂੰ ਪਤਾ ਲੱਗਿਆ ਕਿ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਦੀ ਇੱਕ ਸਾਂਝੀ ਇੱਕਰਤਾ 13 ਮਾਰਚ 1940 ਨੂੰ 10-ਕੈਕਸਟਨ ਹਾਲ ਲੰਡਨ ਵਿਖੇ ਹੋ ਰਹੀ ਹੈ। ਉਡਵਾਇਰ ਦਾ ਭਾਸ਼ਣ ਹੈ। ਇੱਕਤਰਤਾ ਦੇ ਦਿਨ ਊਧਮ ਸਿੰਘ ਰਿਵਾਲਵਰ ਲੈ ਕੇ ਪਹੁੰਚ ਗਿਆ। ਜਦੋਂ ਕਾਰਵਾਈ ਖਤਮ ਹੋਣ ’ਤੇ ਆਈ, ਊਧਮ ਸਿੰਘ ਮੰਚ ਵਲ ਵਧਿਆ, ਉਸਨੇ ਦੋ ਗੋਲੀਆਂ ਉਡਵਾਇਰ ਤੇ ਦਾਗ ਦਿੱਤੀਆਂ । ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਤਦ ਹੀ ਉਸਨੇ ਲਾਰਡ ਜ਼ੈਟਲੈਂਡ ਸਕੱਤਰ ਸਟੇਟ ਆਫ਼ ਇੰਡੀਆ, ਲਾਰਡ ਲਿਮਿੰਗਟਨ ਅਤੇ ਸਰ ਲੂਈਸ ਡੇਨ ਅਧਿਕਾਰੀਆਂ ਨੂੰ ਵੀ ਜ਼ਖ਼ਮੀ ਕਰ ਦਿੱਤਾ। ਊਧਮ ਸਿੰਘ ਸ਼ਾਂਤ ਚਿੱਤ ਖੜ੍ਹਾ ਰਿਹਾ। ਉਸ ਦਾ ਭੱਜਣ ਦਾ ਇਰਾਦਾ ਨਹੀਂ ਸੀ। ਪੁਲਿਸ ਹਿਰਾਸਤ ਵਿੱਚ ਊਧਮ ਸਿੰਘ ਨੇ ਪੁੱਛਿਆ ਕਿ ਕੀ ਜ਼ੈਟਲੈਂਡ ਮਰ ਗਿਆ ? ਉਹ ਵੀ ਮਰਨਾ ਚਾਹੀਦਾ ਸੀ। ਮੇਰੇ ਹਿੱਸੇ ਇਕ ਦਾ ਹੀ ਮਰਨਾ ਸੀ। ਮੈਂ ਸੁਸਤ ਹੋ ਗਿਆ ਹੋਵਾਂਗਾ। ਉਸ ਦੇ ਦੁਆਲੇ ਕਈ ਔਰਤਾਂ ਵੀ ਸਨ। 1 ਅਪ੍ਰੈਲ 1940 ਨੂੰ ਊਧਮ ਸਿੰਘ ਤੇ ਰਸਮੀ ਤੌਰ ਤੇ ਉਡਵਾਇਰ ਦੇ ਕਤਲ ਦਾ ਦੋਸ਼ ਲੱਗਿਆ।

ਊਧਮ ਸਿੰਘ ਨੂੰ ਬਕਿਸ਼ਟਨ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿੱਚ ਉਹ 42 ਦਿਨ ਭੁੱਖ ਹੜਤਾਲ ਤੇ ਰਿਹਾ। ਜੂਨ 4 1940 ਨੂੰ ਸੈਂਟਰ ਕਰਿਮੀਨਲ ਕੋਰਟ ਓਲਡ ਬੈਲੀ ਵਿੱਚ ਮੁਕਦਮੇ ਦੀ ਕਾਰਵਾਈ ਹੋਈ। ਜੱਜ ਨੇ ਪੁੱਛਿਆ ਕਿ ਤੂੰ ਸ਼ਰੇਆਮ ਇਕ ਕਤਲ ਕਿਉਂ ਕੀਤਾ ਹੈ ? ਊਧਮ ਸਿੰਘ ਨੇ ਬੜੀ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ ਕਿ ਇਹ ਸਾਡਾ ਪੁਰਾਣਾ ਦੁਸ਼ਮਣ ਹੈ। ਇਹ ਇਸੇ ਮੌਤ ਦਾ ਹੱਕਦਾਰ ਸੀ। ਇਹ ਮੇਰੇ ਦੇਸ਼ ਵਾਸੀਆਂ ਦੀਆਂ ਆਜ਼ਾਦੀ ਪ੍ਰਤੀ ਭਾਵਨਾਵਾਂ ਨੂੰ ਕੁਚਲਣ ਵਾਲਾ ਸੀ ਮੈਂ ਇਸ ਨੂੰ ਕੁਚਲ ਦਿੱਤਾ। ਇਸ ਬਦਲੇ ਲਈ ਮੈਂ 21 ਸਾਲ ਸੰਘਰਸ਼ ਕੀਤਾ ਹੈ। ਮੈਂ ਆਪਣੇ ਦੇਸ਼ ਵਾਸੀਆਂ ਤੇ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਵੇਖੇ ਹਨ। ਅੰਗਰੇਜ਼ੀ ਸਾਮਰਾਜ ਦਾ ਵਿਦਰੋਹ ਕਰਨਾ ਮੇਰਾ ਫਰਜ਼ ਸੀ। ਮੇਰੇ ਲਈ ਇਸ ਤੋਂ ਵੱਧ ਹੋਰ ਕਿਹੜੀ ਮਾਣ ਵਾਲੀ ਗਲ ਹੋ ਸਕਦੀ ਹੈ ਕਿ ਮੈਂ ਆਪਣੀ ਮਾਤ ਭੂਮੀ ਲਈ ਕੁਰਬਾਨ ਹੋ ਰਿਹਾ ਹਾਂ।

ਊਧਮ ਸਿੰਘ ਨੂੰ ਜੁਲਾਈ 31 1940 ਨੂੰ ਪੈਂਟੋਵਿਲੇ ਜੇਲ੍ਹ ਲੰਡਨ ਵਿੱਚ ਫਾਂਸੀ ਦਿੱਤੀ ਗਈ। ਉਸ ਨੂੰ ਜੇਲ੍ਹ ਦੇ ਅਹਾਤੇ ਵਿੱਚ ਦਫ਼ਨਾਇਆ ਗਿਆ। ਜੁਲਾਈ 1974 ਵਿੱਚ ਊਧਮ ਸਿੰਘ ਦੀਆਂ ਅਸਥੀਆਂ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਸਾਧੂ ਸਿੰਘ ਥਿੰਦ ਦੇ ਯਤਨਾਂ ਨਾਲ ਭਾਰਤ ਲਿਆਂਦੀਆਂ ਗਈਆਂ। ਜਿਸ ਦਾ ਕਾਂਗਰਸ ਪ੍ਰਧਾਨ ਸ਼ੰਕਰ ਦਿਆਲ ਸ਼ਰਮਾ, ਮੁੱਖ ਮੰਤਰੀ ਪੰਜਾਬ ਗਿਆਨੀ ਜੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਸਵਾਗਤ ਕੀਤਾ ਗਿਆ। ਅੰਤਮ ਰਸਮਾਂ ਜਨਮ ਅਸਥਾਨ ਸੁਨਾਮ ਵਿੱਚ ਪੂਰੀਆਂ ਹੋਈਆਂ। ਅਸਥੀਆਂ ਨੂੰ ਸਤਲੁਜ ਦਰਿਆ ਵਿੱਚ ਜਲ ਪ੍ਰਵਾਹਿਤ ਕੀਤਾ ਗਿਆ। ਅਸਥੀਆਂ ਦਾ ਕੁਝ ਹਿਸਾ ਜਲਿਆਂਵਾਲਾ ਬਾਗ ਅੰਮ੍ਰਿਤਸਰ ਦੇ ਅਜਾਇਬ ਘਰ ਵਿੱਚ ਰਖਿਆ ਗਿਆ।

ਵਿਰਾਸਤ :

1 . ਊਧਮ ਸਿੰਘ ਦੀ ਯਾਦ ਨੂੰ ਸਮਰਪਿਤ ਇੱਕ ਸਮਾਜ ਸੇਵੀ ਸੰਸਥਾ ਸੋਹੋ ਰੋਡ ਬਰਮਿੰਘਮ ਵਿੱਚ ਹੈ।

2. ਇੱਕ ਅਜਾਇਬ ਘਰ ਜਲਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਹੈ।

3. ਊਧਮ ਸਿੰਘ ਦੇ ਹਥਿਆਰ ਚਾਕੂ, ਡਾਇਰੀ, ਗੋਲੀ ਵਾਰਦਾਤ ਸਮੇਂ ਬਲੈਕ ਮਿਊਜ਼ੀਅਮ ਸਕਾਟਲੈਂਡ ਯਾਰਡ।

4. ਉਸ ਦੀ ਯਾਦ ਵਿੱਚ ਕਈ ਫ਼ਿਲਮਾਂ ਬਣੀਆਂ ਹਨ।

5. ਪੂਰਬੀ ਉਤਰ ਪ੍ਰਦੇਸ਼ ਵਿੱਚ ਮੁੱਖ ਮੰਤਰੀ ਮਾਇਆਵਤੀ ਵੱਲੋਂ ਜ਼ਿਲ੍ਹੇ ਦਾ ਨਾਉਂ ਊਧਮ ਸਿੰਘ ਦੇ ਨਾਮ ’ਤੇ ਰਖਿਆ ਗਿਆ।

6. ਸ਼ਹੀਦ ਦੀ ਯਾਦ ਵਿੱਚ ਅਨੂਪਗੜ੍ਹ ਰਾਜਸਥਾਨ ਵਿੱਚ ਇੱਕ ਚੌਂਕ ਹੈ।

7. ਸਾਕਾ ਵੈਨਜ਼ਰਜ਼ ਵੱਲੋਂ ਵੀਡੀਓ 1998 ਅਤੇ 2015 ਫਰੈਂਕ ਬਰਾਜੀਲ ਨਾਮ ਤੇ ਬਣੀ ਹੈ।

8. ਜਲਿਆ ਵਾਲਾ ਬਾਗ ਅੰਮ੍ਰਿਤਸਰ ਵਿਖੇ 13 ਮਾਰਚ 2018 ਨੂੰ ਸਰਵ ਕੰਬੋਜ ਸਮਾਜ ਵੱਲੋਂ 10 ਫੁੱਟ ਉੱਚਾ ਬੁੱਤ ਲਗਾਇਆ ਗਿਆ। ਜਿਸਦਾ ਉਦਘਾਟਨ ਗ੍ਰਹਿ ਮੰਤਰੀ ਰਾਜਨਾਥ ਨੇ ਕੀਤਾ।

9. ਸ਼ਹੀਦ ਦਾ ਜੱਦੀ ਘਰ ਅਜਾਇਬ ਘਰ ਬਣਿਆ।

10. ਸੁਨਾਮ ਨੂੰ ਸੁਨਾਮ ਊਧਮ ਸਿੰਘ ਵਾਲਾ ਨਾਮ ਦਿੱਤਾ ਗਿਆ।

ਅੰਤਿਕਾ : ਕਬੀਰ ਜੀ ਕਹਿੰਦੇ ਹਨ ਕਿ ਹੇ ਕਬੀਰ! ਮਰਦਾ ਮਰਦਾ ਉਂਞ ਤਾਂ ਸਾਰਾ ਸੰਸਾਰ ਮਰ ਰਿਹਾ ਹੈ, ਪਰ ਕਿਸੇ ਨੇ ਸੱਚੇ ਮਰਨ ਦੀ ਜਾਚ ਨਹੀਂ ਸਿੱਖੀ, ਜੇ ਮਨੁੱਖ ਇਸ ਤਰਾਂ ਸੱਚੀ ਮੌਤ ਮਰਦਾ ਹੈ, ਉਸ ਨੂੰ ਫਿਰ ਮਰਨਾ ਨਹੀਂ ਪੈਂਦਾ।

ਅੰਗ 555, ਹਵਾਲਾ ਸਲੋਕ ਭਗਤ ਕਬੀਰ ਜੀ, ਸਲੋਕ ਨੰਬਰ 29.

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ ’ਚ ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ ’ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ ’ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ !
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ
ਕਲਮਾਂ ਦੀ ਜ਼ੁਬਾਨੀ



## ਬਾਬਲ ਸਾਡੇ ਬਾਗ ਲੁਆਇਆ.......

# ਪੰਜਾਬੀ ਸੱਭਿਆਚਾਰ ’ਚ ਬਹੁਤ ਮਹੱਤਵ ਰੱਖਦਾ ਹੈ ‘ਸ਼ਿੰਗਾਰ ਰਸ’

**ਪ੍ਰੇਮ ਲਤਾ ਪ੍ਰਿੰਸੀਪਲ**



ਰਸ ਦਾ ਸਿੱਧਾ ਜਿਹਾ ਅਰਥ ਰਸ ਹੀ ਹੈ, ਜਿਵੇਂ ਅੰਬ ਜਾਂ ਸੰਤਰੇ ਦਾ ਰਸ। ਕੋਈ ਵਸਤੂ ਜਿਵੇਂ ਵਸਤਰ, ਗਹਿਣੇ, ਕੁਦਰਤ ਦਾ ਦ੍ਰਿਸ਼, ਚਿੱਤਰਕਲਾ, ਗੀਤ, ਕਵਿਤਾ ਜਾਂ ਸਾਹਿਤ ਦੀ ਕੋਈ ਹੋਰ ਵਿਧਾ ਜੋ ਮਨ ਜਾਂ ਰੂਹ ਦੀ ਤ੍ਰਿਪਤੀ ਕਰਦੀ ਹੈ, ਉਹ ਵੀ ਰਸ ਦੀ ਸ਼੍ਰੇਣੀ ਵਿੱਚ ਆਉਂਦੀ ਹੈ। ਜੇ ਕਵਿਤਾ ਰੂਹ ਦੀ ਬੋਲੀ ਵਿੱਚ ਲਿਖੀ ਜਾਵੇ ਤਾਂ ਰਸ ਦੀ ਉਤਪਤੀ ਵੀ ਸਹਿਜ ਸੁਭਾਅ ਹੋ ਜਾਂਦੀ ਹੈ। ਲੋਕ ਗੀਤ ਅਤੇ ਬੋਲੀਆਂ ਰੂਹ ਦੇ ਇਸੇ ਵਰਤਾਰੇ ਵਿੱਚੋਂ ਨਿਕਲਦੀਆਂ ਹਨ।

ਰਸ ਦੇ ਸਿਧਾਂਤ ਦਾ ਵਰਣਨ ਭਰਤ ਮੁਨੀ ਨੇ ਆਪਣੇ ‘ਨਾਟਯ ਸ਼ਾਸਤ੍ਰ’ ਵਿੱਚ ਕੀਤਾ ਹੈ ਅਤੇ ਇਸ ਨੂੰ ‘ਨਾਟ ਰਸ’ ਦਾ ਨਾਂ ਦਿੱਤਾ ਜਾਂਦਾ ਹੈ। ਰਸ, ਸਾਹਿਤ ਦਾ ਇੱਕ ਅਨਿੱਖੜਵਾਂ ਅੰਗ ਹੈ ਅਤੇ ਇਸ ਰਸ ਦੇ ਆਨੰਦ ਦਾ ਸੰਚਾਰ ਸਾਹਿਤਕ ਕ੍ਰਿਤਾਂ ਦੁਆਰਾ ਲੋਕ ਸਮੂਹਾਂ ਵਿੱਚ ਹੁੰਦਾ ਹੈ। ਇਸ ਅਨੰਦ ਦੇ ਕਈ ਰੂਪ ਹੋ ਸਕਦੇ ਹਨ ਜਿਵੇਂ ਪ੍ਰੇਮ ਮਈ, ਹਾਸੇ ਭਰਿਆ, ਕਰੁਣਾ-ਮਈ, ਬੀਰ ਰਸਿ ਆਦਿ।

ਪੰਜਾਬੀ ਸੱਭਿਆਚਾਰ ਦੀ ਬੁਨਿਆਦ, ਪਦਾਰਥ ਦੀ ਸੁਚੱਜੀ ਪ੍ਰੀਤ ਭਰੀ ਵਰਤੋਂ ਵਿੱਚੋਂ ਉਪਜਿਆ ਮਾਨਸਿਕ ਜਾਂ ਰੂਹ ਦਾ ਆਨੰਦ ਹੀ ਤਾਂ ਹੈ। ਜਦੋਂ ਮਨੁੱਖੀ ਜੀਵਨ ਕੁਦਰਤ ਦੇ ਨਜ਼ਾਰਿਆਂ, ਮਨੁੱਖੀ ਰਿਸ਼ਤਿਆਂ, ਪਦਾਰਥਕ ਲੋੜਾਂ ਦੀ ਪੂਰਤੀ ਲਈ ਸਿਰਜਣਾ ਅਤੇ ਇਤਿਹਾਸਕ ਘਟਨਾਵਾਂ ਨਾਲ ਓਤਪ੍ਰੋਤ ਹੁੰਦਾ ਹੈ ਤਾਂ ਮਾਨਸਿਕ ਵਲਵਲੇ ਉੱਠਦੇ ਹਨ, ਇਹ ਵਲਵਲੇ ਹੀ ਰਸ ਦੇ ਸਰੋਤ ਹਨ। ਫਿਰ ਇਹ ਰਸ ਸਾਹਿਤ ਰਚਨਾ ਰਾਹੀਂ ਪ੍ਰਗਟ ਹੁੰਦਾ ਹੈ ਅਤੇ ਸੰਚਾਰ ਕਰਦਾ ਹੈ।

‘ਸ਼ਿੰਗਾਰ ਰਸ’ ਮੀਰੀ ਰਸ ਹੈ। ਰਸਾਂ ਵਿੱਚੋਂ ਇਹ ਰਸ ਰਾਜ ਹੈ। ਭਰਤ ਮੁਨੀ ਅਨੁਸਾਰ ਸੰਸਾਰ ਵਿੱਚ ਜੋ ਕੁਝ ਵੀ ਉੱਜਵਲ ਤੇ ਪਵਿੱਤਰ ਹੈ, ਉਹ ‘ਸ਼ਿੰਗਾਰ ਰਸ’ ਵਿੱਚ ਸ਼ਾਮਿਲ ਹੈ। ਕਰੁਣ ਰਸ, ਬੀਰ ਰਸ, ਅਦਭੁੱਤ ਰਸ ਤੇ ਸ਼ਾਂਤ ਰਸ ਇਸਦੇ ਅਧੀਨ ਹੋ ਕੇ ਚੱਲਦੇ ਹਨ। ਪ੍ਰੇਮ-ਮਿਲਾਪ ਦੀ ਖੁਸ਼ੀ, ਵਿਜੋਗੀ ਦੀ ਮਿੱਠੀ ਤੇ ਚੁੱਭਵੀਂ ਯਾਦ, ਸੁੰਦਰਤਾ ਦਾ ਚਿੱਤਰਣ, ਇਨ੍ਹਾਂ ਸਭ ਨੂੰ ‘ਸ਼ਿੰਗਾਰ ਰਸ’ ਅਧੀਨ ਲਿਆ ਸਕਦੇ ਹਾਂ।

ਪੰਜਾਬੀ ਸੱਭਿਆਚਾਰ ਵਿੱਚ ਕੁਦਰਤ ਦੀ ਸੁੰਦਰਤਾ ਦਾ ਵਿਖਿਆਨ ਲੋਕ ਬੋਲੀਆਂ ਵਿੱਚ ਅਤੇ ਕਵੀਆਂ ਦੁਆਰਾ ਰਚਿਤ ਸਾਹਿਤ ਵਿੱਚ ਆਪ ਮੁਹਾਰੇ ਉੱਮੜ ਆਉਂਦਾਹੈ। ਪੰਜਾਬੀ ਦੇ ਲੋਕ ਕਵੀ ਧਨੀ ਰਾਮ ਚਾਤ੍ਰਿਕ ਨੇ ਕੁਦਰਤ ਦੇ ਸ਼ਿੰਗਾਰ ਨੂੰ ਇੰਝ ਚਿੱਤਰਿਆ ਹੈ;

ਪੱਕ ਗਈਆਂ ਕਣਕਾਂ ਲੁਕਾਠ ਰੱਸਿਆ।
ਬੂਰ ਪਿਆ ਅੰਬਾਂ ਨੂੰ ਗੁਲਾਬ ਹੱਸਿਆ।
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ।
ਬੇਰੀਆਂ ਲਿਫ਼ਾਈਆਂ ਟਾਹਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ, ਵੇਲਾਂ ਰੁੱਖੀ ਚੜੀਆਂ।
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ।

ਲੋਕ ਬੋਲੀਆਂ ਵਿੱਚ ਮਨੁੱਖੀ ਰਿਸ਼ਤਿਆਂ ਅਤੇ ਕੁਦਰਤ ਨਾਲ ਪ੍ਰੇਮ ਦਾ ਅਨੋਖਾ ਬਿਰਤਾਂਤ ਮਿਲਦਾ ਹੈ।

ਬਾਬਲ ਸਾਡੇ ਬਾਗ ਲੁਆਇਆ
ਵਿੱਚ ਚੰਬਾ ਤੇ ਮਰੂਆ।
ਮਾਂ ਮੇਰੀ ਮਾਲਣ ਫੁੱਲ ਪਈ ਚੁਗਦੀ
ਵੀਰ ਤਾਂ ਬੂਟਾ ਹਰਿਆ।
ਵੀਰ ਮੇਰੇ ਨੇ ਬਾਗ ਲੁਆਇਆ
ਵਿੱਚ ਚੰਬਾ ਤੇ ਮਰੂਆ।
ਭਾਬੋ ਮਾਲਣ ਫੁੱਲ ਪਈ ਚੁਗਦੀ
ਗੀਗਾ ਤਾਂ ਬੂਟਾ ਹਰਿਆ।

ਮਨੁੱਖੀ ਸ਼ਿੰਗਾਰ ਨੂੰ ਦਰਸਾਉਂਦੀ ਇੱਕ ਖ਼ੂਬਸੂਰਤ ਲੋਕ ਬੋਲੀ ਇੰਝ ਹੈ;

ਨੱਚਣ ਦੀਆਂ ਤੂੰ ਕਰੇਂ ਦਲੀਲਾਂ, ਲਹਿੰਗਾ ਜਾਮਣੀ ਪਾਇਆ
ਨੀਂ ਅੱਖ ਚੁਫੇਰੇ ਘੁੰਮਦੀ ਤੇਰੀ, ਮੱਥੇ ਚੌਂਕ ਸਜਾਇਆ
ਨੱਚ ਮਲਕੀਤ ਕੁਰੇ, ਪਿੰਡ ਦੇਖਣ ਨੂੰ ਆਇਆ।

ਪੰਜਾਬੀ ਲੋਕ ਨਾਚ ਗਿੱਧੇ ਦੀਆਂ ਅਜਿਹੀਆਂ ਹਜ਼ਾਰਾਂ ਬੋਲੀਆਂ ਹਨ, ਜਿਨ੍ਹਾਂ ਵਿੱਚ ‘ਸ਼ਿੰਗਾਰ ਰਸ’ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਇਹ ਬੋਲੀਆਂ ਦਾ ਰਚਨਹਾਰਾ ਕੋਈ ਇੱਕ ਕਵੀ ਨਹੀਂ ਹੈ, ਸਗੋਂ ਇਹ ਤਾਂ ਲੋਕ ਮਨਾਂ ਦੇ ਵਲਵਲਿਆਂ ’ਚੋਂ ਆਪ ਮੁਹਾਰੇ ਉੱਮੜੀਆਂ ਹਨ ਅਤੇ ਹੈਰਾਨੀ ਦੀ ਗੱਲ ਹੈ ਕਿ ਹਰ ਇੱਕ ਬੋਲੀ ਸੁਰ-ਤਾਲ ’ਤੇ ਖਰੀ ਉਤਰਦੀ ਹੈ। ਗਿੱਧੇ ਦੀਆਂ ਕੁਝ ਲੋਕ ਬੋਲੀਆਂ ਦਾ ਨਜ਼ਾਰਾ ਦੇਖਣ ਵਾਲਾ ਹੈ;

ਸਾਂਵੀ ਚੁੰਨੀ ਵਾਲੀਏ ਕੁੜੀਏ
ਆਈ ਐਂ ਗਿੱਧੇ ਵਿੱਚ ਬਣਕੇ
ਨੀਂ ਕੰਨੀ ਤੇਰੇ ਝੁਮਕੇ ਸੋਂਹਦੇ
ਗਲ ਕੈਂਠੀ ਦੇ ਮਣਕੇ
ਨੀਂ ਤੀਲ੍ਹੀ ਤੇਰੀ ਨੇ ਮੁਲਕ ਮੋਹ ਲਿਆ
ਬਾਹੀਂ ਚੂੜਾ ਛਣਕੇ।
ਫੇਰ ਕਦ ਨੱਚੇਗੀਂ, ਨੱਚ ਲੈ ਪਟੋਲਾ ਬਣ ਕੇ।

ਇਸੇ ਤਰ੍ਹਾਂ ਦੀ ਇੱਕ ਹੋਰ ਖ਼ੂਬਸੂਰਤ ਬੋਲੀ ਹੈ;

ਸੁੱਥਣ ਸੂਫ ਦੀ ਸ਼ੀਸ਼ਿਆਂ ਵਾਲੀ
ਨਾਲ ਹਵਾ ਦੇ ਖਹਿੰਦੀ
ਬਈ ਜਦ ਧਰਤੀ ’ਤੇ ਅੱਡੀ ਮਾਰਾਂ
ਧਮਕ ਜਲੰਧਰ ਪੈਂਦੀ
ਨੀਂ ਗੁੱਤ ਨਾਗਣੀ ਸਭ ਨੂੰ ਡੰਗੇ
ਆਪ ਡੰਗੀ ਨਾ ਜਾਵੇ
ਨੱਚਦੀ ਮੇਲਣ ਦਾ ਲੌਂਗ ਬੋਲੀਆਂ ਪਾਵੇ।

ਗਿੱਧੇ ਦੀ ਹੀ ਇੱਕ ਹੋਰ ਖ਼ੂਬਸੂਰਤ ਬੋਲੀ ਹੈ, ਜਿਸ ਵਿੱਚ ਮੁਟਿਆਰ ਦਾ ਹੁਸਨ ਡੁੱਲ੍ਹ-ਡੁੱਲ੍ਹ ਪੈਂਦਾ ਹੈ;

ਜੇ ਨਖਰੋ ਤੂੰ ਨੱਚਣਾ ਜਾਣਦੀ
ਦੇ ਦੇ ਸ਼ੌਕ ਦਾ ਗੇੜਾ
ਰੂਪ ਤੇਰੇ ਦੀ ਗਿੱਠ-ਗਿੱਠ ਲਾਲੀ
ਤੈਥੋਂ ਸੋਹਣਾ ਕਿਹੜਾ
ਨੀਂ ਦੀਵਾ ਕੀ ਕਰਨਾ
ਚਾਨਣ ਹੋਜੂ ਤੇਰਾ।

ਪੰਜਾਬੀ ਮੁਟਿਆਰ ਆਪਣੀ ਕਲਾ ਅਤੇ ਹੁਸਨ ਦਾ ਪ੍ਰਗਟਾਵਾ ਇੰਝ ਕਰਦੀ ਹੈ;

ਗਿੱਧਿਆਂ ਦੇ ਵਿੱਚ ਆਵਾਂ ਨੀਂ ਮੈਂ
ਪਾਵਾਂ ਨੱਚ ਧਮਾਲਾਂ
ਪਾਉਣ ਨੀਵੀਆਂ ਮੋਰ ਸ਼ਰਮ ਨਾਲ
ਦੇਖ ਮੇਰੀਆਂ ਚਾਲਾਂ
***
ਇੱਕ ਜੀ ਕਰਦਾ ਵਿੱਚ ਅੰਬਰਾਂ ਦੇ
ਉੱਡ ਜਾਂ ਕਬੂਤਰ ਬਣ ਕੇ
ਛਣਕਾਟਾ ਪੈਂਦਾ ਗਲੀ-ਗਲੀ
ਨੀਂ ਮੇਰੀ ਐਸੀ ਝਾਂਜਰ ਛਣ ਕੇ।

ਜੇਕਰ ‘ਸ਼ਿੰਗਾਰ ਰਸ’ ਰਸ-ਰਾਜ ਹੈ ਤਾਂ ਸਾਉਣ ਦਾ ਮਹੀਨਾ ਵੀ ਤਾਂ ਰਿਤੂ-ਰਾਜ ਹੈ, ਹੋਵੇ ਵੀ ਕਿਉਂ ਨਾ, ਸਾਉਣ ਦੇ ਮਹੀਨੇ ਵਿੱਚ ‘ਸ਼ਿੰਗਾਰ ਰਸ’ ਦਾ ਹੜ੍ਹ ਜੋ ਆਇਆ ਹੁੰਦਾ ਹੈ। ਕੋਇਲਾਂ ਦੇ ਮਿੱਠੇ ਸੁਰ, ਮੋਰ ਦੀ ਪੈਲ, ਦਰੱਖਤਾਂ ਦੀ ਹਰਿਆਵਲ ਅਤੇ ਸੰਪੂਰਨ ਪ੍ਰਾਕ੍ਰਿਤੀ ਦੇ ‘ਸ਼ਿੰਗਾਰ ਰਸ’ ਦਾ ਆਨੰਦ ਮਾਣਨ ਲਈ ਸਮੁੱਚੇ ਪੰਜਾਬ ਵਿੱਚ ਮੁਟਿਆਰਾਂ ਵੱਲੋਂ ਪੰਦਰਾਂ ਦਿਨ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੰਜਾਬ ਦੀਆਂ ਔਰਤਾਂ ਤੀਆਂ ਦੇ ਮੇਲੇ ਵਿੱਚ ਦਰਖੱਤਾਂ ’ਤੇ ਪੀਘਾਂ ਪਾਉਂਦੀਆਂਹਨ ਅਤੇ ਉੱਚੀਆਂ-ਲੰਮੀਆਂ ਹੀਗਾਂ ਚੜ੍ਹਾਉਂਦੀਆਂਹਨ। ਗੋਲ ਧਾਰੇ ਵਿੱਚ ਖੜ੍ਹ ਕੇ ਲੋਕ ਬੋਲੀਆਂ ਉੱਪਰ ਨੱਚ-ਨੱਚ ਕੇ ਧਰਤੀ ਹਿਲਾ ਦਿੰਦੀਆਂ ਹਨ, ਸਾਉਣ ਅਤੇ ਤੀਆਂ ਦੇ ਮੇਲ ਦੀ ਇੱਕ ਲੋਕ ਬੋਲੀ ਦੇਖੋ;

ਆਇਆ ਸਾਵਣ ਮਨ ਪਰਚਾਵਣ
ਰੱਜੀਆਂ ਮੱਝੀਂ ਗਾਈਂ
ਗਿੱਧਿਆ ਪਿੰਡ ਵੜ ਵੇ
ਲਾਮ੍ਹ-ਲਾਮ੍ਹ ਨਾ ਜਾਈਂ।

ਮੁਟਿਆਰਾਂ ਜਦੋਂ ਤੀਆਂ ਦੇ ਗਿੱਧੇ ਵਿੱਚ ਇਕੱਠੀਆਂ ਹੋ ਕੇ ਜਾਂਦੀਆਂ ਹਨ। ਉਸ ਦ੍ਰਿਸ਼ ਨੂੰ ਦਰਸਾਉਂਦੀ ਇੱਕ ਬੋਲੀ ਹੈ;

ਬਣ ਠਣ ਕੇ ਮੁਟਿਆਰਾਂ ਆਈਆਂ
ਆਈਆਂ ਪਟੋਲਾ ਬਣ ਕੇ
ਕੰਨਾਂ ਦੇ ਵਿੱਚ ਪਿੱਪਲ ਪੱਤੀਆਂ
ਬਾਹੀਂ ਚੂੜਾ ਛਣਕੇ
ਗਿੱਧਾ ਜੱਟੀਆਂ ਦਾ, ਦੇਖ ਸ਼ੌਕੀਨਾ ਖੜ੍ਹ ਕੇ।

ਪੰਜਾਬੀ ਸੱਭਿਆਚਾਰ ਦੇ ਜਨ ਮਾਨਸ ਦੇ ਮਨਾਂ ਵਿੱਚ ‘ਸ਼ਿੰਗਾਰ ਰਸ’ ਇਸ ਕਦਰ ਭਾਰੂ ਹੈ ਕਿ ਪੰਜਾਬੀ ਔਰਤ ਨੇ ਆਪਣੇ ਜੀਵਨ ਵਿੱਚ ਰੋਜ਼ ਵਰਤੋਂ ਦੀਆਂ ਵਸਤੂਆਂ ਦੇ ਨਿਰਮਾਣ ਵਿੱਚ ਆਪਣੀ ਸੁਚੱਜੀ ਕਿਰਤ ਨਾਲ ‘ਸ਼ਿੰਗਾਰ ਰਸ’ ਕੁੱਟ-ਕੁੱਟ ਕੇ ਭਰ ਦਿੱਤਾ ਹੈ। ਫੁਲਕਾਰੀ ਕੱਢਣ ਦੀ ਪ੍ਰਥਾ ਨੂੰ ਹੀ ਦੇਖ ਲਵੋ, ਪਦਾਰਥ ਆਧਾਰਿਤ ਦੁਪੱਟੇ ਉੱਪਰ ਕਿਰਤ ਦੇ ਮੇਲ ਨਾਲ ‘ਸ਼ਿੰਗਾਰ ਰਸ’ ਤਰੇਲ ਵਾਂਗ ਖਿਲਾਰ ਦਿੱਤਾ ਜਾਂਦਾ ਹੈ। ਮੁਟਿਆਰ ਆਪਣੇ ਮਨ ਦੇ ਵਲਵਲਿਆਂ ਨੂੰ ਸੂਤ ਦੇ ਬਣੇ ਦੁਪੱਟੇ ਉੱਪਰ ਇੰਝ ਖਿਲਾਰ ਦਿੰਦੀ ਹੈ ਕਿ ਉਹ ਇੱਕ ਪਵਿੱਤਰ, ਸਮੁੱਚੇ ਪੰਜਾਬੀ ਸੱਭਿਆਚਾਰ ਨੂੰ ਰੂਪਮਾਨ ਕਰਦੀ ਸ਼ੈਅ ਫੁਲਕਾਰੀ ਬਣ ਜਾਂਦੀ ਹੈ। ਕੁਲਦੀਪ ਮਾਣਕ ਦੇ ਗੀਤ ਦੀਆਂ ਖ਼ੂਬਸੂਰਤ ਸਤਰਾਂ ਹਨ;

ਮੈਂ ਚਾਦਰ ਕੱਢਦੀ ਨੀਂ ਗਿਣ ਤੋਪੇ ਪਾਵਾਂ
ਜਾਮਣ ਦੀ ਛਾਂ ਹੇਠਾਂ ਨੀਂ ਮੈਂ ਪੀੜ੍ਹਾ ਡਾਹਵਾਂ
ਚਿੜੀਆਂ ਦੀ ਚੀਂ-ਚੀਂ ਨੀਂ ਤੋਤਿਆਂ ਦੀ ਟੁਕੜੀ
ਸਿਰ ਫੜ ਕੇ ਸੋਚਾਂ ਨੀਂ ਨਾਲੇ ਸ਼ਰਮਾਵਾਂ।

ਪੰਜਾਬੀ ਸੱਭਿਆਚਾਰ ਵਿੱਚ ਚਰਖਾ ਵੀ ‘ਸ਼ਿੰਗਾਰ ਰਸ’ ਨੂੰ ਰੂਪਮਾਨ ਕਰਦਾ ਇੱਕ ਚਿੰਨ੍ਹ ਬਣ ਕੇ ਉੱਭਰਿਆ ਹੈ।

(ਬਾਕੀ ਸਫ਼ਾ 27 ’ਤੇ)



# ਚੜ੍ਹਿਆ ਸਾਵਣ ਮਹੀਨਾ...

**ਧਰਮਿੰਦਰ ਸਿੰਘ ਚੱਬਾ**

ਸਾਉਣ ਦੇ ਮਹੀਨੇ ਵਿੱਚ ਜਿੱਥੇ ਫ਼ਸਲਾਂ ਲਹਿਰਾਉਂਦੀਆਂ ਤੇ ਪੂਰੀ ਕਾਇਨਾਤ ਨੱਚ ਉੱਠਦੀ ਹੈ, ਉੱਥੇ ਪਸ਼ੂ-ਪੰਛੀ ਵੀ ਖੁਸ਼ੀ ਦੇ ਗੀਤ ਗਾਉਂਦੇ, ਨੱਚਦੇ ਤੇ ਟੱਪਦੇ ਨਜ਼ਰ ਆਉਂਦੇ ਹਨ। ਜਦੋਂ ਅਸਮਾਨ ਵਿੱਚ ਕਾਲੀ ਘਨਘੋਰ ਘਟਾ ਛਾਈ ਹੁੰਦੀ ਹੈ ਤਾਂ ਮੋਰ ਸਭ ਕੁਝ ਭੁੱਲ-ਭੁਲਾ ਕੇ ਆਪਣੇ ਖੰਭ ਖਿਲਾਰ ਕੇ ਖੁਸ਼ੀ ਵਿੱਚ ਪੈਲਾਂ ਪਾਉਂਦਾ ਨਜ਼ਰ ਆਉਂਦਾ ਹੈ। ਪੈਲਾਂ ਪਾਉਣ ਦੌਰਾਨ ਉਹ ਆਪਣੇ ਕੁਝ ਖੰਭ ਸੁੱਟ ਜਾਂਦਾ ਹੈ ਤੇ ਬੱਚੇ ਉਹ ਖੰਭ ਆਪਣੀਆਂ ਕਿਤਾਬਾਂ ਵਿੱਚ ਇਸ ਧਾਰਨਾ ਨਾਲ ਰੱਖਦੇ ਹਨ ਕਿ ਪੜ੍ਹਾਈ ਜ਼ਿਆਦਾ ਆਉਂਦੀ ਹੈ। ਮੋਰ ਦੇ ਖੰਭ ਇੰਨੇ ਪਵਿੱਤਰ ਮੰਨੇ ਜਾਂਦੇ ਹਨ ਕਿ ਮੰਦਰਾਂ ਤੇ ਗੁਰਦੁਆਰਿਆਂ ਵਿੱਚ ਵੀ ਇਸਤੇਮਾਲ ਕੀਤੇ ਜਾਂਦੇ ਹਨ।

ਜਦ ਛੋਟੇ ਹੁੰਦੇ ਸੀ ਤਾਂ ਪੰਜਾਬ ਦੇ ਪਿੰਡਾਂ ਵਿੱਚ ਸਾਉਣ ਆਉਣ ’ਤੇ ਘਰਾਂ ਵਿੱਚ ਵਿਆਹ ਵਰਗਾ ਮਾਹੌਲ ਹੁੰਦਾ ਸੀ। ਸਾਵੇਂ ਵਾਲੇ ਦਿਨ ਐਤਵਾਰ ਨੂੰ ਮਾੜੇ ਘਰਾਂ ਵਾਲਿਆਂ ਨੇ ਆਟਾ ਤੇ ਗੁੜ ਘੋਲ ਕੇ ਪਿੱਪਲ ਦੇ ਪੱਤਿਆਂ ਨਾਲ ਤਵੇ ’ਤੇ ਫੈਲਾ ਕੇ ਪੂੜੇ ਬਣਾਉਣੇ। ਨਾਲ ਦੁੱਧ ਦੀ ਖੀਰ ਬਣਾਈ ਜਾਂਦੀ ਸੀ। ਅੰਬ ਦੇ ਆਚਾਰ ਨਾਲ ਉਹ ਪੂੜੇ ਤੇ ਖੀਰ ਖਾਣੀ। ਇਸ ਦਾ ਆਪਣਾ ਹੀ ਆਨੰਦ ਸੀ। ਤਕੜੇ ਘਰ ਵਾਲਿਆ ਨੇ ਮਾਲ ਪੂੜੇ ਬਣਾ ਲੈਣੇ। ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਇਸ ਸੱਭਿਆਚਾਰ ਤੋਂ ਕੋਹਾਂ ਦੂਰ ਹੈ। ਹੱਥੀਂ ਮਿਹਨਤ ਕਰਨ ਦੀ ਥਾਂ ਬਾਜ਼ਾਰੋ ਖੀਰ ਪੂੜੇ ਮੰਗਵਾ ਕੇ ਖਾ ਲਏ ਜਾਂਦੇ ਹਨ। ਘਰ ਵਿੱਚ ਬਣਾਏ ਖੀਰ ਪੂੜੇ ਸ਼ੁੱਧ ਸਾਮਾਨ ਨਾਲ ਬਣਾਏ ਜਾਂਦੇ ਸਨ, ਇਸ ਲਈ ਸਿਹਤ ਲਈ ਵੀ ਚੰਗੀ ਰਹਿੰਦੀ ਸੀ।

ਹਰ ਪਿੰਡ ਵਿੱਚ ਇੱਕ ਜਗ੍ਹਾ ਮੁਕੱਰਰ ਕੀਤੀ ਜਾਂਦੀ ਸੀ। ਉਸ ਜਗ੍ਹਾ ਪਿੱਪਲ ਜਾਂ ਬੋਹੜ ਦਾ ਦਰੱਖਤ ਜ਼ਰੂਰ ਹੁੰਦਾ ਸੀ। ਉਸ ਉੱਤੇ ਕਿਸੇ ਗੱਭਰੂ ਵੱਲੋਂ ਚੜ੍ਹ ਕੇ ਸਭ ਤੋਂ ਉੱਚੇ ਟਾਹਣੇ ’ਤੇ ਲੰਬੀ ਪੀਂਘ ਪਾਈ ਜਾਂਦੀ ਸੀ। ਮੁਕੱਰਰ ਕੀਤੀ ਉਸ ਜਗ੍ਹਾ ’ਤੇ ਹਰ ਐਤਵਾਰ ਦੀ ਸ਼ਾਮ ਨੂੰ ਪਿੰਡ ਦੀਆਂ ਪੇਕੇ ਘਰ ਆਈਆਂ ਸੱਜ ਵਿਆਹੀਆਂ ਧੀਆਂ ਧਿਆਣੀਆਂ ਤੇ ਕੁਆਰੀਆਂ ਕੁੜੀਆਂ ਚਿੜੀਆਂ ਸੱਜ-ਧੱਜ ਕੇ ਸ਼ਾਮ ਨੂੰ ਉਸ ਜਗ੍ਹਾ ’ਤੇ ਜਾ ਕੇ ਗਿੱਧਾ, ਬੋਲੀਆਂ ਤੇ ਕਿੱਕਲੀਆਂ ਪਾਉਂਦੀਆਂ ਤੇ ਜ਼ਿੱਦੋ-ਜ਼ਿੱਦੀ ਇੱਕ ਦੂਜੀ ਤੋਂ ਉੱਚੀ ਪੀਂਘ ਚੜ੍ਹਾਉਂਦੀਆਂ ਸਨ। ਕਈ ਤਾਂ ਇਕੱਲੀਆਂ ਤੇ ਕਈ ਦੋ ਜਣੀਆਂ ਰਲ ਕੇ ਜ਼ੋਰੋ-ਜ਼ੋਰੀ ਪੀਂਘ ਚੜ੍ਹਾਉਂਦੀਆਂ ਸਨ। ਦੂਜੇ ਪਾਸੇ ਗੱਭਰੂ ਵੀ ਸੱਜ-ਧੱਜ ਕੇ ਨਵੇਂ ਕੱਪੜੇ ਪਾ ਕੇ ਭੰਗੜੇ ਪਾਉਂਦੇ। ਕਬੱਡੀ ਤੇ ਘੋਲ ਕਰਦੇ ਨਾ ਥੱਕਦੇ। ਇਹ ਸਾਂਵੇਂ ਰੂਪੀ ਮੇਲਾ ਦੇਰ ਰਾਤ ਤੱਕ ਚੱਲਦਾ। ਅਖੀਰ ਸਾਰੇ ਇਕੱਠੇ ਹੋ ਕੇ ਉੱਚੀ-ਉੱਚੀ ਗੱਲਾਂ ਕਰਦੇ ਤੇ ਹੱਸਦੇ ਖੇਡਦੇ ਹੋਏ ਘਰਾਂ ਨੂੰ ਪਰਤਦੇ। ਘਰ ਆ ਕੇ ਬਣੇ ਹੋਏ ਖੀਰ ਪੂੜੇ ਖਾਂਦੇ ਤੇ ਫਿਰ ਸੌਂ ਜਾਂਦੇ। ਫਿਰ ਪੂਰਾ ਹਫ਼ਤਾ ਉਸ ਸਾਂਵੇਂ ’ਤੇ ਆਉਣ ਵਾਲੇ ਅਗਲੇ ਸਾਂਵੇਂ ਬਾਰੇ ਚਰਚਾ ਕਰਦੇ ਰਹਿੰਦੇ।

ਪਿਛਲੇ ਸਮੇਂ ਦੌਰਾਨ ਜਦੋਂ ਸਾਉਣ ਮਹੀਨਾ ਆਉਣਾ ’ਤੇ ਕਾਲੀਆਂ ਘਟਾਵਾਂ ਚੜ੍ਹਨੀਆਂ, ਮੀਂਹ ਪੈਣੇ ਸ਼ੁਰੂ ਹੋਣੇ ਤਾਂ ਕਈ-ਕਈ ਦਿਨ ਕਿਣ-ਮਿਣ ਹੁੰਦੀ ਰਹਿਣੀ। ਨਿੱਕਾ-ਨਿੱਕਾ ਮੀਂਹ ਪੈਂਦਾ ਰਹਿਣਾ। ਕਈ-ਕਈ ਦਿਨ ਝੜੀਆਂ ਲੱਗੀਆਂ ਰਹਿਣੀਆਂ। ਸੂਰਜ ਦੇਵਤਾ ਸਾਉਣ ਵਿੱਚ ਘੱਟ ਹੀ ਦਿਖਾਈ ਦਿੰਦਾ ਸੀ। ਉਦੋਂ ਘਰ ਤਕਰੀਬਨ ਜ਼ਿਆਦਾਤਰ ਕੱਚੀ ਮਿੱਟੀ ਦੇ ਬਣੇ ਹੁੰਦੇ ਸਨ। ਕੋਈ ਵਿਰਲਾ ਟਾਵਾਂ ਹੀ ਹੁੰਦਾ ਸੀ, ਜਿਸਦਾ ਘਰ ਪੱਕਾ ਹੁੰਦਾ ਸੀ। ਘਰਾਂ ਵਿੱਚੋਂ ਬਾਲਣ ਖ਼ਤਮ ਹੋ ਜਾਂਦਾ ਸੀ, ਘਰਾਂ ਦੀਆਂ ਛੱਤਾਂ ਚੋਣ ਲੱਗ ਪੈਂਦੀਆਂ ਸਨ। ਛੱਤਾਂ ਚੋਣ ਨਾਲ ਇਕੱਠਾ ਕੀਤਾ ਬਾਲਣ ਗਿੱਲਾ ਹੋ ਜਾਣਾ। ਬਾਲਣ ਤੋਂ ਬਿਨਾਂ ਬੜੀ ਮੁਸ਼ਕਿਲ ਆਉਣੀ। ਫਿਰ ਡੰਗਰਾਂ ਦਾ ਸੁੱਕਾ ਚਾਰਾ ਮੁੱਕ ਜਾਣਾ ਤਾਂ ਮੁਸ਼ਕਿਲ ਹੋਰ ਵੀ ਵਧ ਜਾਣੀ। ਘਰ ਜ਼ਿਆਦਾਤਰ ਕੱਚੇ ਹੋਣ ਨਾਲ ਕਈ-ਕਈ ਦਿਨ ਪੈਂਦੇ ਮੀਂਹ ਕਾਰਨ ਕਿਸੇ ਦਾ ਆਪਣਾ ਰਹਿਣ ਵਾਲਾ ਕੋਠਾ, ਕਿਸੇ ਦਾ ਡੰਗਰਾਂ ਵਾਲਾ ਕੋਠਾ ਜਾਂ ਕਿਸੇ ਦੀ ਕੰਧ ਡਿੱਗਣ ਦੀਆਂ ਆਵਾਜ਼ਾਂ ਸਾਉਣ ਵਿੱਚ ਆਉਣੀਆਂ ਆਮ ਗੱਲ ਸੀ। ਜੇ ਕਿਸੇ ਦਾ ਕੋਠਾ ਡਿੱਗ ਪੈਂਦਾ ਜਾਂ ਘਰ ਨੀਵਾਂ ਹੋਣ ਕਰਕੇ ਪਾਣੀ ਆ ਜਾਂਦਾ ਤਾਂ ਲੋਕ ਆਪਣਾ ਜ਼ਰੂਰੀ ਤੇ ਕੀਮਤੀ ਸਾਮਾਨ ਕਿਸੇ ਦੂਜੇ ਦੇ ਘਰ, ਜਿਸਦਾ ਘਰ ਉੱਚੀ ਥਾਂ ’ਤੇ ਹੁੰਦਾ ਸੀ, ਉਸ ਘਰ ਆਪਣਾ ਸਾਮਾਨ ਸਿਰਾਂ ’ਤੇ ਜਾਂ ਗੱਡਿਆਂ ’ਤੇ ਲੱਦ ਕੇ ਪਹੁੰਚਾਉਂਦੇ ਆਮ ਵੇਖੇ ਜਾਂਦੇ ਸਨ। ਕਿਸੇ ਦੂਜੇ ਦਾ ਕੰਧ ਕੋਠਾ ਡਿੱਗਾ ਵੇਖ ਕੇ ਸਾਰਿਆਂ ਨੂੰ ਆਪੋ-ਆਪਣੇ ਕੰਧਾਂ ਕੋਠਿਆਂ ਦਾ ਖ਼ਿਆਲ ਸਤਾਉਣ ਲੱਗ ਜਾਣਾ ਕਿ ਜੇ ਕੋਈ ਕੰਧ ਕੋਠਾ ਮੀਂਹ ਵਿੱਚ ਡਿੱਗ ਪਿਆ ਤਾਂ ਇਸ ਬਾਰਸ਼ ਵਿੱਚ ਕਿੱਥੇ ਜਾਵਾਂਗੇ ਜਾਂ ਡੰਗਰ ਕਿੱਥੇ ਬੰਨ੍ਹਾਂਗੇ। ਲੋਕ ਮੀਂਹ ਘੱਟ ਹੋਣ ’ਤੇ ਕੋਠਿਆਂ ’ਤੇ ਚੜ੍ਹ ਕੇ ਛੱਤਾਂ ਵੇਖਦੇ ਨਜ਼ਰ ਪੈਂਦੇ ਸਨ। ਕਈ ਨੀਵੇਂ ਘਰ ਹੋਣ ਕਰਕੇ ਬਾਲਟੀ ਤੇ ਡੱਬਿਆਂ ਨਾਲ ਪਾਣੀ ਬਾਹਰ ਕੱਢਦੇ ਸਨ। ਅੱਜਕੱਲ੍ਹ ਇਹ ਸਭ ਕੁਝ ਨਹੀਂ ਹੈ। ਇਨਸਾਨ ਲਈ ਬਹੁਤ ਸੁੱਖ ਸਹੂਲਤਾਂ ਹੋ ਗਈਆਂ ਹਨ। ਜ਼ਿਆਦਾ ਮੀਂਹ ਪੈਣ ਨਾਲ ਬਾਹਰ ਗਲੀਆਂ, ਨਾਲੀਆਂ, ਛੱਪੜ, ਟੋਭਿਆਂ ਵਿੱਚ ਪਾਣੀ ਭਰ ਜਾਂਦਾ ਸੀ। ਬੱਚਿਆਂ ਨੇ ਛੱਪੜਾਂ, ਟੋਭਿਆਂ ਵਿੱਚ ਨਹਾਉਂਦੇ ਫਿਰਨਾ। ਉਸ ਪਾਣੀ ਵਿੱਚ ਕਾਗਜ਼ ਦੀਆਂ ਕਿਸ਼ਤੀਆਂ ਬਣਾ ਕੇ ਤਾਰਨੀਆਂ। ਗਲੀਆਂ ਵਿੱਚ ਸਾਈਕਲ ਦਾ ਟਾਇਰ ਲੈ ਕੇ ਪਾਣੀ ਵਿੱਚ ਨੰਗ-ਧੜੰਗੇ ਟਾਇਰ ਭਜਾਈ ਫਿਰਨੇ। ਇੱਕ ਦੂਜੇ ਉੱਤੇ ਛਿੱਟੇ ਪਾਉਣੇ ਤੇ ਉੱਚੀ-ਉੱਚੀ ਗਾਉਂਦੇ ਫਿਰਨਾ;

ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਬਰਸਾ ਦੇ ਜ਼ੋਰੋ ਜ਼ੋਰ
***
ਰੱਬਾ ਰੱਬਾ ਮੀਂਹ ਬਰਸਾ
ਸਾਡੀ ਕੋਠੀ ਦਾਣੇ ਪਾ

ਸਾਉਣ ਦੇ ਮਹੀਨੇ ਦਾ ਜ਼ਿਕਰ ਜਿਸ ਤਰ੍ਹਾਂ ਗੁਰਬਾਣੀ ਵਿੱਚ ਕਈ ਵਾਰ ਆਇਆ ਹੈ, ਇਸੇ ਤਰ੍ਹਾਂ ਹੀ ਸਮੇਂ-ਸਮੇਂ ’ਤੇ ਕਵੀਆਂ ਨੇ ਵੀ ਇਸ ਦਾ ਬਾਖ਼ੂਬੀ ਜ਼ਿਕਰ ਕਰਦਿਆਂ ਅਨੇਕਾਂ ਗੀਤ ਰਚੇ ਹਨ।

(ਬਾਕੀ ਸਫ਼ਾ 27 ’ਤੇ)




# ਤਣਾਅ ਹੇਠ ਬਚਪਨ



**ਹਰਮੰਤ ਸਿੰਘ ਢੀਂਡਸਾ**

ਬਚਪਨ ਮਨੁੱਖੀ ਜੀਵਨ ਦਾ ਮੁੱਢਲਾ ਪੜਾਅ ਹੈ। ਮਨੁੱਖ ਦੇ ਨਰੋਏ ਜੀਵਨ ਦੀ ਨੀਂਹ ਬਚਪਨ ਤੋਂ ਹੀ ਰੱਖੀ ਜਾਂਦੀ ਹੈ। ਜੇਕਰ ਮਨੁੱਖ ਦੀ ਰੁੱਖ ਵਾਂਗ ਜੜ ਹੀ ਕਮਜ਼ੋਰ ਹੋ ਗਈ ਤਾਂ ਮਨੁੱਖ ਦਾ ਸਮੁੱਚਾ ਵਿਕਾਸ ਅਸੰਭਵ ਹੈ। ਵਰਤਮਾਨ ਸਮੇਂ ਸਾਡੇ ਬੱਚਿਆਂ ਦਾ ਬਚਪਨ ਤਣਾਅ ਹੇਠ ਜਾਣਾ ਬਹੁਤ ਚਿੰਤਾ ਦਾ ਵਿਸ਼ਾ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਹਰ ਸਾਲ 13 ਹਜ਼ਾਰ ਦੇ ਕਰੀਬ ਵਿਦਿਆਰਥੀ ਤਣਾਅ ਅਧੀਨ ਆਤਮਹੱਤਿਆ ਦਾ ਰਾਹ ਚੁਣ ਲੈਂਦੇ ਹਨ।ਆਤਮ ਹੱਤਿਆ ਦਾ ਮੁੱਖ ਕਾਰਨ ਪੜ੍ਹਾਈ ਦਾ ਤਣਾਅ, ਇਮਤਿਹਾਨਾਂ ਦਾ ਬੋਝ ਅਤੇ ਕੈਰੀਅਰ ਪ੍ਰਤੀ ਚਿੰਤਾ ਮੁੱਖ ਹਨ। ਵਿਦਿਆਰਥੀਆਂ ਦੀਆਂ ਆਤਮਹੱਤਿਆਵਾਂ ਦਾ ਅੰਕੜਾ ਹਰ ਸਾਲ ਵਧਦਾ ਜਾ ਰਿਹਾ ਹੈ। ਰਾਜਸਥਾਨ ਦਾ ਸ਼ਹਿਰ ਕੋਟਾ ਕੋਚਿੰਗ ਦਾ ਹੱਬ ਮੰਨਿਆ ਜਾਂਦਾ ਹੈ। ਬਹੁਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਨੀਟ ਅਤੇ ਜੇਈ ਦੇ ਇਮਤਿਹਾਨਾਂ ਦੀ ਤਿਆਰੀ ਲਈ ਕੋਟਾ ਸ਼ਹਿਰ ਆਉਂਦੇ ਹਨ। ਹਰ ਸਾਲ ਇਸ ਸ਼ਹਿਰ ਵਿੱਚ ਪ੍ਰੀਖਿਆਵਾਂ ਵਿੱਚ ਅਸਫਲ ਰਹਿਣ ਕਾਰਨ ਵੱਡੀ ਗਿਣਤੀ ਵਿੱਚ ਵਿਦਿਆਰਥੀ ਮੌਤ ਨੂੰ ਗਲੇ ਲਗਾ ਲੈਂਦੇ ਹਨ। ਅੱਜ ਰਾਜਸਥਾਨ ਦਾ ਕੋਟਾ ਸ਼ਹਿਰ ਪੜ੍ਹਾਈ ਦੇ ਨਾਲ ਮੌਤ ਦਾ ਕੋਟਾ ਬਣ ਗਿਆ ਹੈ। ਸਿੱਖਿਆ ਦਾ ਅਰਥ ਚੰਗੇ ਮਨੁੱਖ ਪੈਦਾ ਕਰਨਾ ਹੈ ਨਾ ਕਿ ਬੱਚਿਆਂ ਦਾ ਬਚਪਨ ਖੋਹਣਾ। ਸ਼ਾਇਰ ਸੁਰਜੀਤ ਪਾਤਰ ਦਾ ਸ਼ਿਅਰ ਹੈ;

ਭਾਰੇ ਭਾਰੇ ਬਸਤੇ, ਲੰਬੇ ਲੰਬੇ ਰਸਤੇ
ਥੱਕ ਗਏ ਨੇ ਗੋਡੇ, ਦੁਖਣ ਲੱਗ ਪਏ ਨੇ ਮੋਢੇ
ਇੰਨਾ ਭਾਰ ਚੁਕਾਇਆ ਏ ਅਸੀਂ ਕੋਈ ਖੋਤੇ ਆਂ ?

ਕਦੇ ਸਮਾਂ ਹੁੰਦਾ ਸੀ ਜਦੋਂ ਪੰਜਵੀਂ ਤੱਕ ਬਹੁਤ ਸੌਖਾ ਸਿਲੇਬਸ ਹੁੰਦਾ ਸੀ ਅਤੇ ਛੇਵੀਂ ਕਲਾਸ ਵਿੱਚ ਜਾ ਕੇ ਚਾਰ ਲਾਈਨਾਂ ਵਾਲੀ ਕਾਪੀ ਲੱਗਦੀ ਸੀ। ਇਸ 'ਤੇ ਬੱਚਿਆਂ ਨੂੰ ਬਹੁਤ ਪਿਆਰ ਨਾਲ ਛੋਟੀ ਏ.ਬੀ.ਸੀ. ਅਤੇ ਵੱਡੀ ਏ.ਬੀ.ਸੀ. ਲਿਖਣ ਦੀ ਤਰਤੀਬ ਦੱਸੀ ਜਾਂਦੀ ਅਤੇ ਬੱਚਿਆਂ ਨੂੰ ਸ਼ਬਦ ਜੋੜ ਕਰਾਏ ਜਾਂਦੇ। ਬੱਚੇ ਇਸ ਵਿੱਚ ਬਹੁਤ ਦਿਲਚਸਪੀ ਲੈਂਦੇ ਸਨ। ਉਸ ਸਮੇਂ ਵਿੱਚ ਸਰਕਾਰੀ ਸਕੂਲਾਂ ਵਿੱਚੋਂ ਦੁਨੀਆ ਦੇ ਬਹੁਤ ਵੱਡੇ ਵੱਡੇ ਵਿਦਵਾਨ ਪੈਦਾ ਹੋਏ। ਜੇਕਰ ਬੱਚਾ ਮਾਤ ਭਾਸ਼ਾ ਵਿੱਚ ਸੰਪੂਰਨ ਨਹੀਂ ਹੋਵੇਗਾ ਤਾਂ ਉਹ ਦੂਜੀ ਭਾਸ਼ਾ ਕਦੇ ਵੀ ਸਿੱਖ ਨਹੀਂ ਸਕਦਾ।

ਪੰਜਾਬੀ ਯੂਨੀਵਰਸਿਟੀ ਦੇ ਪ੍ਰਸਿੱਧ ਸਿੱਖਿਆ ਸ਼ਾਸਤਰੀ ਡਾ. ਜੋਗਾ ਸਿੰਘ ਦੇ ਵਿਚਾਰ ਅਨੁਸਾਰ ਜੇਕਰ ਇਨਸਾਨ ਛੇ ਮਹੀਨਿਆਂ ਵਿੱਚ ਦਿਲਚਸਪੀ ਨਾਲ ਸਿੱਖਣਾ ਚਾਹੇ ਤਾਂ ਉਹ ਕਿਸੇ ਵੀ ਭਾਸ਼ਾ ਨੂੰ ਸਿੱਖ ਸਕਦਾ ਹੈ। ਉਨ੍ਹਾਂ ਕਿਹਾ ਕਿ ਬੱਚੇ ਦਾ ਸੰਪੂਰਨ ਵਿਕਾਸ ਮਾਤ ਭਾਸ਼ਾ ਵਿੱਚ ਹੀ ਹੋ ਸਕਦਾ ਹੈ। ਕਦੇ ਸੁਣਿਓ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾਕਟਰ ਕਿਰਪਾਲ ਸਿੰਘ ਔਲਖ ਦੇ ਵਿਚਾਰ ਕਿ ਕਿਵੇਂ ਉਹ ਇੱਕ ਸਧਾਰਨ ਪੇਂਡੂ ਪਰਿਵਾਰ ਵਿੱਚੋਂ ਪੜ੍ਹੇ ਅਤੇ ਨਾਲ ਹੀ ਪਹਿਲਵਾਨੀ ਕੀਤੀ ਅਤੇ ਖੇਤੀਬਾੜੀ ਵਿਗਿਆਨੀ ਬਣੇ। ਫਿਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ। ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਅੱਜ ਵੀ ਆਪਣੀ ਖੇਤੀ ਆਪਣੇ ਹੱਥੀਂ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਵਿਗਿਆਨ ਦਾ ਸਹੀ ਗਿਆਨ ਵੀ ਮਾਤ ਭਾਸ਼ਾ ਵਿੱਚ ਲਿਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਵਿਦਵਾਨਾਂ ਅਤੇ ਵਿਗਿਆਨੀਆਂ ਦਾ ਕਾਲ ਪੈ ਗਿਆ ਹੈ। ਸਿੱਖਿਆ ਵਪਾਰ ਬਣ ਗਈ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸਰਦਾਰਾ ਸਿੰਘ ਜੌਹਲ ਕਿਹੜੇ ਔਖੇ ਹਾਲਤਾਂ ਵਿੱਚ ਪੜ੍ਹੇ, ਜੇ ਜਾਣਨਾ ਹੈ ਤਾਂ ਉਨ੍ਹਾਂ ਦੀ ਸਵੈ ਜੀਵਨੀ 'ਰੰਗਾਂ ਦੀ ਗਾਗਰ' ਪੜ੍ਹੋ। ਉਨ੍ਹਾਂ ਨੇ ਆਪਣੇ ਬੇਟੇ ਜਨਮੇਜਾ ਸਿੰਘ ਜੌਹਲ ਨੂੰ ਖੇਤੀਬਾੜੀ ਵਿਗਿਆਨ ਦੀ ਵੱਡੀ ਡਿਗਰੀ ਕਰਵਾਈ, ਪ੍ਰੰਤੂ ਉਨ੍ਹਾਂ ਨੇ ਆਪਣੇ ਬੇਟੇ ਦਾ ਸ਼ੌਕ ਨਹੀਂ ਮਾਰਿਆ, ਜੋ ਕਿ ਅੱਜਕੱਲ੍ਹ ਬਹੁਤ ਵਧੀਆ ਫੋਟੋਗ੍ਰਾਫੀ ਕਰਦਾ ਹੈ। ਅੱਜ ਮਾਤਾ-ਪਿਤਾ ਆਪਣੇ ਬੱਚਿਆਂ 'ਤੇ ਜ਼ਬਰੀ ਫ਼ੈਸਲੇ ਠੋਸ ਰਹੇ ਹਨ। ਉਨ੍ਹਾਂ ਦੇ ਸ਼ੌਕ ਨਹੀਂ ਦੇਖ ਰਹੇ, ਸਿੱਟੇ ਵਜੋਂ ਬੱਚੇ ਤਣਾਅ ਵਿੱਚ ਜਾ ਰਹੇ ਹਨ। ਜੇਕਰ ਬੱਚੇ ਦਾ ਬਚਪਨ ਹੀ ਤਣਾਅ ਵਿੱਚ ਚਲਾ ਗਿਆ ਤਾਂ ਫਿਰ ਉਸ ਦੀ ਅਗਲੀ ਜ਼ਿੰਦਗੀ ਕਿਵੇਂ ਬੀਤੇਗੀ। ਸਾਬਕਾ ਆਈ.ਏ.ਐਸ. ਅਧਿਕਾਰੀ ਨ੍ਰਿਪਿੰਦਰ ਰਤਨ ਆਪਣੀ ਪੁਸਤਕ 'ਕਤਰਨ ਕਤਰਨ ਯਾਦਾਂ' ਵਿੱਚ ਜ਼ਿਕਰ ਕਰਦਾ ਹੈ, "ਜਦੋਂ ਮੈਂ ਠੰਢ ਵਿੱਚ ਆਪਣੇ ਪੋਤੇ ਨੂੰ ਪੀਲੀ ਪ੍ਰਾਈਵੇਟ ਸਕੂਲ ਦੀ ਬੱਸ ਵਿੱਚ ਚੜ੍ਹਾਉਣ ਜਾਂਦਾ ਹਾਂ, ਤਾਂ ਮੈਂ ਸੋਚਦਾ ਹਾਂ ਕਿ ਬੱਚੇ ਫੁੱਲ ਨਹੀਂ ਹੁੰਦੇ, ਜੇਕਰ ਬੱਚੇ ਫੁੱਲ ਹੁੰਦੇ ਤਾਂ ਫੁੱਲਾਂ ਦੇ ਕਤਲਗਾਹ ਨਾ ਹੁੰਦੇ, ਇਹ ਸਕੂਲ ਸਿੱਖਿਆ ਦੀਆਂ ਸੰਸਥਾਵਾਂ, ਸੱਚਮੁੱਚ ਬੱਚਿਆਂ ਦੀਆਂ ਕਤਲਗਾਹ ਹਨ। ਜੋ ਬਚਪਨਾ ਖੋਹ ਰਹੀਆਂ ਹਨ।"

ਬੱਚੇ ਦਾ ਮਾਨਸਿਕ ਵਿਕਾਸ ਕਦੋਂ ਹੋਵੇਗਾ ? ਜਿਹੜਾ ਖੇਡ ਗਰਾਊਂਡਾਂ ਵਿੱਚ ਖੇਡਣ ਦਾ ਸਮਾਂ ਸੀ, ਉਸ ਸਮੇਂ ਬੱਚੇ ਫੋਨ ਉੱਤੇ ਗੇਮਾਂ ਖੇਡਦੇ ਹਨ ਜਾਂ ਆਨਲਾਈਨ ਕਲਾਸਾਂ ਲਾਉਂਦੇ ਹਨ। ਅੱਜ ਸਾਰੀਆਂ ਯੂਨੀਵਰਸਿਟੀਆਂ ਦੇ ਮਨੋਵਿਗਿਆਨ ਵਿਭਾਗ ਅਤੇ ਬਹੁਤ ਸਾਰੇ ਡਾਕਟਰ ਇਸ ਗੱਲ ਦੀ ਚਿੰਤਾ ਵਿੱਚ ਹਨ ਕਿ ਬਚਪਨ ਨੂੰ ਕਿਵੇਂ ਤਣਾਅ ਤੋਂ ਬਚਾਇਆ ਜਾਵੇ, ਤਾਂ ਕਿ ਬੱਚਿਆਂ ਦੀਆਂ ਆਤਮਹੱਤਿਆਵਾਂ ਰੁਕ ਸਕਣ। ਅੱਜ ਬੱਚਿਆਂ ਨੂੰ ਸਹਿਣਸ਼ੀਲਤਾ ਦਾ ਪਾਠ ਪੜ੍ਹਾਉਣ ਦੀ ਲੋੜ ਹੈ। ਅੱਜ ਮਾਤਾ-ਪਿਤਾ ਬੱਚਿਆਂ ਨੂੰ ਦੱਸਣ ਕਿ ਬੇਟਾ ਇਮਤਿਹਾਨਾਂ ਤੋਂ ਡਰਨ ਦੀ ਲੋੜ ਨਹੀਂ, ਸਗੋਂ ਜ਼ਿੰਦਗੀ ਇੱਕ ਪ੍ਰੀਖਿਆ ਹੈ। ਜੇਕਰ ਤੁਹਾਡਾ ਪੜ੍ਹਾਈ ਵਿੱਚ ਹੱਥ ਤੰਗ ਹੈ ਤਾਂ ਜ਼ਿੰਦਗੀ ਵਿੱਚ ਕਾਮਯਾਬੀ ਦੇ ਹੋਰ ਬਹੁਤ ਰਸਤੇ ਹਨ। ਜ਼ਿੰਦਗੀ ਪਰਮਾਤਮਾ ਦੀ ਦਾਤ ਹੈ, ਖੁੱਲ੍ਹ ਕੇ ਜ਼ਿੰਦਗੀ ਜੀਓ। ਅੱਜ ਮਾਪਿਆਂ ਨੂੰ ਅਜਿਹੀਆਂ ਵਿੱਦਿਅਕ ਸੰਸਥਾਵਾਂ ਤੋਂ ਬਚਣ ਦੀ ਲੋੜ ਹੈ, ਜਿਨ੍ਹਾਂ ਸੰਸਥਾਵਾਂ ਦੀ ਗੱਲ ਪਾਤਰ ਸਾਹਿਬ ਨੇ ਆਪਣੇ ਸ਼ਿਅਰ ਵਿੱਚ ਕੀਤੀ, ਅਜਿਹੀਆਂ ਸੰਸਥਾਵਾਂ ਵਿੱਚ ਬੱਚੇ ਕੀ ਵਿਕਾਸ ਕਰਨਗੇ ਜਿੱਥੇ ਮਾਂ ਬੋਲੀ ਬੋਲਣ 'ਤੇ ਜੁਰਮਾਨਾ ਹੁੰਦਾ ਹੋਵੇ। ਅੰਤ ਵਿੱਚ ਸੁਰਜੀਤ ਪਾਤਰ ਦਾ ਸ਼ਿਅਰ ਹੈ;

ਬੱਦਲਾਂ ਦੀ ਛਾਂ ਛਾਂ ਦਾ, ਚਿੜੀਆਂ ਦੀ ਚੀਂ ਚੀ ਦਾ
ਇੱਕ ਆਪਣਾ ਹੀ ਤਰਾਨਾ ਹੁੰਦਾ ਏ
ਮੈਂ ਸੁਣਿਆ ਇਸ ਧਰਤੀ 'ਤੇ ਐਸਾ ਖਿੱਤਾ ਵੀ ਏ
ਜਿੱਥੇ ਮਾਂ ਬੋਲੀ ਬੋਲਣ 'ਤੇ ਜੁਰਮਾਨਾ ਹੁੰਦਾ ਏ।

ਆਓ, ਪੰਜਾਬੀਓ ਅੱਜ ਕੁਦਰਤ ਦੇ ਅਨੁਸਾਰ ਜੀਵਨ ਜਿਊਣਾ ਸ਼ੁਰੂ ਕਰੀਏ। ਆਪਣੇ ਬੱਚਿਆਂ ਨੂੰ ਤਣਾਅ ਮੁਕਤ ਜ਼ਿੰਦਗੀ ਜਿਊਣ ਲਈ ਮਾਹੌਲ ਸਿਰਜੀਏ ਤਾਂ ਕਿ ਸਾਡਾ ਭਵਿੱਖ ਖ਼ੁਸ਼ਹਾਲ ਹੋਵੇ।

# ਬੱਚਿਆਂ ਨੂੰ ਦਿਓ ਨੈਤਿਕਤਾ ਦੀ ਸਿੱਖਿਆ


**ਬਰਜਿੰਦਰ ਕੌਰ**

ਅਜੋਕੇ ਬੱਚਿਆਂ ਦੇ ਸੁਭਾਅ, ਕਿਰਦਾਰ ਅਤੇ ਵਿਵਹਾਰ ਵਿੱਚ ਭਾਰੀ ਤਬਦੀਲੀ ਆਈ ਹੈ। ਭਾਰਤੀ ਅਤੇ ਪੱਛਮੀ ਸੱਭਿਅਤਾ ਦੇ ਮਿਸ਼ਰਣ ਹੇਠ ਪਲਦੇ ਹੋਏ ਅੱਜ ਦੇ ਬੱਚੇ ਨਾ ਤਾਂ ਪੁਰਾਤਨ ਪਰੰਪਰਾਵਾਂ ਨੂੰ ਪੂਰੀ ਤਰ੍ਹਾਂ ਅਪਣਾ ਸਕਦੇ ਹਨ ਤੇ ਨਾ ਹੀ ਬਹੁਤ ਜ਼ਿਆਦਾ ਪੱਛਮੀ ਪ੍ਰਭਾਵ ਹੇਠ ਜੀਵਨ ਬਤੀਤ ਕਰਨ ਦੀ ਸਾਡਾ ਸਮਾਜ ਇਜਾਜ਼ਤ ਦਿੰਦਾ ਹੈ। ਇਸ ਦੋਹਰੇ ਮਾਪਦੰਡ ਵਿੱਚੋਂ ਗੁਜ਼ਰਦੇ ਹੋਏ ਬੱਚਿਆਂ ਦੇ ਸੁਭਾਅ ਵਿੱਚ ਵਿਗਾੜ ਪੈਦਾ ਹੋ ਰਿਹਾ ਹੈ ਜੋ ਬੱਚਿਆਂ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਅਤੇ ਅਨੈਤਿਕਤਾ ਵੱਲ ਧਕੇਲ ਰਿਹਾ ਹੈ। ਇਸ ਵਿੱਚ ਇਕੱਲਾ ਦੋਸ਼ ਬੱਚਿਆਂ ਦਾ ਨਹੀਂ ਸਗੋਂ ਮਾਪੇ, ਅਧਿਆਪਕ ਅਤੇ ਸਾਡਾ ਸਮਾਜ ਵੀ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ।

ਪੁਰਾਣੇ ਬਚਪਨ ਦੇ ਮੁਕਾਬਲੇ ਅੱਜ ਦੇ ਬੱਚਿਆਂ ਕੋਲ ਸੁੱਖ ਸਹੂਲਤਾਂ ਦੀ ਕੋਈ ਕਮੀ ਨਹੀਂ ਹੈ।ਅੱਜ ਉਨ੍ਹਾਂ ਨੂੰ ਜ਼ਿੰਦਗੀ ਬਸਰ ਕਰਨ ਲਈ, ਪੜ੍ਹਾਈ ਕਰਨ ਲਈ, ਰਹਿਣ ਸਹਿਣ ਲਈ, ਆਉਣ ਜਾਣ ਲਈ, ਖਾਣ ਪੀਣ ਲਈ, ਆਰਾਮ ਕਰਨ ਲਈ ਵਧੀਆ ਤੋਂ ਵਧੀਆ ਸਾਧਨ ਮੁਹੱਈਆ ਕਰਵਾਏ ਜਾਂਦੇ ਹਨ, ਪਰ ਫਿਰ ਵੀ ਅੱਜ ਦੇ ਬੱਚੇ ਮਾਨਸਿਕ ਤਣਾਅ ਵਿੱਚੋਂ ਗੁਜ਼ਰਦੇ ਹੋਏ ਸਾਡੀਆਂ ਰਵਾਇਤੀ ਕਦਰਾਂ ਕੀਮਤਾਂ ਤੋਂ ਕਿਉਂ ਵਾਂਝੇ ਹੋ ਰਹੇ ਹਨ ? ਇਹ ਇੱਕ ਬਹੁਤ ਹੀ ਵਿਚਾਰਨਯੋਗ ਵਿਸ਼ਾ ਹੈ।

ਜੇ ਅਜੋਕੇ ਬੱਚਿਆਂ ਦੇ ਮੁਕਾਬਲੇ ਦੋ ਤਿੰਨ ਕੁ ਦਹਾਕੇ ਪੁਰਾਣੇ ਬੱਚਿਆਂ ਦੇ ਜੀਵਨ 'ਤੇ ਪੰਛੀ ਝਾਤ ਮਾਰੀਏ ਤਾਂ ਸਾਨੂੰ ਅੱਜ ਦੇ ਪਾਲਣ ਪੋਸ਼ਣ ਵਿੱਚ ਕਈ ਕਮੀਆਂ ਲੱਗਣਗੀਆਂ। ਪੁਰਾਣੇ ਸਮੇਂ ਦਾ ਸਮਾਜਿਕ ਢਾਂਚਾ ਤੇ ਜੀਵਨ-ਸ਼ੈਲੀ ਅੱਜ ਨਾਲੋਂ ਬਿਲਕੁਲ ਵੱਖਰੀ ਸੀ। ਉਦੋਂ ਲੋਕਾਂ ਦੇ ਸੁਭਾਅ ਸਿੱਧੇ ਸਾਦੇ ਹੁੰਦੇ ਸਨ, ਸਾਂਝੇ ਪਰਿਵਾਰ ਅਤੇ ਆਪਸੀ ਭਾਈਚਾਰਕ ਸਾਂਝ ਹੁੰਦੀ ਸੀ। ਪਰਿਵਾਰਾਂ ਵਿੱਚ ਬੱਚਿਆਂ ਦਾ ਪਾਲਣ ਪੋਸ਼ਣ ਵੀ ਉਸੇ ਤਰ੍ਹਾਂ ਕੀਤਾ ਜਾਂਦਾ ਸੀ, ਜਿਸ ਵਿੱਚ ਕੋਈ ਦਿਖਾਵਾ ਜਾਂ ਮਹਿੰਗੇ ਸ਼ੌਕ ਨਹੀਂ ਸਨ। ਬੱਚਿਆਂ ਦੀ ਗ਼ਲਤੀ ਕਰਨ 'ਤੇ ਤੁਰੰਤ ਰੋਕ-ਟੋਕ ਹੁੰਦੀ ਸੀ, ਸਿਰਫ਼ ਮਾਂ-ਪਿਉ ਵੱਲੋਂ ਹੀ ਨਹੀਂ ਸਗੋਂ ਆਂਢ ਗੁਆਂਢ ਦੇ ਵੱਡੇ ਵੀ ਬੱਚੇ ਨੂੰ ਟੋਕ ਸਕਦੇ ਸਨ। ਉਦੋਂ ਬੱਚਿਆਂ ਨੂੰ ਸ਼ਰਮ-ਹਯਾ ਤੇ ਲੋਕ-ਲਾਜ ਦਾ ਡਰ ਹੁੰਦਾ ਸੀ। ਛੋਟੀ ਉਮਰ ਤੋਂ ਹੀ ਖੇਤ, ਡੰਗਰ, ਛੋਟੇ ਭੈਣ-ਭਰਾ ਸੰਭਾਲਣ 'ਚ ਹੱਥ ਵਟਾਉਂਦੇਸਨ। ਮਿਹਨਤ ਕਰਨ ਨਾਲ ਬੱਚਿਆਂ ਵਿੱਚ ਉਤਸ਼ਾਹ ਪੈਦਾ ਹੁੰਦਾ ਸੀ, ਉਨ੍ਹਾਂ ਨੂੰ ਆਪਣੀ ਰੋਟੀ ਦੀ ਕੀਮਤ ਪਤਾ ਲੱਗਦੀ ਸੀ ਤੇ ਅਹਿਮ ਪੱਖ ਇਹ ਸੀ ਕਿ ਵਿਅਰਥ ਕੰਮਾਂ ਵਿੱਚ ਘੱਟ ਰੁਚੀ ਹੁੰਦੀ ਸੀ। ਘਰਦੇ ਵੱਡਿਆਂ ਨਾਲ ਗੁਰਦੁਆਰੇ, ਮੰਦਰ ਆਦਿ ਧਾਰਮਿਕ ਸਥਾਨਾਂ 'ਤੇ ਜਾਣਾ ਉਨ੍ਹਾਂ ਦੀ ਰੋਜ਼ਾਨਾ ਜੀਵਨ ਦਾ ਹਿੱਸਾ ਸੀ। ਉੱਥੇ ਗੁਰੂ ਸਾਹਿਬਾਨ ਦੀਆਂ ਸਾਖੀਆਂ, ਜਨਮ-ਸਾਖੀਆਂ, ਰਮਾਇਣ-ਮਹਾਂਭਾਰਤ ਆਦਿਕ ਵਿੱਚੋਂ ਧਾਰਮਿਕ ਕਹਾਣੀਆਂ ਸੁਣ ਕੇ ਸੱਚ, ਸੇਵਾ, ਕੁਰਬਾਨੀ ਦੇ ਪਾਠ ਮਿਲਦੇ ਸਨ। 'ਜੋ ਬੀਜੋਗੇ, ਸੋ ਵੱਢੋਗੇ' ਵਰਗੇ ਸਿਧਾਂਤ ਬਚਪਨ ਤੋਂ ਹੀ ਮਨ 'ਚ ਬੈਠ ਜਾਂਦੇ ਸਨ। ਉਦੋਂ ਮੋਬਾਈਲ, ਟੀਵੀ, ਇੰਟਰਨੈੱਟ ਵਰਗੇ ਸਾਧਨ ਉਪਲੱਬਧ ਨਹੀਂ ਸਨ। ਨੁਕਸਾਨਦੇਹ ਕੰਟੈਂਟਾਂ ਤੱਕ ਉਨ੍ਹਾਂ ਦੀ ਪਹੁੰਚ ਹੀ ਨਹੀਂ ਸੀ ਬਲਕਿ ਖਾਲੀ ਸਮਾਂ ਖੇਡਾਂ, ਮੇਲਿਆਂ ਜਾਂ ਘਰ ਦੇ ਬਜ਼ੁਰਗਾਂ ਦੀ ਸੰਗਤ ਵਿੱਚ ਲੰਘਦਾ ਸੀ ਜਿਸ ਨਾਲ ਉਨ੍ਹਾਂ ਉੱਪਰ ਬਾਹਰੀ ਪ੍ਰਭਾਵ ਘੱਟ ਪੈਂਦਾ ਸੀ। ਉਨ੍ਹਾਂ ਸਮਿਆਂ ਵਿੱਚ ਬੱਚੇ ਆਪਣੇ ਅਧਿਆਪਕਾਂ ਅਤੇ ਬਜ਼ੁਰਗਾਂ ਦਾ ਸਤਿਕਾਰ ਕਰਦੇ ਸਨ। ਅਧਿਆਪਕ ਨੂੰ ਗੁਰੂ ਮੰਨਦੇ ਸਨ ਤੇ ਉਨ੍ਹਾਂ ਦਾ ਦਰਜਾ ਮਾਪਿਆਂ ਜਿੰਨਾ ਹੀ ਸੀ। ਉਸ ਸਮੇਂ ਅਧਿਆਪਕਾਂ ਦੀ ਮਾਰ ਨੂੰ ਵੀ ਪਿਆਰ ਸਮਝਿਆ ਜਾਂਦਾ ਸੀ। ਅਧਿਆਪਕਾਂ ਅੱਗੇ ਬੋਲਣ ਦੀ ਤਾਂ ਹਿੰਮਤ ਹੀ ਨਹੀਂ ਕਰ ਸਕਦੇ ਸਨ ਤੇ ਬਜ਼ੁਰਗਾਂ ਅੱਗੇ ਉੱਚੀ ਬੋਲਣਾ ਪਾਪ ਸਮਝਿਆ ਜਾਂਦਾ ਸੀ। ਇਸ ਸਭ ਨਾਲ ਬੱਚਿਆਂ ਦੀ ਜ਼ਿੰਦਗੀ ਵਿੱਚ ਅਨੁਸ਼ਾਸਨ ਆਪਣੇ-ਆਪ ਆ ਜਾਂਦਾ ਸੀ।

ਅਜੋਕੇ ਬੱਚਿਆਂ ਦਾ ਪਾਲਣ ਪੋਸ਼ਣ ਇਕਹਿਰੇ ਪਰਿਵਾਰਾਂ ਵਿੱਚ ਹੋਇਆ ਹੈ। ਅਜੋਕੇ ਮਾਪਿਆਂ ਕੋਲ ਬੱਚਿਆਂ ਲਈ ਸਮੇਂ ਦੀ ਘਾਟ ਹੈ। ਦੋਵੇਂ ਮਾਂ-ਬਾਪ ਕੰਮਕਾਜੀ ਹੋਣ ਕਰਕੇ ਉਹ ਬੱਚਿਆਂ ਨੂੰ ਪੂਰਾ ਸਮਾਂ ਨਹੀਂ ਦੇ ਪਾਉਂਦੇ ਜਿਸ ਨਾਲ ਬੱਚੇ ਆਪਣੀ ਪਸੰਦ ਅਨੁਸਾਰ ਸਮਾਂ ਬਤੀਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਬਹੁਤ ਸਾਰੀਆਂ ਗਤੀਵਿਧੀਆਂ ਆਪਣੇ ਮਾਪਿਆਂ ਤੋਂ ਲੁਕਾ ਕੇ ਰੱਖਦੇ ਹਨ। ਮੋਬਾਈਲ ਫੋਨ 'ਤੇ ਆਪਣੇ ਮਨਪਸੰਦ ਦਾ ਕੰਟੈਂਟ ਵੇਖਦੇ ਹਨ ਜਿਨ੍ਹਾਂ ਵੱਲ ਮਾਪਿਆਂ ਦਾ ਬਹੁਤਾ ਧਿਆਨ ਨਹੀਂ ਜਾਂਦਾ। ਅੱਜ ਬੱਚਿਆਂ ਉੱਪਰ ਸੋਸ਼ਲ ਮੀਡੀਆ ਦਾ ਬਹੁਤ ਪ੍ਰਭਾਵ ਪੈ ਰਿਹਾ ਹੈ। ਮਾਪਿਆਂ ਕੋਲ ਬੱਚਿਆਂ ਵੱਲੋਂ ਵੇਖੇ ਜਾ ਰਹੇ ਕੰਟੈਂਟ ਦੀ ਨਜ਼ਰਸਾਨੀ ਕਰਨ ਲਈ ਐਨਾ ਸਮਾਂ ਨਹੀਂ ਹੁੰਦਾ ਜਿਸ ਕਾਰਨ ਕਈ ਵਾਰ ਬੱਚੇ ਆਪਣੀ ਉਮਰ ਦੇ ਹਿਸਾਬ ਦੀਆਂ ਗੱਲਾਂ ਨਾ ਵੇਖ ਕੇ ਗ਼ਲਤ ਚੀਜ਼ਾਂ ਵਿੱਚ ਦਿਲਚਸਪੀ ਲੈਂਦੇ ਹਨ। ਅੱਜਕੱਲ੍ਹ ਗਾਲ੍ਹੀ ਗਲੋਚ ਵਾਲੀਆਂ ਵੈੱਬ ਸੀਰੀਜ਼, ਹਿੰਸਕ ਅਤੇ ਅਸ਼ਲੀਲ ਸਮੱਗਰੀ ਉਨ੍ਹਾਂ ਤੱਕ ਆਸਾਨੀ ਨਾਲ ਪਹੁੰਚ ਰਹੀ ਹੈ। ਬੱਚੇ ਜੋ ਵੇਖਦੇ ਹਨ ਉਹੀ ਬਣਨ ਦੀ ਕੋਸ਼ਿਸ਼ ਕਰਦੇ ਹਨ। ਘਰ ਵਿੱਚ ਸਵੇਰ ਤੋਂ ਲੈ ਕੇ ਰਾਤ ਤੱਕ ਹਰ ਸਮੇਂ ਨੱਠ ਭੱਜ ਅਤੇ ਤੇਜ਼ ਰਫ਼ਤਾਰੀ ਦਾ ਮਾਹੌਲ ਹੋਣ ਕਰਕੇ ਮਾਤਾ-ਪਿਤਾ ਦੇ ਆਪਸੀ ਝਗੜੇ ਦਾ ਵੀ ਬੱਚਿਆਂ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ।



ਅਜੋਕੇ ਮਾਪੇ ਪੜ੍ਹੇ ਲਿਖੇ ਤਾਂ ਬਹੁਤ ਹਨ, ਉਹ ਬੱਚਿਆਂ ਨੂੰ ਵਧੀਆ ਤੋਂ ਵਧੀਆ ਸਕੂਲ ਵਿੱਚ ਦਾਖਲ ਕਰਵਾਉਂਦੇਹਨ, ਉਨ੍ਹਾਂ ਨੂੰ ਵਧੀਆ ਤੋਂ ਵਧੀਆ ਟਿਊਸ਼ਨ ਸੈਂਟਰ ਵਿੱਚ ਟਿਊਸ਼ਨ ਭੇਜਦੇ ਹਨ, ਉਨ੍ਹਾਂ ਦੀ ਹਰ ਸੁੱਖ ਸਹੂਲਤ ਉੱਤੇ ਖ਼ਰਚਾ ਵੀ ਦਿਲ ਖੋਲ੍ਹ ਕੇ ਕਰਦੇ ਹਨ, ਪਰ ਜੋ ਕੰਮ ਅਸਲ ਵਿੱਚ ਕਰਨਾ ਚਾਹੀਦਾ ਹੈ ਉਹ ਨਹੀਂ ਕਰਦੇ। ਬਦਕਿਸਮਤੀ ਨਾਲ ਉਹ ਪੈਸੇ ਨਾਲ ਖ਼ਰੀਦੀਆਂ ਸੁੱਖ ਸਹੂਲਤਾਂ ਨੂੰ ਹੀ ਵਧੀਆ ਪਾਲਣ ਪੋਸ਼ਣ ਦਾ ਨਾਂਅ ਦੇ ਦਿੰਦੇ ਹਨ। ਕਈ ਬਹੁਤ ਪੜ੍ਹੇ ਲਿਖੇ ਮਾਪੇ ਨਾ ਤਾਂ ਆਪਣੇ ਵੱਡਿਆਂ ਨੂੰ ਨਾਲ ਰੱਖ ਕੇ ਖ਼ੁਸ਼ ਹੁੰਦੇ ਹਨ, ਜੇ ਕਿਤੇ ਰੱਖਣਾ ਵੀ ਪੈ ਜਾਏ ਤਾਂ ਉਨ੍ਹਾਂ ਨੂੰ ਬੋਝ ਸਮਝਦੇ ਹਨ ਤੇ ਉਨ੍ਹਾਂ ਨਾਲ ਅਮਾਨਵੀ ਵਰਤਾਰਾ ਕਰਦੇ ਹਨ, ਜਿਸ ਦਾ ਬੁਰਾ ਪ੍ਰਭਾਵ ਉਨ੍ਹਾਂ ਦੇ ਬੱਚਿਆਂ ਉੱਤੇ ਜ਼ਰੂਰ ਪੈਂਦਾ ਹੈ। ਅਜੋਕੇ ਮਾਪੇ ਜ਼ਿਆਦਾ ਪੜ੍ਹੇ ਲਿਖੇ ਹੋਣ ਕਰਕੇ ਆਪਣੇ ਬੱਚਿਆਂ ਸਾਹਮਣੇ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਪ੍ਰਤੀ ਆਲੋਚਨਾਤਮਕ ਰਵੱਈਆ ਅਪਣਾ ਕੇ ਉਨ੍ਹਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ ਜਿਸ ਨਾਲ ਬੱਚਿਆਂ ਦੇ ਮਨ ਵਿੱਚ ਵਿੱਦਿਆ ਦਾ ਮੰਦਰ ਕਹੇ ਜਾਣ ਵਾਲੇ ਸਕੂਲਾਂ ਅਤੇ ਗੁਰੂ ਸਮਾਨ ਅਧਿਆਪਕਾਂ ਪ੍ਰਤੀ ਕੋਈ ਸਤਿਕਾਰ ਨਹੀਂ ਰਹਿ ਜਾਂਦਾ। ਕਈ ਵਾਰ ਬੱਚੇ ਅਤੇ ਮਾਪੇ ਅਧਿਆਪਕਾਂ ਨਾਲ ਦੁਰਵਿਵਹਾਰ ਕਰਦੇ ਹਨ ਤਾਂ ਸਮਾਂ ਪਾ ਕੇ ਉਹੀ ਬੱਚੇ ਆਪਣੇ ਮਾਪਿਆਂ 'ਤੇ ਭਾਰੂ ਪੈਂਦੇ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਬੱਚਿਆਂ ਵਿੱਚ ਅਧਿਆਪਕਾਂ ਅਤੇ ਵੱਡਿਆਂ ਪ੍ਰਤੀ ਸਤਿਕਾਰ ਘਟਦਾ ਹੈ।

ਵਿੱਦਿਆ ਵਿੱਚ ਵਪਾਰੀਕਰਨ ਵਧਣ ਨਾਲ ਇਸ ਸਭ ਲਈ ਕਿਤੇ ਨਾ ਕਿਤੇ ਅਧਿਆਪਕ ਵੀ ਜ਼ਿੰਮੇਵਾਰ ਹੁੰਦੇ ਹਨ। ਬੱਚਿਆਂ ਨੂੰ ਘਰਾਂ ਵਿੱਚ ਜਾ ਕੇ ਪੜ੍ਹਾਉਣ ਨਾਲ ਉਨ੍ਹਾਂ ਦੀ 'ਗੁਰੂ' ਵਾਲੀ ਸ਼ਖ਼ਸੀਅਤ ਖ਼ਤਮ ਹੋ ਕੇ ਇੱਕ 'ਨੌਕਰ' ਵਾਲਾ ਅਕਸ ਬਣ ਜਾਂਦਾ ਹੈ ਜਿਸ ਨਾਲ ਬੱਚਿਆਂ ਅਤੇ ਮਾਪਿਆਂ ਦੇ ਮਨ ਵਿੱਚ ਉਨ੍ਹਾਂ ਪ੍ਰਤੀ ਸਤਿਕਾਰ ਦੀ ਭਾਵਨਾ ਘਟਦੀ ਹੈ।

(ਬਾਕੀ ਸਫ਼ਾ 27 'ਤੇ)



# ਮੈਨੂੰ ਮੇਰੇ ਧੋਬੀ ਤੋਂ ਬਚਾਓ..!

**ਮੁਜ਼ਤਬਾ ਹੁਸੈਨ**

ਕੱਲ੍ਹ ਮਿਰਜ਼ਾ ਨਾਲ ਮੁਲਾਕਾਤ ਹੋਈ ਤਾਂ ਬੜੇ ਉੱਖੜੇ-ਉੱਖੜੇ ਨਜ਼ਰ ਆਏ। ਮੈਂ ਪ੍ਰੇਸ਼ਾਨ ਸਾਂ ਕਿ ਆਖ਼ਰ ਹੋਇਆ, ਤਾਂ ਹੋਇਆ ਕੀ , ਕਿਉਂ ਮੂੰਹ ਮੋਟਾ ਕਰ ਕੇ ਬੈਠੇ ਹਨ ? ਮੈਂ ਕਾਰਨ ਪੁੱਛਿਆ ਤਾਂ ਕਹਿਣ ਲੱਗੇ, "ਕੱਲ੍ਹ ਸਦਰ ਬਾਜ਼ਾਰ ਵਿੱਚ ਤੁਹਾਨੂੰ ਕਿੰਨੀਆਂ ਆਵਾਜ਼ਾਂ ਦਿੱਤੀਆਂ ਪਰ ਤੁਸੀਂ ਤਾਂ ਅਨਜਾਣ ਬਣ ਕੇ ਚਲੇ ਗਏ, ਜਿਵੇਂ ਚੋਣ ਜਿੱਤਣ ਮਗਰੋਂ ਉਮੀਦਵਾਰ ਚਲਾ ਜਾਂਦਾ ਹੈ। ਮੈਂ ਤੁਹਾਨੂੰ ਸਮਾਜਿਕ ਆਦਮੀ ਸਮਝਦਾ ਸੀ, ਪਰ ਤੁਸੀਂ ਤਾਂ ਰਾਜਨੀਤਕ ਪ੍ਰਾਣੀ ਨਿਕਲੇ।" ਮੈਂ ਹੈਰਾਨ ਪ੍ਰੇਸ਼ਾਨ ਕਿ ਮਿਰਜ਼ਾ ਆਵਾਜ਼ ਦੇਣ ਅਤੇ ਮੈਂ ਨਾ ਪਰਤਾਂ ? ਪਰ ਕੱਲ੍ਹ ਉਨ੍ਹਾਂ ਦੀ ਆਵਾਜ਼ 'ਤੇ ਮੈਂ ਪਰਤਦਾ ਤਾਂ ਪਰਤਦਾ ਕਿਵੇਂ ? ਮੈਂ ਤਾਂ ਪਿਛਲੇ ਅੱਠ ਦਿਨਾਂ ਤੋਂ ਸਦਰ ਬਾਜ਼ਾਰ ਗਿਆ ਹੀ ਨਹੀਂ। ਮੈਂ ਮਿਰਜ਼ਾ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਕੱਲ੍ਹ ਸਦਰ ਬਾਜ਼ਾਰ ਗਿਆ ਹੀ ਨਹੀਂ ਸੀ ਪਰ ਉਹ ਤਾਂ ਕੁਝ ਸੁਣਨ ਨੂੰ ਤਿਆਰ ਹੀ ਨਹੀਂ ਸਨ। ਬਸ ਇੱਕ ਹੀ ਗੱਲ ਕਹੀ ਜਾ ਰਹੇ ਸਨ, ਮੈਂ ਤੁਹਾਨੂੰ ਆਪਣੀਆਂ ਅੱਖਾਂ ਨਾਲ ਉੱਥੇ ਦੇਖਿਆ ਸੀ, ਜਿੱਥੇ ਤੁਸੀਂ ਆਪਣਾ ਇੱਕੋ-ਇੱਕ ਭੂਰੇ ਰੰਗ ਦਾ ਸੂਟ ਪਹਿਨ ਕੇ ਤੇਜ਼ ਕਦਮੀਂ ਤੁਰੇ ਜਾ ਰਹੇ ਸੀ। ਹੁਣ ਮਿਰਜ਼ਾ ਨੂੰ ਸਮਝਾਵਾਂ ਤਾਂ ਸਮਝਾਵਾਂ ਕਿਵੇਂ, ਕਿੰਦਾਂ ਯਕੀਨ ਦਿਵਾਵਾਂ ਕਿ ਨਾ ਤਾਂ ਮੈਂ ਕੱਲ੍ਹ ਸਦਰ ਬਾਜ਼ਾਰ ਗਿਆ ਸੀ, ਨਾ ਹੀ ਆਪਣਾ ਉਹ ਇੱਕੋ-ਇੱਕ ਭੂਰਾ ਸੂਟ ਹੀ ਪਹਿਨਿਆ ਸੀ, ਕਿਉਂਕਿ ਉਹ ਸੂਟ ਤਾਂ ਧੋਣ ਲਈ ਧੋਬੀ ਨੂੰ ਦਿੱਤਾ ਹੋਇਆ ਹੈ। ਪਰ ਮਿਰਜ਼ਾ ਤਾਂ ਇਸ ਕਦਰ ਨਾਰਾਜ਼ ਸਨ, ਮੇਰੀ ਪੂਰੀ ਗੱਲ ਸੁਣੇ ਬਗ਼ੈਰ ਹੀ ਚਲੇ ਗਏ।

ਉਹ ਤਾਂ ਨਿਕਲ ਗਏ ਪਰ ਮੈਂ ਇਹ ਸੋਚ ਕੇ ਪ੍ਰੇਸ਼ਾਨ ਹੋ ਗਿਆ ਕਿ ਮਿਰਜ਼ਾ ਤਾਂ ਪੰਜ ਵਕਤ ਦੇ ਨਮਾਜ਼ੀ ਹਨ। ਉਹ ਝੂਠ ਬੋਲ ਹੀ ਨਹੀਂ ਸਕਦੇ। ਪਰ ਇਹ ਕਿਵੇਂ ਹੋ ਸਕਦਾ ਹੈ ਕਿ ਕੱਲ੍ਹ ਮੈਂ ਸਦਰ ਬਾਜ਼ਾਰ ਗਿਆ ਅਤੇ ਇਸ ਗੱਲ ਦਾ ਮੈਨੂੰ ਹੀ ਪਤਾ ਨਹੀਂ ਤੇ ਬਾਜ਼ਾਰ ਗਿਆ ਵੀ ਤਾਂ ਉਹ ਸੂਟ ਪਹਿਨ ਕੇ ਜਿਹੜਾ ਮੇਰੇ ਕੋਲ ਹੈ ਹੀ ਨਹੀਂ। ਕੱਲ੍ਹ ਤਾਂ ਮੈਂ ਆਪਣੇ ਘਰ ਆਪਣੀ ਬੀਵੀ ਨਾਲ ਸੀ। ਜੇਕਰ ਮੈਂ ਸਦਰ ਬਾਜ਼ਾਰ ਵਿੱਚ ਸੀ ਤਾਂ ਘਰ 'ਚ ਬੀਵੀ ਨਾਲ ਕੌਣ ਸੀ ਅਤੇ ਜੇਕਰ ਮੈਂ ਘਰ 'ਚ ਸੀ ਤਾਂ ਫਿਰ ਸਦਰ ਬਾਜ਼ਾਰ ਵਿੱਚ ਕੌਣ ਸੀ ? ਜੇਕਰ ਮੈਂ ਭੂਰਾ ਸੂਟ ਪਹਿਨ ਕੇ ਗਿਆ ਸੀ ਤਾਂ ਧੋਬੀ ਨੂੰ ਕਿਹੜਾ ਭੂਰਾ ਸੂਟ ਧੋਣ ਲਈ ਦਿੱਤਾ ਹੈ ? ਬਸ ਤਦੇ ਦਿਮਾਗ਼ ਦੀ ਖਿੜਕੀ ਖੁੱਲ੍ਹੀ ਅਤੇ ਉਸ ਵਿੱਚ ਸਮਝ ਦੀ ਰੋਸ਼ਨੀ ਆਈ ਅਤੇ ਸਾਰਾ ਮਾਮਲਾ ਸਾਫ਼ ਹੋ ਗਿਆ ਕਿ ਨਾ ਮਿਰਜ਼ਾ ਝੂਠੇ, ਨਾ ਮੈਂ ਝੂਠਾ।

ਮਿਰਜ਼ਾ ਨੇ ਮੈਨੂੰ ਦੇਖਿਆ ਇਹ ਵੀ ਸੱਚ ਅਤੇ ਉਹ ਮੈਂ ਨਹੀਂ ਸੀ, ਇਹ ਵੀ ਸੱਚ। ਮਿਰਜ਼ਾ ਜੀਹਨੂੰ 'ਮੈਂ ਹਾਂ' ਸਮਝ ਰਹੇ ਸਨ, ਉਹ ਮੈਂ ਨਹੀਂ ਬਲਕਿ ਮੇਰਾ ਸੂਟ ਸੀ ਅਤੇ ਆਵਾਜ਼ ਮੈਨੂੰ ਨਹੀਂ, ਮੇਰੇ ਸੂਟ ਨੂੰ ਦਿੱਤੀ ਗਈ ਸੀ, ਜੀਹਨੂੰ ਮੇਰਾ ਧੋਬੀ ਪਹਿਨ ਕੇ ਸਦਰ ਬਾਜ਼ਾਰ ਵਿੱਚ ਘੁੰਮ ਰਿਹਾ ਸੀ। ਧੋਬੀ ਦੇ ਇਸ ਕਾਰੇ ਕਾਰਨ ਕਈ ਵਾਰ ਮੈਂ ਮੁਸੀਬਤ ਵਿੱਚ ਪੈ ਚੁੱਕਾ ਹਾਂ। ਉਸ ਨੂੰ ਡਾਂਟਿਆਂ ਵੀ ਅਤੇ ਪਿਆਰ ਨਾਲ ਵੀ ਸਮਝਾਇਆ ਕਿ ਤੈਨੂੰ ਕੱਪੜੇ ਧੋਣ ਲਈ ਦਿੱਤੇ ਜਾਂਦੇ ਹਨ, ਪਹਿਨਣ ਲਈ ਨਹੀਂ, ਪਰ ਉਹ ਆਪਣੀਆਂ ਆਦਤ ਤੋਂ ਬਾਜ਼ ਨਹੀਂ ਆਉਂਦਾ ਉਹ ਤਾਂ ਮੇਰੇ ਕੱਪੜੇ ਪਹਿਨ ਕੇ ਮਸਤ ਘੁੰਮ ਰਿਹਾ ਹੈ ਅਤੇ ਇੱਥੇ ਮੇਰੇ ਮਿਰਜ਼ਾ ਜਿਹੇ ਚੰਗੇ ਬੰਦਿਆਂ ਨਾਲ ਸਬੰਧ ਵਿਗੜ ਰਹੇ ਹਨ। ਇੱਕ ਦਿਨ ਤਾਂ ਮੇਰੇ ਬੱਚੇ ਧੋਬੀ ਦੇ ਪਿੱਛੇ ਪਾਪਾ-ਪਾਪਾ ਕਹਿ ਕੇ ਦੌੜ ਪਏ। ਜਦੋਂ ਉਸ ਨੇ ਉਨ੍ਹਾਂ ਨੂੰ ਗੋਦ ਵਿੱਚ ਲਿਆ ਉਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਪਾਪਾ ਨਹੀਂ ਹੈ। ਇੱਕ ਦਿਨ ਜਦੋਂ ਮੈਂ ਤੌਲੀਆ ਲਪੇਟੇ ਛੱਤ ਉੱਤੇ ਟਹਿਲ ਰਿਹਾ ਸੀ ਤਾਂ ਕੀ ਦੇਖਦਾ ਹਾਂ, ਥੱਲੇ ਸੜਕ ਉੱਤੇ ਮੇਰਾ ਧੋਬੀ ਮੇਰੇ ਹੀ ਕੱਪੜੇ ਪਹਿਨੀ ਸ਼ਾਨ ਨਾਲ ਤੁਰਿਆ ਆ ਰਿਹਾ ਹੈ। ਮੇਰੀ ਤਾਂ ਜਾਨ ਜਲ ਗਈ। ਜੀਅ ਕਰ ਰਿਹਾ ਸੀ ਕਿ ਹੁਣੇ ਜਾਵਾਂ ਅਤੇ ਆਪਣੇ ਕੱਪੜੇ ਲੁਹਾ ਕੇ ਉਸ ਨੂੰ ਸਰੇ ਰਾਹ ਨੰਗਾ ਕਰ ਦੇਵਾਂ, ਪਰ ਮੈਂ ਉਸ ਨੂੰ ਨੰਗਾ ਕਰਨ ਨਹੀਂ ਜਾ ਸਕਦਾ ਸੀ। ਜਦੋਂ ਮੇਰੇ ਢੰਗ ਦੇ ਕੱਪੜੇ ਮੇਰਾ ਧੋਬੀ ਪਹਿਨ ਕੇ ਸ਼ਾਨ ਨਾਲ ਘੁੰਮ ਰਿਹਾ ਹੁੰਦੈ, ਉਸ ਵਕਤ ਮੈਂ ਆਪਣੇ ਬੇਢੰਗੇ ਕੱਪੜਿਆਂ ਵਿੱਚ ਟਹਿਲ ਰਿਹਾ ਹੁੰਦਾ ਹਾਂ। ਜੀਅ ਕਰਦਾ ਹੈ, ਜੇਕਰ ਹੁਣ ਕਦੇ ਧੋਬੀ ਮੇਰੇ ਕੱਪੜੇ ਪਹਿਨੇ ਦਿਸਿਆ ਤਾਂ ਉਸ ਦੀ ਉਹ ਹਾਲਤ ਕਰੂੰਗਾ ਕਿ ਉਸ ਦਾ ਜਿਸਮ ਕੱਪੜੇ ਪਹਿਨਣ ਦੇ ਲਾਇਕ ਨਹੀਂ ਰਹੇਗਾ। ਖ਼ੈਰ, ਇੱਕ ਦਿਨ ਇਹ ਮੌਕਾ ਮੈਨੂੰ ਮਿਲ ਹੀ ਗਿਆ। ਮੈਂ ਭੱਜ ਕੇ ਉਸ ਨੂੰ ਕਾਲਰ ਤੋਂ ਫੜ ਲਿਆ। ਉਹ ਖਿੱਝ ਕੇ ਬੋਲਿਆ, ਕਾਲਰ ਨਾ ਖਿੱਚੋ। ਤੁਹਾਡੀ ਹੀ ਕਮੀਜ਼ ਹੈ, ਫਟ ਗਿਆ ਤਾਂ ਉਸ ਦੇ ਜ਼ਿੰਮੇਵਾਰ ਤੁਸੀਂ ਖ਼ੁਦ ਹੋਵੋਗੇ। ਉਸ ਦੀ ਧਮਕੀ ਸੁਣਦੇ ਸਾਰ ਹੀ ਮੇਰਾ ਹੱਥ ਢਿੱਲਾ ਪੈ ਗਿਆ ਅਤੇ ਉਹ ਭੱਜ ਗਿਆ। ਜਦੋਂ ਵੀ ਮੈਂ ਧੋਬੀ ਨੂੰ ਆਪਣੇ ਕੱਪੜੇ ਪਹਿਨੀ ਦੇਖਦਾ ਹਾਂ ਤਾਂ ਮੈਨੂੰ ਇੱਕ ਕਿੱਸਾ ਯਾਦ ਆ ਜਾਂਦਾ ਹੈ ਕਿ ਇੱਕ ਸਾਬ੍ਹ ਆਪਣੇ ਰਿਸ਼ਤੇਦਾਰ ਦੇ ਘਰ ਮਹਿਮਾਨ ਬਣ ਕੇ ਗਿਆ ਅਤੇ ਜਿੰਨੇ ਵੀ ਦਿਨ ਰਿਹਾ, ਉਨ੍ਹਾਂ ਦੀ ਹਰ ਚੀਜ਼ ਇਸਤੇਮਾਲ ਕੀਤੀ।

ਮੇਜ਼ਬਾਨ ਰਿਸ਼ਤੇਦਾਰ ਇਸ ਹਰਕਤ ਤੋਂ ਐਨਾ ਪ੍ਰੇਸ਼ਾਨ ਹੋ ਗਿਆ ਕਿ ਇੱਕ ਦਿਨ ਆਪਣੇ ਗੁਆਂਢੀ ਨੂੰ ਦੱਸਣ ਲੱਗਾ ਕਿ ਇਹ ਤਾਂ ਬੜਾ ਅਜੀਬ ਆਦਮੀ ਹੈ। ਇਸ ਨੇ ਦਾੜ੍ਹੀ ਬਣਾਉਣੀ ਹੁੰਦੀ ਹੈ ਤਾਂ ਮੇਰਾ ਸ਼ੇਵਿੰਗ ਸੈੱਟ ਚੁੱਕ ਲੈਂਦੈ। ਨਹਾਉਣ ਮਗਰੋਂ ਮੇਰੇ ਤੌਲੀਏ ਨਾਲ ਪਿੰਡਾ ਪੂੰਝਦੈ, ਬਾਹਰ ਜਾਣਾ ਹੁੰਦਾ ਤਾਂ ਮੇਰੇ ਜੁੱਤੇ ਪਹਿਨ ਲੈਂਦੈ। ਮੈਨੂੰ ਇਹ ਸਭ ਮਨਜ਼ੂਰ ਹੈ ਪਰ ਘੱਟ ਤੋਂ ਘੱਟ ਮੇਰੇ ਦੰਦਾਂ ਦਾ ਸੈੱਟ ਨਾ ਵਰਤੇ। ਮੈਨੂੰ ਧੋਬੀ ਨੇ ਐਨਾ ਪ੍ਰੇਸ਼ਾਨ ਕਰ ਦਿੱਤਾ ਹੈ ਕਿ ਜੀਅ ਕਰਦੈ, ਧੋਬੀ ਨੂੰ ਧੋ ਸੁੱਟਾਂ ਅਤੇ ਨਿਚੋੜ ਕੇ ਸੁਕਾ ਦਵਾਂ। ਉਸ ਦੀ ਹਿੰਮਤ ਤਾਂ ਦਿਨੋ-ਦਿਨ ਵਧਦੀ ਹੀ ਜਾ ਰਹੀ ਹੈ। ਇੱਕ ਦਿਨ ਮੈਂ ਉਸ ਨੂੰ ਕਾਲੀ ਪੈਂਟ ਧੋਣ ਲਈ ਦਿੱਤੀ ਤਾਂ ਕਹਿੰਦਾ ਹੈ, ਇਸ ਨਾਲ ਦੀ ਚਿੱਟੀ ਸ਼ਰਟ ਵੀ ਦਿਓ। ਮੈਂ ਕਿਹਾ, 'ਅਜੇ ਚਿੱਟੀ ਸ਼ਰਟ ਐਨੀ ਗੰਦੀ ਨਹੀਂ ਹੋਈ।' ਮੇਰਾ ਜਵਾਬ ਸੁਣ ਕੇ ਉਹ ਨਾਰਾਜ਼ ਹੋ ਗਿਆ ਅਤੇ ਕਹਿਣ ਲੱਗਾ, 'ਕੱਪੜੇ ਧੁਆਉਣ ਦਾ ਇਹ ਠੀਕ ਤਰੀਕਾ ਨਹੀਂ ਹੈ। ਮੈਂ ਇੱਕ ਸ਼ਾਦੀ ਵਿੱਚ ਜਾਣਾ ਹੈ। ਹੁਣ ਉੱਥੇ ਕਾਲੀ ਪੈਂਟ ਨਾਲ ਨੀਲੀ ਸ਼ਰਟ ਪਹਿਨੂੰਗਾ ਤਾਂ ਕੀ ਚੰਗਾ ਲੱਗੇਗਾ ?' ਇੱਕ ਮਨਚਲਾ ਕਹਿੰਦਾ, 'ਧੋਬੀ ਉਹ ਚੰਗਾ ਹੁੰਦਾ ਜੋ ਕੱਪੜਿਆਂ ਨਾਲ ਪੱਥਰ ਤੋੜਦਾ ਹੈ।' ਹੁਣ ਜਦੋਂ ਵੀ ਧੋਬੀ ਮੇਰੇ ਕੱਪੜੇ ਧੋ ਕੇ ਲਿਆਉਂਦਾ, ਮੇਰੀ ਛਾਤੀ ਮਾਣ ਨਾਲ ਚੌੜੀ ਹੋ ਜਾਂਦੀ ਕਿ ਲਓ ਮੇਰੇ ਕੱਪੜੇ ਪੱਥਰ ਤੋੜ ਕੇ ਆ ਗਏ।

ਮੇਰੇ ਕੱਪੜਿਆਂ ਦੀ ਹਾਲਤ ਇਸ ਗੱਲ ਦੀ ਗਵਾਹ ਹੁੰਦੀ ਕਿ ਉਨ੍ਹਾਂ ਨੇ ਪੱਥਰ ਤੋੜਿਆ ਹੈ। ਕਦੀ ਸ਼ਰਟ ਦਾ ਕਾਲਰ ਮੁੜਿਆ ਹੁੰਦਾ ਅਤੇ ਕਦੀ ਪੈਂਟ ਫਟੀ ਹੁੰਦੀ। ਇੱਕ ਦਿਨ ਧੋਬੀ ਮੇਰਾ ਪਜਾਮਾ ਧੋ ਕੇ ਲਿਆਇਆ ਤਾਂ ਮੈਂ ਪਜਾਮਾ ਦੇਖ ਕੇ ਸਕਤੇ ਵਿੱਚ ਆ ਗਿਆ, ਮੈਂ ਧੋਬੀ ਨੂੰ ਕਿਹਾ, 'ਭਰਾਵਾ ਦੋ ਪਜਾਮੇ ਸਨ। ਤੁਸੀਂ ਤਾਂ ਇੱਕ ਹੀ ਲਿਆਏ ਹੋ, ਦੂਸਰਾ ਕਿੱਥੇ ਗਿਆ ?' ਧੋਬੀ ਨੇ ਲਾਪ੍ਰਵਾਹੀ ਨਾਲ ਕਿਹਾ, 'ਬਈ ਕਿਸੇ ਕੋਲ ਚਲਾ ਗਿਆ ਹੋਵੇਗਾ। ਮੈਂ ਫਿਰ ਜਦ ਆਉਂਗਾ ਤਾਂ ਲੈਂਦਾ ਆਊਂਗਾ।' ਪਰ ਫਿਰ ਉਹ ਕਦੇ ਉਸ ਨੂੰ ਲੈ ਕੇ ਨਹੀਂ ਆਇਆ। ਉਹ ਇਕੱਲਾ ਪਜਾਮਾ ਆਪਣੇ ਸਾਥੀ ਪਜਾਮੇ ਤੋਂ ਵਿਛੜ ਕੇ ਉਦਾਸ ਜਿਹਾ ਅਲਮਾਰੀ ਵਿੱਚ ਪਿਆ ਰਹਿੰਦਾ ਹੈ।

ਇਸ ਧੋਬੀ ਦੀਆਂ ਹਰਕਤਾਂ ਕਾਰਨ ਮੈਂ ਕਈ ਵਾਰ ਬੇਇੱਜ਼ਤ ਹੋ ਚੁੱਕਾ ਹਾਂ। ਇਕ ਵਾਰ ਧੋਬੀ ਕੱਪੜੇ ਧੋ ਕੇ ਲਿਆਇਆ ਤਾਂ ਉਨ੍ਹਾਂ ਵਿੱਚ ਮੇਰੀ ਚਿੱਟੀ ਸ਼ਰਟ ਨਹੀਂ ਸੀ। ਮੈਂ ਅੜ ਗਿਆ ਕਿ ਮੈਨੂੰ ਮੇਰੀ ਚਿੱਟੀ ਸ਼ਰਟ ਚਾਹੀਦੀ ਹੀ ਚਾਹੀਦੀ ਹੈ ਤਾਂ ਉਸ ਨੇ ਮੈਨੂੰ ਇੱਕ ਲਾਲ ਸ਼ਰਟ ਲਿਆ ਦਿੱਤੀ ਕਿ ਫਿਲਹਾਲ ਇਸ ਸ਼ਰਟ ਨੂੰ ਬਤੌਰ ਜ਼ਮਾਨਤ ਰੱਖ ਲਓ। ਮੈਂ ਬਹੁਤ ਮਨ੍ਹਾਂ ਕੀਤਾ ਕਿ ਕਿਸੇ ਹੋਰ ਦੀ ਸ਼ਰਟ ਆਪਣੇ ਕੋਲ ਨਹੀਂ ਰੱਖਣੀ ਹੈ ਪਰ ਉਹ ਮੰਨਿਆ ਨਹੀਂ ਅਤੇ ਉਹ ਲਾਲ ਸ਼ਰਟ ਮੈਨੂੰ ਦੇ ਕੇ ਹੀ ਹਟਿਆ। ਇੱਕ ਦਿਨ ਮੇਰੇ ਕੋਲ ਕੋਈ ਧੋਤੀ ਹੋਈ ਸ਼ਰਟ ਨਹੀਂ ਸੀ ਤਾਂ ਮੈਂ ਉਹੀ ਲਾਲ ਸ਼ਰਟ ਪਹਿਨ ਕੇ ਬਾਜ਼ਾਰ ਚਲਾ ਗਿਆ। ਅਜੇ ਚਾਰ ਕਦਮ ਹੀ ਤੁਰਿਆ ਸੀ ਕਿ ਪਿੱਛੋਂ ਇੱਕ ਬੰਦੇ ਨੇ ਮੇਰਾ ਕਾਲਰ ਫੜ ਲਿਆ ਅਤੇ ਕਿਹਾ, 'ਕਿਉਂ ਉਏ ਕੱਪੜਾ ਚੋਰ, ਲਾਹ ਮੇਰੀ ਸ਼ਰਟ ਜਾਂ ਚੱਲ ਪੁਲੀਸ ਠਾਣੇ।' ਪੁਲੀਸ ਦਾ ਨਾਂ ਸੁਣਦਿਆਂ ਹੀ ਮੇਰੇ ਤਾਂ ਹੋਸ਼ ਗੁੰਮ ਹੋ ਗਏ। ਮਰਦਾ ਕੀ ਨਾ ਕਰਦਾ, ਸਰੇ ਬਾਜ਼ਾਰ ਸ਼ਰਟ ਲਾਹ ਕੇ ਉਸ ਨੂੰ ਦੇ ਦਿੱਤੀ ਅਤੇ ਖ਼ੁਦ ਬਗੈਰ ਸ਼ਰਟ ਤੋਂ ਘਰ ਆਇਆ।

ਇੱਕ ਦਿਨ ਤਾਂ ਧੋਬੀ ਨੇ ਸਿਰਾ ਹੀ ਲਾ ਦਿੱਤਾ। ਕੱਪੜੇ ਦੀ ਦੁਕਾਨ 'ਤੇ ਮੈਨੂੰ ਕੱਪੜੇ ਖਰੀਦਦੇ ਦੇਖ ਲਿਆ। ਮੈਂ ਕੱਪੜੇ ਲੈ ਕੇ ਦਰਜ਼ੀ ਦੀ ਦੁਕਾਨ ਉੱਤੇ ਗਿਆ ਤਾਂ ਦਰਜ਼ੀ ਨੇ ਕੱਪੜੇ ਲੈ ਕੇ ਕਿਹਾ ਬੁੱਧਵਾਰ ਨੂੰ ਦੇ ਦਊਂਗਾ। ਮੈਂ ਕਿਹਾ, 'ਉਹ ਤਾਂ ਠੀਕ ਹੈ, ਪਰ ਪਹਿਲਾਂ ਮੇਰਾ ਨਾਪ ਤਾਂ ਲੈ ਲਓ।' ਦਰਜ਼ੀ ਬੋਲਿਆ, 'ਉਸ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਹੁਣੇ ਥੋੜ੍ਹੀ ਦੇਰ ਪਹਿਲਾਂ ਹੀ ਤੁਹਾਡਾ ਧੋਬੀ ਆਪਣਾ ਨਾਪ ਦੇ ਕੇ ਗਿਆ ਹੈ।' ਸੱਚ ਕਹਿੰਦਾ, ਉਸ ਦਿਨ ਤੋਂ ਹਰ ਰੋਜ਼ ਮੈਂ ਇਹ ਦੁਆ ਮੰਗਦਾ ਹਾਂ, 'ਯਾ ਅੱਲ੍ਹਾ ਮੈਨੂੰ ਮੇਰੇ ਧੋਬੀ ਤੋਂ ਬਚਾਓ।'

**ਪੰਜਾਬੀ ਰੂਪ: ਨਿਰਮਲ ਪ੍ਰੇਮੀ ਰਾਮਗੜ੍ਹ**

## ਤੂੜੀ ਦੀ ਕੰਡ

**ਕੁਲਵੰਤ ਘੋਲੀਆ**

ਆਖ਼ਰੀ ਹੰਭਲਾ ਮਾਰ ਬਿੰਦਰ ਨੇ ਪੰਡ ਸਿਰ 'ਤੇ ਧਰ ਲਈ। ਇੱਕ ਹੱਥ ਪੰਡ ਨੂੰ ਤੇ ਦੂਜਾ ਲੱਕ 'ਤੇ ਧਰ ਸਿੱਧਾ ਖਲੋ ਗਿਆ। "ਲੱਗਦਾ ਅੱਜ ਤਾਂ ਆਥਣ ਵੀ ਸਾਰਾ ਦਿਨ ਸਿਰ 'ਤੇ ਪੰਡਾਂ ਨਾਲ ਹੀ ਹੋਈ ਲੱਗਦੀ ਐ ਬਿੰਦਰ ਸਿੰਹਾਂ।" ਸਿਰ ਤੋਂ ਖਿਸਕ ਅੱਖਾਂ ਤੇ ਮੱਥੇ ਉੱਤੇ ਢਲਕੇ ਪਰਨੇ ਵਿੱਚੋਂ ਬਿੰਦਰ ਨੇ ਭਰਵੱਟਿਆਂ ਨੂੰ ਦੋ-ਤਿੰਨ ਵਾਰ ਉਤਾਂਹ-ਠਾਂਹ ਜਿਹਾ ਕਰ ਉੱਡਦੀ ਧੂੜ ਵਿੱਚੋਂ ਇਹ ਗੱਲ ਪੁੱਛਣ ਵਾਲੇ ਦੀ ਮਸਾਂ ਪਛਾਣ ਕੱਢੀ ਕਿ ਇਹ ਤਾਂ ਉਸ ਦਾ ਜਮਾਤੀ ਸਰਦਾਰਾਂ ਦਾ ਨਰੈਣ ਸਿੰਹੁ ਹੈ। ਉਸ ਨੂੰ ਪਛਾਣ ਕੇ ਬੋਲਿਆ, "ਆਹੋ ਆਹੋ ਸਰਦਾਰਾ, ਸਾਡੀ ਆਥਣ ਸਵੇਰ ਹੋਰਾਂ ਨਾਲੋਂ ਵੱਖਰੀ ਹੀ ਚੜ੍ਹਦੀ-ਛਿਪਦੀ ਏ।"

"ਵੇਖ ਲੈ ਬਿੰਦਰਾ, ਸਮਾਂ ਕਿਵੇਂ ਖੰਭ ਲਾ ਕੇ ਉੱਡ ਜਾਂਦੈ। ਹਾਲੇ ਕੱਲ੍ਹ ਹੀ ਤਾਂ ਚੜ੍ਹਦੀ ਜਵਾਨੀ ਦੀਆਂ ਗੱਲਾਂ ਹੁੰਦੀਆਂ ਸਨ। ਕਾਲੇ ਸ਼ਾਹ ਨਾਗ ਦੀ ਪੂਛ ਵਰਗੀਆਂ ਮੁੱਛਾਂ ਕਿਸੇ ਵਿਰਲੇ ਟਾਵੇਂ ਮੁੰਡੇ ਦੇ ਹੀ ਬਣਦੀਆਂ ਸੀ। ਤੇਰੀਆਂ ਲਾਲ ਸੁਰਖ਼ ਅੱਖਾਂ ਵਿੱਚੋਂ ਜਿਵੇਂ ਸੂਰਜ ਚੜ੍ਹਦਾ ਹੋਵੇ। ਟੌਰ ਹੁੰਦੀ ਸੀ ਤੇਰੀ ਬਿੰਦਰ ਸਿੰਹਾਂ।"

'ਆਹੋ ਸਰਦਾਰਾ, ਬੱਸ ਸਮੇਂ ਸਮੇਂ ਦੀਆਂ ਗੱਲਾਂ ਨੇ। ਬਾਕੀ ਆਪੋ-ਆਪਣੇ ਕਰਮ। ਬੰਦਾ ਤਾਂ ਜ਼ੋਰ ਬਥੇਰਾ ਲਾਉਂਦੈ, ਪਰ ਆਹ ਜੀਅ ਦਾ ਜੰਜਾਲ ਬਣੀ ਗ਼ਰੀਬੀ ਪੀੜ੍ਹੀਆਂ ਤੱਕ ਰੋਲ ਛੱਡਦੀ ਐ, ਸਰਦਾਰਾ। ਬੰਦਾ ਐਸੀ ਘੁੰਮਣਘੇਰੀ 'ਚ ਫਸਦੈ ਕਿ ਸਾਰੀ ਉਮਰ ਪੈਰ ਨਹੀਂ ਲੱਗਦੇ।" ਬਿੰਦਰ ਨੇ ਸਿਰੋਂ ਲਾਹ ਕੇ ਤੂੜੀ ਦੀ ਪੰਡ ਕੋਠੇ ਅੰਦਰ ਖੋਲ੍ਹ ਦਿੱਤੀ। ਤੂੜੀ ਕਰਕੇ ਚਾਰੇ ਪਾਸੇ ਗਰਦਾ ਹੋ ਗਿਆ। ਜਦੋਂ ਬਿੰਦਰ ਨੇ ਅੱਖਾਂ ਮੂਹਰੇ ਦੋ-ਤਿੰਨ ਵਾਰ ਹੱਥ ਮਾਰ ਧੂੜ ਨੂੰ ਹਟਾ ਕੇ ਵੇਖਿਆ ਤਾਂ ਸਰਦਾਰ ਆਪਣੇ ਰਾਹ ਵੱਲ ਹੋ ਤੁਰਿਆ ਸੀ।

ਆਥਣ ਵੀ ਗੂੜ੍ਹੀ ਹੋ ਗਈ ਸੀ। ਘਰ ਵੜਦਿਆਂ ਕੰਧੋਲੀ ਦੇ ਨਾਲ ਕਿੱਲੀ 'ਤੇ ਟੰਗਿਆ ਛੋਟਾ ਜਿਹਾ ਸ਼ੀਸ਼ਾ, ਜਿਵੇਂ ਅੱਜ ਬਿੰਦਰ ਨੂੰ ਆਵਾਜ਼ ਮਾਰ ਰਿਹਾ ਹੋਵੇ। ਸਰਦਾਰ ਦੀ ਕਹੀ ਗੱਲ ਵਾਰ-ਵਾਰ ਉਸ ਦੇ ਦਿਮਾਗ਼ ਵਿੱਚ ਘੁੰਮ ਰਹੀ ਸੀ। 'ਕਾਲੇ ਸ਼ਾਹ ਨਾਗ ਦੀ ਪੂਛ ਵਰਗੀਆਂ ਮੁੱਛਾਂ' ਵਾਲੀ ਗੱਲ ਨੇ ਬਿੰਦਰ ਨੂੰ ਕਿਸੇ ਸਰੂਰ ਨਾਲ ਭਰ ਦਿੱਤਾ।

ਹਿੱਕ ਚੌੜੀ ਕਰ ਬਿੰਦਰ ਸ਼ੀਸ਼ੇ ਮੂਹਰੇ ਖਲੋ ਗਿਆ। ਉਸ ਨੇ ਅੱਜ ਬੜੀ ਡੂੰਘੀ ਨਜ਼ਰ ਨਾਲ ਸ਼ੀਸ਼ਾ ਵੇਖਿਆ, ਜਿਵੇਂ ਸਰਦਾਰ ਦੀਆਂ ਆਖੀਆਂ ਗੱਲਾਂ ਨੂੰ ਕਿਸੇ ਕੋਨੇ ਵਿੱਚੋਂ ਭਾਲ ਰਿਹਾ ਹੋਵੇ। ਮਨ ਖ਼ੁਸ਼ੀ ਨਾਲ ਭਰ ਗਿਆ। ਜਵਾਨੀ ਫਿਰ ਪਰਤ ਆਈ ਜਾਪੀ। ਅੱਖਾਂ ਵਿੱਚ ਸੂਰਜ ਚੜ੍ਹ ਆਇਆ ਤੇ ਮੁੱਛਾਂ 'ਤੇ ਹੱਥ ਦੇ ਮਾਰਿਆ। 'ਗੱਲਾਂ ਤਾਂ ਹੋਣੀਆਂ ਹੀ ਸੀ ਬਿੰਦਰ ਸਿੰਹਾਂ,' ਅੰਦਰੋਂ ਅੰਦਰੀ ਕਿੰਨੇ ਹੀ ਖ਼ਿਆਲ ਆ ਜਾ ਰਹੇ ਸਨ।

ਮੁੱਛਾਂ ਤੋਂ ਹੱਥ ਹਟਾ ਕੇ ਦਾੜ੍ਹੀ ਵਿੱਚ ਮਾਰਿਆ। ਉਹ ਕਾਲੇ ਨਾਗ ਦੀ ਪੂਛ ਵਰਗੀਆਂ ਮੁੱਛਾਂ, ਅੱਧ ਚਿੱਟੀ ਦਾੜ੍ਹੀ ਨਾਲ ਹੀ ਕਿਧਰੇ ਇੱਕ-ਮਿੱਕ ਹੋ ਗਈਆਂ। ਚੜ੍ਹੀ ਜਵਾਨੀ ਦੀ ਲੋਰ ਇਕਦਮ ਆਥਣ ਵਾਂਗ ਢਲ ਗਈ ਦਾੜ੍ਹੀ ਵਿੱਚੋਂ ਉੱਡ ਤੂੜੀ ਦੀ ਕੰਡ ਨੇ ਜਿਵੇਂ ਲਾਲ ਸੁਰਖ਼ ਅੱਖਾਂ ਵਿੱਚ ਵੜ, ਕੁਝ ਪਲ ਲਈ ਚੜ੍ਹੇ ਸੂਰਜ ਨੂੰ ਡੋਬ ਦਿੱਤਾ ਹੋਵੇ।

# ਮਿੰਨੀ ਕਹਾਣੀਆਂ

## ਕੁਦਰਤ ਦਾ 'ਕ੍ਰਾਸ'

**ਸੁਮੀਤ ਮਿੱਤਲ**

ਮਾਲਵੇ ਦੇ ਪਿੰਡਾਂ ਦੀ ਇੱਕ ਠੰਢੀ-ਸੀਤ ਸਵੇਰ ਸੀ। ਧੁੰਦ ਦੀ ਚਿੱਟੀ ਚਾਦਰ ਹੌਲੀ-ਹੌਲੀ ਖੇਤਾਂ ਤੋਂ ਸਰਕ ਰਹੀ ਸੀ। ਗੁਰਨਾਮ ਹਰ ਰੋਜ਼ ਦੀ ਤਰ੍ਹਾਂ ਆਪਣਾ ਥੈਲਾ ਮੋਢੇ 'ਤੇ ਟੰਗੀ ਗਿੱਦੜਬਾਹਾ ਦੇ ਰੇਲਵੇ ਸਟੇਸ਼ਨ 'ਤੇ ਆ ਖੜ੍ਹਿਆ। ਉਸ ਦਾ ਰੋਜ਼ ਦਾ ਨੇਮ ਸੀ- ਬਠਿੰਡੇ ਆਪਣੇ ਕੰਮ 'ਤੇ ਜਾਣ ਲਈ ਸਵੇਰ ਵਾਲੀ ਗੱਡੀ ਫੜਨ ਦਾ। ਰਾਹ ਵਿੱਚ ਇੱਕ ਛੋਟਾ ਜਿਹਾ ਸਟੇਸ਼ਨ ਆਉਂਦਾ ਸੀ ਬੱਲੂਆਣਾ। ਉੱਥੇ ਅਕਸਰ ਗੱਡੀ 'ਕ੍ਰਾਸ' ਲਈ ਰੁਕ ਜਾਂਦੀ ਤਾਂ ਜੋ ਸਾਹਮਣਿਓਂ ਆ ਰਹੀ ਤੇਜ਼ ਰਫ਼ਤਾਰ ਗੱਡੀ ਲੰਘ ਸਕੇ। ਗੁਰਨਾਮ ਨੂੰ ਇਹ ਰੁਕਾਵਟ ਜ਼ਰਾ ਵੀ ਰਾਸ ਨਹੀਂ ਸੀ ਆਉਂਦੀ। ਜਿਉਂ ਹੀ ਗੱਡੀ ਉੱਥੇ ਰੁਕਦੀ, ਉਹ ਖਿਝ ਕੇ ਖਿੜਕੀ ਵਿੱਚੋਂ ਬਾਹਰ ਝਾਕਦਾ ਤੇ ਬੁੜਬੁੜਾਉਂਦਾ:

"ਓ ਯਾਰ, ਇਨ੍ਹਾਂ ਦਾ ਰੋਜ਼ ਦਾ ਹੀ ਕੰਮ ਐ! ਐਵੇਂ ਖਾਲੀ ਪਟਰੀ 'ਤੇ ਗੱਡੀ ਖੜ੍ਹੀ ਕਰ ਲੈਂਦੇ ਨੇ। ਸਿੱਧੀ ਬਠਿੰਡੇ ਲੈ ਜਾਣ ਤਾਂ ਬੰਦਾ ਵੇਲੇ ਸਿਰ ਕੰਮ 'ਤੇ ਪਹੁੰਚੇ।"

ਆਲੇ-ਦੁਆਲੇ ਬੈਠੇ ਮੁਸਾਫ਼ਰ ਕਦੇ ਉਸ ਵੱਲ ਵੇਖ ਕੇ ਹੱਸ ਪੈਂਦੇ ਤੇ ਕਦੇ ਅਣਗੌਲਿਆ ਕਰ ਦਿੰਦੇ, ਪਰ ਗੁਰਨਾਮ ਦੇ ਮੱਥੇ ਦੀਆਂ ਤਿਊੜੀਆਂ ਬਰਕਰਾਰ ਰਹਿੰਦੀਆਂ।

ਇੱਕ ਦਿਨ ਸਥਿਤੀ ਬਦਲ ਗਈ। ਗੱਡੀ ਗਿੱਦੜਬਾਹਾ ਤੋਂ ਚੱਲੀ ਹੀ ਸੀ ਕਿ ਬੱਲੂਆਣਾ ਪਹੁੰਚਦਿਆਂ-ਪਹੁੰਚਦਿਆਂ ਗੁਰਨਾਮ ਦੀ ਛਾਤੀ ਵਿੱਚ ਅਚਾਨਕ ਇੱਕ ਤੇਜ਼ ਚੀਸ ਪਈ। ਉਸ ਦੇ ਹੱਥ ਕੰਬਣ ਲੱਗੇ, ਮੱਥੇ 'ਤੇ ਮੁੜ੍ਹਕਾ ਆ ਗਿਆ ਤੇ ਸਾਹ ਲੈਣਾ ਵੀ ਔਖਾ ਹੋ ਗਿਆ। ਉਸ ਨੇ ਬੜੀ ਮੁਸ਼ਕਿਲ ਨਾਲ ਗੁਆਂਢੀ ਸਵਾਰੀ ਦੀ ਬਾਂਹ ਫੜੀ ਤੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ, "ਸਾਹ ਘੁੱਟ ਰਿਹੈ... ਕੁਝ ਠੀਕ ਨਹੀਂ ਲੱਗ ਰਿਹਾ...।"

ਕੁਦਰਤ ਦਾ ਕ੍ਰਿਸ਼ਮਾ ਵੇਖੋ, ਠੀਕ ਉਸੇ ਪਲ ਗੱਡੀ ਬੱਲੂਆਣਾ ਸਟੇਸ਼ਨ 'ਤੇ ਕ੍ਰਾਸ ਲਈ ਰੁਕ ਗਈ। ਸਵਾਰੀਆਂ ਨੇ ਫੁਰਤੀ ਵਿਖਾਈ ਅਤੇ ਗੁਰਨਾਮ ਨੂੰ ਸਹਾਰਾ ਦੇ ਕੇ ਹੇਠਾਂ ਲਾਹ ਲਿਆ। ਕਿਸੇ ਨੇ ਰੌਲਾ ਪਾਇਆ, "ਸਟੇਸ਼ਨ ਦੇ ਬਿਲਕੁਲ ਸਾਹਮਣੇ ਡਿਸਪੈਂਸਰੀ ਹੈ, ਡਾਕਟਰ ਵੀ ਮੌਜੂਦ ਐ, ਜਲਦੀ ਕਰੋ!"

ਡਾਕਟਰ ਨੇ ਤੁਰੰਤ ਮੁੱਢਲੀ ਸਹਾਇਤਾ ਦਿੱਤੀ, ਜ਼ਰੂਰੀ ਟੀਕਾ ਲਾਇਆ ਤੇ ਗੁਰਨਾਮ ਦੀ ਹਾਲਤ ਨੂੰ ਸਥਿਰ ਕੀਤਾ। ਕੁਝ ਦੇਰ ਬਾਅਦ ਜਦੋਂ ਉਸ ਦੀਆਂ ਅੱਖਾਂ ਖੁੱਲ੍ਹੀਆਂ ਤੇ ਸਾਹ ਸੌਖਾ ਹੋਇਆ ਤਾਂ ਡਾਕਟਰ ਨੇ ਕਿਹਾ, "ਕਿਸਮਤ ਵਾਲਾ ਸੀ ਤੂੰ ਗੁਰਨਾਮ ਸਿੰਹਾਂ... ਤੈਨੂੰ ਦਿਲ ਦਾ ਦੌਰਾ ਪਿਆ ਸੀ। ਜੇ ਗੱਡੀ ਨਾ ਰੁਕਦੀ ਤੇ ਤੈਨੂੰ ਅਗਲੇ ਅੱਧੇ ਘੰਟੇ ਤੱਕ ਡਾਕਟਰੀ ਸਹਾਇਤਾ ਨਾ ਮਿਲਦੀ ਤਾਂ ਜਾਨ ਬਚਾਉਣੀ ਬਹੁਤ ਔਖੀ ਸੀ।"

ਇਹ ਸੁਣ ਕੇ ਗੁਰਨਾਮ ਸੁੰਨ ਹੋ ਗਿਆ। ਉਸ ਦੇ ਕੰਨਾਂ ਵਿੱਚ ਬੱਲੂਆਣਾ ਸਟੇਸ਼ਨ ਦਾ ਨਾਂਅ ਗੂੰਜ ਰਿਹਾ ਸੀ। ਜਿਸ ਰੁਕਾਵਟ ਨੂੰ ਉਹ ਸਾਲਾਂ ਤੋਂ ਕੋਸਦਾ ਆ ਰਿਹਾ ਸੀ, ਅੱਜ ਉਸੇ 'ਕ੍ਰਾਸ' ਨੇ ਉਸਦੀ ਜ਼ਿੰਦਗੀ ਦਾ ਕ੍ਰਾਸ ਟਾਲ ਦਿੱਤਾ ਸੀ।

ਕੁਝ ਦਿਨਾਂ ਬਾਅਦ ਗੁਰਨਾਮ ਮੁੜ ਉਸੇ ਗੱਡੀ ਵਿੱਚ ਸਵਾਰ ਸੀ। ਬੱਲੂਆਣਾ ਸਟੇਸ਼ਨ ਆਇਆ ਤੇ ਗੱਡੀ ਫਿਰ ਰੁਕ ਗਈ। ਇਸ ਵਾਰ ਗੁਰਨਾਮ ਦੇ ਚਿਹਰੇ 'ਤੇ ਖਿਝ ਨਹੀਂ ਸੀ। ਨਾਲ ਬੈਠਾ ਇੱਕ ਨੌਜਵਾਨ ਗੁੱਸੇ ਵਿੱਚ ਬੋਲਿਆ, "ਲਓ ਦੱਸੋ! ਫਿਰ ਖੜ੍ਹੀ ਕਰ ਦਿੱਤੀ... ਇਹ ਕ੍ਰਾਸ ਸਾਡਾ ਟਾਈਮ ਬਹੁਤ ਖਰਾਬ ਕਰਦੇ!"

ਗੁਰਨਾਮ ਨੇ ਸ਼ਾਂਤੀ ਨਾਲ ਉਸ ਵੱਲ ਵੇਖਿਆ, ਮੁਸਕਰਾਇਆ ਤੇ ਕਿਹਾ, "ਛੋਟੇ ਵੀਰ, ਗੁੱਸਾ ਨਾ ਕਰ... ਕਈ ਵਾਰ ਜ਼ਿੰਦਗੀ ਵਿੱਚ ਆਈ ਹਲਕੀ ਜਿਹੀ ਖੜੋਤ ਬਹੁਤ ਜ਼ਰੂਰੀ ਹੁੰਦੀ ਹੈ ਤਾਂ ਜੋ ਮਨੁੱਖ ਦੋ ਪਲ ਸੁਖ ਦਾ ਸਾਹ ਲੈ ਸਕੇ।"

ਗੱਡੀ ਚੱਲ ਪਈ। ਗੁਰਨਾਮ ਖਿੜਕੀ ਰਾਹੀਂ ਬਾਹਰ ਖੇਤਾਂ ਦੀ ਹਰਿਆਵਲ ਨੂੰ ਨਿਹਾਰ ਰਿਹਾ ਸੀ। ਅੱਜ ਉਸ ਨੂੰ ਸਮਝ ਆ ਗਿਆ ਸੀ ਕਿ ਜੀਵਨ ਵਿੱਚ ਆਉਣ ਵਾਲੀਆਂ ਰੁਕਾਵਟਾਂ ਹਮੇਸ਼ਾ ਬੁਰੀਆਂ ਨਹੀਂ ਹੁੰਦੀਆਂ, ਕਈ ਵਾਰ ਉਹ ਕੁਦਰਤ ਦਾ ਸਾਡੇ ਲਈ ਸਭ ਤੋਂ ਵੱਡਾ ਤੋਹਫ਼ਾ ਹੁੰਦੀਆਂ ਹਨ।

# ਕਾਵਿ ਸੰਸਾਰ

## ਝੂਠ ਦੀ ਬੁਨਿਆਦ

ਸੁਰਿੰਦਰਪਾਲ ਸਿੰਘ

ਝੂਠ ਦੀ ਬੁਨਿਆਦ ਬੀਜੀਆਂ ਜੇ ਵਿਸ਼ਵਾਸ ਦੀਆਂ ਜੜ੍ਹਾਂ
ਕਰਨੀ ਮਾੜੀ ਫ਼ਲ ਪੈਣਾ ਭੋਗਣਾ ਦੋਸ਼ ਕਿਸ ’ਤੇ ਮੜ੍ਹਾਂ ?
ਫ਼ਰੇਬ ਦੀ ਸ਼ੱਕਰ ਨਾਲ ਨਾ ਸਾਂਝਾ ਵਿੱਚ ਆਵੇ ਮਿੱਠਾਸ
ਉੱਪਰੋਂ ਤਾਂ ਹੱਸ ਹੱਸ ਬੋਲਦੇ ਦਿੱਲਾਂ ਵਿੱਚ ਖੱਟਾਸ॥
ਰੱਤ ਆਪਣੇ ਤਨ ਦਾ ਬਾਲ੍ਹ ਜਿੰਨ੍ਹਾਂ ਦਾ ਚਾਨਣ ਕਰਿਆ
ਸੱਜਣ ਉਹੀਂ ਘੜਨ ਸਾਜ਼ਿਸ਼ਾਂ ਅਖੇ ਬੂਟਾ ਕਿਉਂ ਹਰਿਆ।
ਚਾਲਾਂ ਜੋ ਪਰਦੇ ਪਿੱਛੇ ਚੱਲਦੇ ਜਾਣ ਕੇ ਵੀ ਹਾਂ ਚੁੱਪ
ਰੂਹ ਦੁੱਖੀ ਦੀ ਬਦਦੁਆ ਜਿਉਂ ਹਨੇਰ੍ਹਾ ਘੁੱਪ॥
ਸਦੀਆਂ ਤੋਂ ਹੀ ਹਨੇਰ੍ਹੇ ਦਾ ਚਾਨਣ ਨਾਲ ਮੁੱਢੋਂ ਵੈਰ
ਰਾਹਾਂ ਚ ਕੱਢੇ ਜੋ ਬੀਜਣ ਰੱਬਾਂ ਬਖਸ਼ੀ ਉਹਨਾਂ ਨੂੰ ਖੈਰ।
ਸੁਰਿੰਦਰ ਧੋਖੇ ਸਾਜ਼ਿਸ਼ਾਂ ਦਾ ਝੰਬਿਆ ਕਰੇ ਅਰਦਾਸ
ਦੁਨੀਆਂ ਵਿੱਚ ਰੱਬਾਂ ਠੇਢੇ ਖਾਂਦੇ ਅੰਤ ਰੱਖੀ ਚਰਨੀਂ ਪਾਸ॥

## ਗ਼ਜ਼ਲ

ਸੁਖਦੇਵ ਸਿੰਘ ਔਲਖ

ਕੌਣ ਕਹਿੰਦੈ, ਇੱਥੇ ਆਪਣਾ ਹੱਕ ਮੰਨਵਾਉਣਾ ਮਨ੍ਹਾਂ ਹੈ।
ਕੌਣ ਕਹਿੰਦੈ, ਇੱਥੇ ਸੀਸ ਤਲੀ ’ਤੇ ਟਿਕਾਉਣਾ ਮਨ੍ਹਾਂ ਹੈ॥
ਫੁੱਲਾਂ ਤੋਂ ਖੁਸ਼ਬੋ ਰੁੱਸੇ, ਹੋ ਜਾਵਣ ਜ਼ਰਦ ਜ਼ਰਦ ਪੱਤੀਆਂ।
ਕੌਣ ਕਹਿੰਦੈ, ਫਿਰ ਵੀ ਇਸ ਮਾਲੀ ਨੂੰ ਬਦਲਾਉਣਾ ਮਨ੍ਹਾਂ ਹੈ॥
ਮੰਜ਼ਿਲ ’ਤੇ ਜਾਣ ਲਈ, ਘਰ ਛੱਡ ਕੇ ਤੁਰੇ ਨੇ ਜੋ ਰਾਹੀ।
ਕੌਣ ਕਹਿੰਦੈ, ਰਾਹਗੀਰਾਂ ਦਾ ਸਾਥ ਨਿਭਾਉਣਾ ਮਨ੍ਹਾਂ ਹੈ॥
ਸਾਰਾ ਸੰਸਾਰ ਹੀ ਉਸਰਿਐ, ਕਿਰਤੀ ਦੀ ਕਿਰਤ ਸਹਾਰੇ।
ਕੌਣ ਕਹਿੰਦੈ, ਕਿਰਤੀਆਂ ਦੀ ਕਿਰਤ ਨੂੰ ਬਚਾਉਣਾ ਮਨ੍ਹਾਂ ਹੈ॥
ਬੱਤੀਆਂ ਨੂੰ ਗੁੱਲ ਕਰਨ ਦੇ ਲਈ ਜਦ ਤੁਰ ਪੈਂਦੀ ਹੈ ਹਵਾ।
ਕੌਣ ਕਹਿੰਦੈ, ਜੁਗਨੂੰਆਂ ਨੂੰ ਸੁਨੇਹਾ ਲਾਉਣਾ ਮਨ੍ਹਾਂ ਹੈ॥
ਕੱਚੇ ਕੋਠਿਆਂ ਦੀ ਹੋਣੀ ਦੇਣ ਹੈ ਇਹ ਮਾੜੇ ਪ੍ਰਬੰਧ ਦੀ।
ਕੌਣ ਕਹਿੰਦੈ, ਸਵਾਲ ਸਮਾਨਤਾ ਦਾ ਉਠਾਉਣਾ ਮਨ੍ਹਾਂ ਹੈ॥
ਜਮਾਤੀ ਲੜਾਈ ਤਜ ਕੇ, ਧਰਮਾਂ ਜਾਤਾਂ ਵਿੱਚ ਹੈ ਉਲਝ ਗਿਆ।
ਕੌਣ ਕਹਿੰਦੈ, ਔਲਖ ਨੂੰ ਇਹ ਕਿਉਂ ਸਮਝਾਉਣਾ ਮਨ੍ਹਾਂ ਹੈ।

## ਭਰਮ

ਡਾ. ਦਵਿੰਦਰ ਸਿੰਘ

ਕੀ ਪਤਾ ਤੂੰ ਕਿੱਥੇ ਲੁਕਿਆ ਏਂ,
ਨਾ ਦਿਸਦਾ ਤੇ ਨਾ ਹੀ ਬੋਲਦਾ ਏਂ।
ਕੁਝ ਖ਼ੁਸ਼ ਵੀ ਗਏ ਤੇਰੇ ਦਰ ਉੱਤੋਂ,
ਪਰ ਬਹੁਤਿਆਂ ਨੂੰ ਖਾਲੀ ਮੋੜਦਾ ਏਂ।
ਕਿੰਨਾ ਦੁੱਖ ਹੈ ਇਸ ਸੰਸਾਰ ਅੰਦਰ,
ਤੂੰ ਕਿਉਂ ਨਾ ਚੁੱਪੀ ਤੋੜਦਾ ਏਂ।
ਇੱਕ ਦੁਖੀ ਕਿ ਕੋਈ ਔਲਾਦ ਨਾਹੀਂ,
ਦੂਜਾ ਔਲਾਦ ਦੇ ਦੁੱਖਾਂ ਨੂੰ ਭੋਗਦਾ ਏ।
ਸੁਣ ਮਾਂ ਦਾ ਵਿਰਲਾਪ, ਜਿਸ ਨੇ ਪੁੱਤ ਖੋਇਆ,
ਕਿਉਂ ਬੱਚਿਆਂ ਤੋਂ ਮਾਂ ਨੂੰ ਵਿਛੋੜਦਾ ਏਂ।
ਕੋਈ ਤਰਸੇ ਰੋਟੀ ਦੋ ਵਕਤ ਦੀ ਨੂੰ,
ਕੋਈ ਬਣੀ ਬਣਾਈ ਵੀ ਰੋੜ੍ਹਦਾ ਏ।
ਆ ਸਾਹਮਣੇ ਜੇ ਸੱਚਮੁੱਚ ਮੌਜੂਦ ਹੈਂ ਤੂੰ,
ਬੰਦਾ ਡਰ ਤੋਂ ਹੀ ਕਿਉਂ ਹੱਥ ਜੋੜਦਾ ਏ।
‘ਦੇਵ’ ਸੋਚਦਾ ਭਰਮ ਇਹ ਮੁੱਕ ਜਾਵੇ,
ਜੋ ਕਿਸੇ ਇੱਕ ਦਾ ਨ੍ਹੀਂ, ਕਈ ਕਰੋੜ ਦਾ ਏ।

## ਕੰਮ ਦੀਆਂ ਗੱਲਾਂ

ਜਸਵੀਰ ਸ਼ਰਮਾ ਦੱਦਾਹੂਰ

ਠੱਗੀਆਂ ਚੋਰੀਆਂ ਦਾ ਹੈ ਦੌਰ ਅੱਜਕੱਲ੍ਹ,
ਜਿੰਨਾ ਡਰੋਗੇ ਓਨਾ ਹੀ ਡੰਗ ਵੱਜਦੈ।
ਸਮਾਂ ਰਿਹਾ ਨਹੀਂ ਭੇਤ ਬਤਾਉਣ ਵਾਲਾ,
ਜਿੰਨਾ ਦੱਸੋਗੇ ਓਨਾ ਹੀ ਸੇਕ ਲੱਗਦੈ।
ਪਹਿਲੇ ਸਮਿਆਂ ਦੇ ਬੰਦੇ ਸਨ ਬਹੁਤ ਚੰਗੇ,
ਹੁਣ ਤਾਂ ਖੱਬੇ ਨੂੰ ਸੱਜਾ ਹੀ ਹੱਥ ਠੱਗਦੈ।
‘ਦੱਦਾਹੂਰ’ ਵਾਲਾ ਕਹੇ ਵੀਰੋ ਰਹੋ ਬਚ ਕੇ,
ਹਰ ਤੀਜੇ ਬੰਦੇ ਪਿੱਛੇ ਇੱਕ ਚੋਰ ਲੱਗਦੈ।
ਸਮਾਂ ਮਾੜਾ ਹੈ ਬਚਣ ਦੀ ਲੋੜ ਹੈ ਜੀ,
ਅੱਜਕੱਲ੍ਹ ਕਿਸੇ ਦਾ ਕੋਈ ਇਤਬਾਰ ਹੈਨੀ।
ਦਿਲ ਦੀ ਡੂੰਘਾਈ ’ਚੋਂ ਬਣਾ ਲਓ ਯਾਰ ਕਿੰਨੇ,
ਪਰ ਕ੍ਰਿਸ਼ਨ-ਸੁਦਾਮੇ ਵਰਗਾ ਪਿਆਰ ਹੈਨੀ।
ਘਰ ਦਾ ਭੇਤ ਵੀ ਕਿਸੇ ਨੂੰ ਨਹੀਂ ਦੇਣਾ,
ਇੱਥੇ ਕੋਈ ਵੀ ਤੁਹਾਡਾ ਮਦਦਗਾਰ ਹੈਨੀ।
‘ਦੱਦਾਹੂਰੀਆ’ ਤੂੰ ਦਾਮਨ ਬਚਾ ਆਪਣਾ,
ਫਿਰ ਤੇਰੇ ਵਰਗਾ ਕੋਈ ਸਮਝਦਾਰ ਹੈਨੀ।

## ਅੰਬਾਂ ਦੀ ਰੁੱਤ ਕਦੇ ਨਾ ਜਾਵੇ

ਓਮਕਾਰ ਸੂਦ ਬਹੋਨਾ



ਗਰਮੀ ਦੀ ਰੁੱਤ ਜਦ ਵੀ ਆਵੇ,
ਨਾਲ ਅੰਬਾਂ ਦਾ ਤੋਹਫ਼ਾ ਲਿਆਵੇ।
ਤਰ੍ਹਾਂ ਤਰ੍ਹਾਂ ਦੇ ਅੰਬ ਵੇਖ ਕੇ,
ਸਭਨਾਂ ਦਾ ਫਿਰ ਮਨ ਲਲਚਾਵੇ।
ਲਾਲੀ ਭਰਿਆ ਅੰਬ ਸੰਧੂਰੀ,
ਰੇਹੜੀਆਂ ਉੱਤੋਂ ਝਾਤੀਆਂ ਪਾਵੇ।
ਚਾਰੇ ਪਾਸੇ ਅੰਬ ਵੇਖ ਕੇ,
ਮਹਿਕ ਇਨ੍ਹਾਂ ਦੀ ਮਨ ਨੂੰ ਭਾਵੇ।
ਲੰਗੜਾ ਅੰਬ ਵੀ ਬੜਾ ਨਿਆਰਾ,
ਜੋ ਵੇਖੇ ਬਲਿਹਾਰੇ ਈ ਜਾਵੇ।
ਰੰਗ ਭਾਵੇਂ ਇਹਦਾ ਹਰਾ ਈ ਹੁੰਦਾ,
ਮਿਠਾਸ ਇਹਦੀ ਨਾ ਮੂੰਹ ’ਚੋਂ ਜਾਵੇ।
ਦੁਸਹਿਰੀ ਦੀ ਕੀ ਗੱਲ ਸੁਣਾਵਾਂ,
ਅੰਬਾਂ ਦਾ ਸਿਰਤਾਜ ਕਹਾਵੇ।
ਲੰਮੀ ਫਾੜੀ, ਪਤਲੀ ਗੁੱਠਲੀ,
ਖਾਣ ਵਾਲੇ ਨੂੰ ਮਜ਼ਾ ਲਿਆਵੇ।
ਚੌਂਸਾ ਜਦੋਂ ਬਾਜ਼ਾਰ ’ਚ ਆਉਂਦਾ,
ਇਹ ਵੀ ਆਪਣਾ ਜੋਸ਼ ਦਿਖਾਵੇ।
ਸ਼ਹਿਦ ਤੋਂ ਮਿੱਠਾ ਰਸਾ ਇਸ ਵਿੱਚ,
ਚੂਪਣ ਦਾ ਫਿਰ ਮਜ਼ਾ ਆ ਜਾਵੇ।
ਕਲਮੀ ਅੰਬ ਦੀ ਸ਼ਾਨ ਹੀ ਵੱਖਰੀ,
ਕੱਟ ਕੱਟ ਹਰ ਕੋਈ ਇਸ ਨੂੰ ਖਾਵੇ।
ਅੰਬਾਂ ਦੀਆਂ ਤਾਂ ਬਹੁਤ ਹੀ ਕਿਸਮਾਂ,
ਹਰ ਇੱਕ ਕਿਸਮ ਮਿਠਾਸ ਵਧਾਵੇ।
ਮੋਟੇ ਪਤਲੇ ਲਾਲ ਪੀਲੇ ਸਭ,
ਸਭ ਦਾ ਮੈਂਗੋਸ਼ੇਕ ਬਣ ਜਾਵੇ।
ਹਰ ਕੋਈ ਆਖੇ ਬੱਲੇ ਬੱਲੇ,
ਅੰਬਾਂ ਦੀ ਰੁੱਤ ਕਦੇ ਨਾ ਜਾਵੇ।

## ਨਾ ਰੋਲੋ ਅਨਾਜ

ਹਰਪ੍ਰੀਤ ਪੱਤੋ

ਕਿਉਂ ਨੀ ਚੁੱਕਦੇ, ਦੇਰ ਕਿਉਂ ਲਾਈ ਜਾਂਦੇ,
ਰੁਲੇ ਮੰਡੀਆਂ ਵਿੱਚ ਅਨਾਜ ਬਾਬਾ।
ਟਰਾਲੀ ਲਾਹੁਣ ਨੂੰ ਮਿਲੇ ਨਾ ਥਾਂ ਕੋਈ,
ਕੰਮ ਕਰੇ ਨਾ, ਕੋਈ ਲਿਹਾਜ਼ ਬਾਬਾ।
ਕਿੰਨੇ ਦਿਨ ਹੋਏ ਕਿਸਾਨ ਬੈਠਿਆਂ ਨੂੰ,
ਲੜੀ ਜਾਂਵਦੀ ਪਿੰਡੇ ਖਾਜ ਬਾਬਾ।
ਫ਼ਸਲ ਆਉਣੋਂ ਪਹਿਲਾਂ ਨੀਂ ਪ੍ਰਬੰਧ ਕੀਤੇ,
ਉਦੋਂ ਸੁਣੀ ਨੀਂ ਕੋਈ ਆਵਾਜ਼ ਬਾਬਾ।
ਰੁਕੇ ਪਏ ਦੁਕਾਨਾਂ ਦੇ ਸਭ ਲੈਣ ਦੇਣੇ,
ਪਵੇ ਰਕਮ ਨੂੰ ਵਾਧੂ ਵਿਆਜ ਬਾਬਾ।
ਵੋਟਾਂ ਤੋਂ ਪਹਿਲਾਂ ਕਰੇ ਇਕਰਾਰ ਜਿਹੜੇ,
ਉੱਘੜਦੇ ਜਾਂਦੇ ਝੂਠੇ ਪਾਜ ਬਾਬਾ।
ਪੱਤੋ, ਚੁੱਕੋ ਫ਼ਸਲਾਂ ਹੋਣ ਕਿਸਾਨ ਵਿਹਲੇ,
ਕਰਨ ਆਪਣਾ ਕੋਈ ਕੰਮ ਕਾਜ ਬਾਬਾ।

## ਕੋਹਕਾਫ਼ ਤੱਕ ਫੈਲਿਆ ਪੰਜ ਆਬ

ਕੁਲਦੀਪ ਖੁੱਡੀਆਂ

ਮੇਰੀ ਕਲਮ ਵਿੱਚ ਤਾਕਤ ਹੀ ਨਹੀਂ ਫਿਰ ਕਿਤਾਬ ਕੀ ਲਿਖਾਂ,
ਅੰਨਦਾਤਾ ਥੁੜ੍ਹਿਆ ਰੋਟੀ ਤੋਂ ਤੇਰਾ ਹੁਸਨ ਸ਼ਬਾਬ ਕੀ ਲਿਖਾਂ।
ਤਨ ’ਤੇ ਚੋਲਾ ਚਿੱਟਾ ਅਤੇ ਗੁਨਾਹਾਂ ਦਾਮਨ ਕਾਲਾ ਕਰ ਛੱਡਿਆ,
ਲੋਕਾਂ ਤਾਈਂ ਲੁਕਾਵਾਂ ਕੁਲਦੀਪ ਮੈਂ ਆਪਣਾ ਹਿਸਾਬ ਕੀ ਲਿਖਾਂ।
ਮੇਰਾ ਹਰ ਸਵਾਲ ਹੀ ਨਵੇਂ ਸਵਾਲਾਂ ਨੂੰ ਜਨਮ ਦਿੰਦਾ ਰਹੇ,
ਖ਼ੁਦ ਨੂੰ ਕਿੰਨੇ ਸਵਾਲ ਕਰਾਂ ਤੇ ਸਵਾਲਾਂ ਦੇ ਜਵਾਬ ਕੀ ਲਿਖਾਂ।
ਬੜੇ ਹੱਸ ਕੇ ਲੰਘਦੇ ਕੋਲ ਦੀ, ਕਈ ਆਕੜ ਵੀ ਕਰਦੇ ਨੇ,
ਉਨ੍ਹਾਂ ਆਕੜਖੋਰਾਂ ਦੀ ਮੱਤ ਥੋੜ੍ਹੀ ਬਾਰੇ ਜਨਾਬ ਕੀ ਲਿਖਾਂ।
ਪਾਣੀ ਲੁੱਟਿਆ, ਖੋਹੀ ਰਾਜਧਾਨੀ ਤੇ ਬੋਲੀ ਨੁੱਕਰੇ ਲਾਈ,
ਕਿੰਨਾ ਹਾਕਮਾਂ ਹੱਥੋਂ ਵਲੂੰਧਰਿਆ ਮੇਰਾ ਪੰਜਾਬ ਕੀ ਲਿਖਾਂ।
ਆਪਮੁਹਾਰੀਆਂ ਭੀੜਾਂ ’ਤੇ ਲਿਖਣ ਤੋਂ ਡਰ ਜਾਂਦਾ ਹਾਂ ਮੈਂ,
ਇਨ੍ਹਾਂ ਦੇਸ਼ ਧ੍ਰੋਹੀ ਦੇ ਲਕਬ ਦੇਣੇ ਬੇਹਿਸਾਬ ਕੀ ਲਿਖਾਂ।
ਨੌਜਵਾਨ ਜਹਾਜ਼ਾਂ ਵਿੱਚ ਆਪਣੇ ਖ਼ਾਬਾਂ ਨਾਲ ਨੇ ਉੱਡਦੇ,
ਡੰਕੀ ਰੂਟਾਂ ਵਿੱਚ ਕਿੰਨੇ ਕੁ ਸਹਿਕਦੇ ਨੇ ਖ਼ਾਬ ਕੀ ਲਿਖਾਂ।
ਜਵਾਨੀ ਨਸ਼ਿਆਂ ਨੇ ਮਾਰੀ ਤੇ ਕਿਸਾਨੀ ਖਾਧੀ ਕਰਜ਼ੇ ਨੇ,
ਆਬੋ ਹਵਾ ਮੁਲਕ ਦੀ ਕਿੰਨੀ ਹੋਈ ਆ ਖ਼ਰਾਬ ਕੀ ਲਿਖਾਂ।
ਅਹੁਦੇ ਰੁਤਬੇ ਲੈ ਕੇ ਨਾਇਕ ਬਣ ਗਏ ਇੱਥੇ ਆਗੂ
ਸਤਲੁਜ ਤੋਂ ਕਿੱਦਾਂ ਉਨ੍ਹਾਂ ਵੱਖ ਕੀਤਾ ਚਨਾਬ ਕੀ ਲਿਖਾਂ।
ਮਜ਼ਹਬਾਂ ਦੀ ਕੋਝੀ ਸਿਆਸਤ ਨੇ ਝੰਬ ਸੁੱਟਿਆ ਵਤਨ ਮੇਰਾ,
ਕੋਹਕਾਫ਼ ਤੱਕ ਫੈਲਿਆ ਕੇਹਾ ਸੀ ਪੰਜ ਆਬ ਕੀ ਲਿਖਾਂ।

## ਗ਼ਜ਼ਲ

ਜਸਵੰਤ ਧਾਪ



ਇਸ ਵੇਲੇ ਦੀ ਦਰਦ ਕਹਾਣੀ
ਚਾਰ ਚੁਫ਼ੇਰੇ ਪਾਣੀ ਪਾਣੀ
ਰੋਜ਼ ਦਿਹਾੜੀ ਬੱਦਲ ਗਰਜਣ
ਬਿਜਲੀ ਰੌਂਦੇ ਸਾਹਵਾਂ ਥਾਣੀ
ਅੰਬਰ ਵੱਲੇ ਝਾਕੀ ਜਾਵੇ
ਅੱਖਾਂ ਟੱਡੀ ਧਰਤ ਨਿਮਾਣੀ
ਲੁੱਟੀ ਪੁੱਟੀ ਗਈ ਲੋਕਾਈ
ਤਕਦੀਰਾਂ ਨੇ ਚੌਧਰ ਮਾਣੀ
ਇੱਕ ਦੂਜੇ ਨੂੰ ਪੁੱਛਣ ਖ਼ੈਰਾਂ
ਦੂਰ ਦੁਰਾਡੇ ਬੈਠੇ ਹਾਣੀ
ਹੱਠ ਪੁਗਾ ਕੇ ਕੁਦਰਤ ਖੌਰੇ
ਕੀ ਸਮਝਾਵੇ ਖ਼ਸਮਾਂ ਖਾਣੀ
ਚੋ ਚੋ ਹੋਈ ਕਮਲ਼ੀ ਯਾਰੋ
ਖਾਬਾਂ ਵਾਲੀ ਛੱਤ ਪੁਰਾਣੀ
ਕਿਉਂ ਨ ਰੱਬ ਨੇ ਹਾਲੇ ਤਾਈਂ
ਫ਼ਰਿਆਦਾਂ ਦੀ ਨਬਜ਼ ਪਛਾਣੀ
ਧਾਪ ਦੋਸਤਾ ਹਿੰਮਤ ਰੱਖੀਂ
ਹਰ ਆਫ਼ਤ ਆਉਣੀ ਤੇ ਜਾਣੀ

## ਕੌਣ ਸਮਝਾਵੇ ਟਰੰਪ ਨੂੰ


ਹਰਪ੍ਰੀਤ ਪੱਤੋ



ਜੰਗ ਵਿੱਚ ਨਾ ਕਦੇ ਜਿੱਤ ਹਾਰ ਹੋਵੇ,
ਹੋਵੇ ਦੋਵੇਂ ਪਾਸੇ ਨੁਕਸਾਨ ਮੀਆਂ।
ਇਮਾਰਤਾਂ ਢਹਿਣ, ਮਨੁੱਖਤਾ ਮਰ ਜਾਂਦੀ,
ਬੇਦੋਸ਼ਿਆਂ ਦੀ ਜਾਵੇ ਜਾਨ ਮੀਆਂ।
ਸਦੀਆਂ ਤੱਕ ਨਾ ਘਾਟੇ ਹੋਣ ਪੂਰੇ,
ਸੁਹਾਗ ਬਾਝੋਂ ਰਹੇ ਰਕਾਨ ਮੀਆਂ।
ਸੁਹਾਗ ਰਹਿਣ ਬਿਨ ਸੁਹਾਗਣਾਂ ਦੇ,
ਕਿੱਥੋਂ ਵੱਸਣੇ ਫਿਰ ਮਕਾਨ ਮੀਆਂ।
ਮਹਿੰਗਾਈ, ਬੇਰੁਜ਼ਗਾਰੀ ਵਧ ਜਾਂਦੀ,
ਦੁੱਖ ਭੁੱਖ ਦਾ ਆਵੇ ਤੂਫ਼ਾਨ ਮੀਆਂ।
ਕੀ ਖੱਟਣਾ, ਜੇ ਪੁੱਛੋ ਟਰੰਪ ਕੋਲੋਂ ?
ਉੱਜੜੇ ਆਪ ਨਾਲੇ ਇਰਾਨ ਮੀਆਂ।
ਹੋਰ ਲੱਭਦੇ ਨੇ, ਕੋਲੋਂ ਗੁਆ ਦਿੱਤਾ,
ਨਾਲੇ ਹੋਇਆ ਵਾਧੂ ਬਦਨਾਮ ਮੀਆਂ।
ਕੌਣ ਸਮਝਾਵੇ ਟਰੰਪ ਵਿਚਾਰੇ ਨੂੰ,
ਬਿੰਦੇ ਝੱਟੇ ਬਦਲੇ ਬਿਆਨ ਮੀਆਂ।
ਹੋਛਾ ਬੰਦਾ ‘ਪੱਤੋ’ ਜੇ ਹੋਵੇ ਆਗੂ,
ਪਰਦਾ ਚੁੱਕੇ ?, ਵਿੱਚ ਜਹਾਨ ਮੀਆਂ।

## ਨੈਣਾਂ ਦਾ ਸਮੁੰਦਰ


ਨਵਨੀਤ ਗਿੱਲ



ਹੱਸੀਆਂ ਕਬਰਾਂ,
ਵੇਖ ਢਲਦੀਆਂ ਉਮਰਾਂ।
ਗਏ ਤੁਰ, ਕਿੱਥੇ ਠੱਠੇ ?
ਪਾ ਝੋਲੀਆਂ ’ਚ ਸਾਹ ਮੱਠੇ।
ਫੜ ਹੁਣ ਡੰਗੋਰੀ,
ਕਰਦੇ ਦਿਸੇ ਜੀ ਹਜ਼ੂਰੀ।
ਉਹੀਓ ਸਨ ਹੱਥ,
ਮਾਰਦੇ ਤਾੜੀ ਜੋ ਬੈਠ ਸੱਥ।
ਕਿੰਨਾ ਅਤੇ ਕਿਉਂ ?
ਸਮਾਂ ਗਿਆ ਮੂੰਹ ਸਿਉਂ।
ਬ਼ਗੈਰ ਕੁਝ ਵੀ ਦੱਸੇ,
ਮਿਟਾ ਪਰ ਅਣਗਿਣਤ ਸੰਸੇ।
ਗਇਆ ਵਲੂੰਧਰ,
ਨੈਣਾਂ ਦਾ ਦੇਖ ਸਮੁੰਦਰ।
ਲੈ ਡਾਢਾ ਚੱਲਿਆ,
ਜਿਸ ਨੇ ਕਦੇ, ਵੇਖ ਘੱਲਿਆ।
ਨਹੀਓਂ ਜ਼ੋਰ ਕੋਈ,
ਚੱਲੇ, ਪਾਏ ਕਫ਼ਨ, ਲੋਈ।
ਤੋੜਦਾ ਚਾਹੇ ਕਸਮਾਂ,
‘ਗਿੱਲ’ ਨਿਭਾਏ ਜੱਗ ਰਸਮਾਂ।

## ਗ਼ਜ਼ਲ

ਗੁਰਮੀਤ ਸਿੰਘ ਸੋਹੀ



ਕਬਰ ਕਿਸੇ ਦੀ ਪੁੱਟ ਕੇ ਚੱਲੇ ਨੇ,
ਘਰ ਗ਼ਰੀਬ ਦਾ ਲੁੱਟ ਕੇ ਚੱਲੇ ਨੇ,
ਸ਼ੌਕ ਸੀ ਜਿਹਨੂੰ ਨਾਲ ਤੁਰਨ ਦਾ,
ਅੱਧ ਵਿਚਕਾਰ ਸੁੱਟ ਕੇ ਚੱਲੇ ਨੇ।
ਮਿਹਨਤ ਨਾਲ ਜੋ ਕਰਦਾ ਤਰੱਕੀ,
ਰਾਹਾਂ ਵਿੱਚ ਟੋਏ ਪੁੱਟ ਕੇ ਚੱਲੇ ਨੇ,
ਸੱਚ ਬੋਲਣ ਦੀ ਜੋ ਕਰਦਾ ਹਿੰਮਤ,
ਆਵਾਜ਼ ਸੀਨੇ ’ਚ ਘੁੱਟ ਕੇ ਚੱਲੇ ਨੇ।
ਮੋਹ ਨਾਲ ਦਿਲ ਜਿਨ੍ਹਾਂ ਦੇ ਭਰੇ,
ਕੱਚ ਵਾਂਗ ਦਿਲ ਟੁੱਟ ਕੇ ਚੱਲੇ ਨੇ।
ਲੋਭ ਦੇ ਪਿੰਜਰੇ ’ਚ ਜੋ ਕੈਦੀ ‘ਸੋਹੀ’
ਮਿੱਠੀ ਜੇਲ੍ਹ ਤੋਂ ਉਹ ਛੁੱਟ ਕੇ ਚੱਲੇ ਨੇ।

# ਭਾਰਤ ਵੱਲੋਂ ਵਿਸ਼ਵ ਹਾਕੀ ਕੱਪ ਲਈ ਟੀਮ ਦਾ ਐਲਾਨ



ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਨੇ ਅਗਲੇ ਮਹੀਨੇ ਹੋਣ ਵਾਲੇ ਐੱਫ ਆਈ ਐੱਚ ਪੁਰਸ਼ ਹਾਕੀ ਆਲਮੀ ਕੱਪ ਲਈ 20 ਮੈਂਬਰੀ ਟੀਮ ਦਾ ਐਲਾਨ ਕਰ ਦਿੱਤਾ ਹੈ। ਹਰਮਨਪ੍ਰੀਤ ਸਿੰਘ ਟੀਮ ਦਾ ਕਪਤਾਨ ਹੋਵੇਗਾ ਅਤੇ ਮਨਪ੍ਰੀਤ ਸਿੰਘ ਮਿਡਫੀਲਡ 'ਚ ਅਹਿਮ ਭੂਮਿਕਾ ਨਿਭਾਏਗਾ। ਪ੍ਰੋ ਲੀਗ ਦਾ ਯੂਰੋਪ ਗੇੜ ਖੇਡਣ ਵਾਲੇ ਅਮਨਦੀਪ ਲਾਕੜਾ, ਰਾਜ ਕੁਮਾਰ ਪਾਲ, ਰਵੀਚੰਦਰ ਸਿੰਘ ਮੋਇਰੰਗਥਾਮ ਅਤੇ ਸੇਲਵਮ ਕਾਰਤੀ ਨੂੰ ਟੀਮ ਜਗ੍ਹਾ ਨਹੀਂ ਮਿਲੀ।

ਭਾਰਤ ਪਿਛਲੇ ਮਹੀਨੇ ਪ੍ਰੋ ਲੀਗ ਦੇ ਯੂਰੋਪ ਗੇੜ ਤੋਂ ਮਗਰੋਂ ਨੌਂ ਟੀਮਾਂ ਵਿੱਚ ਅੱਠਵੇਂ ਸਥਾਨ 'ਤੇ ਰਿਹਾ ਸੀ। ਚੁਣੀ ਗਈ ਟੀਮ 'ਚ ਹਰਮਨਪ੍ਰੀਤ ਸਿੰਘ (ਕਪਤਾਨ), ਮੋਹਿਤ ਐੱਚ ਐੱਸ ਤੇ ਸੂਰਜ ਕਰਕੇਰਾ (ਗੋਲਕੀਪਰ) ਤੋਂ ਇਲਾਵਾ ਜਰਮਨਪ੍ਰੀਤ ਸਿੰਘ, ਅਮਿਤ ਰੋਹਿਦਾਸ, ਜੁਗਰਾਜ ਸਿੰਘ, ਸੰਜੈ, ਸੁਮਿਤ, ਯਸ਼ਦੀਪ ਸਿਵਾਚ, ਰਾਜਿੰਦਰ ਸਿੰਘ, ਆਦਿੱਤਿਆ ਅਰਜੁਨ ਲਾਲਾਗੇ, ਹਾਰਦਿਕ ਸਿੰਘ, ਮਨਪ੍ਰੀਤ ਸਿੰਘ, ਨੀਲਾਕਾਂਤ ਸ਼ਰਮਾ, ਵਿਵੇਕ ਸਾਗਰ ਪ੍ਰਸਾਦ, ਦਿਲਪ੍ਰੀਤ ਸਿੰਘ, ਸ਼ਿਲਾਨੰਦ ਲਾਕੜਾ, ਸੁਖਜੀਤ ਸਿੰਘ, ਮਨਦੀਪ ਸਿੰਘ ਅਤੇ ਅਭਿਸ਼ੇਕ ਨੂੰ ਸ਼ਾਮਲ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਅੱਠ ਵਾਰ ਦੀ ਉਲੰਪਿਕ ਚੈਂਪੀਅਨ ਭਾਰਤੀ ਹਾਕੀ ਟੀਮ ਹੁਣ ਤੱਕ ਸਿਰਫ਼ ਇੱਕ ਵਾਰ 1975 ਵਿੱਚ ਵਿਸ਼ਵ ਕੱਪ ਜਿੱਤ ਸਕੀ ਹੈ। ਪਿਛਲੀ ਵਾਰ ਭੁਬਨੇਸ਼ਵਰ ਵਿੱਚ ਹੋਏ ਹਾਕੀ ਵਿਸ਼ਵ ਕੱਪ -2023 ਵਿੱਚ ਮੇਜ਼ਬਾਨ ਭਾਰਤ ਨੌਵੇਂ ਸਥਾਨ 'ਤੇ ਰਿਹਾ ਸੀ। ਵਿਸ਼ਵ ਕੱਪ-2026 ਲਈ ਭਾਰਤ ਨੂੰ ਪੂਲ-ਡੀ ਵਿੱਚ ਇੰਗਲੈਂਡ, ਪਾਕਿਸਤਾਨ ਅਤੇ ਵੇਲਜ਼ ਦੇ ਨਾਲ ਰੱਖਿਆ ਗਿਆ ਹੈ। ਭਾਰਤ ਦੇ ਸਾਰੇ ਪੂਲ ਮੈਚ ਨੀਦਰਲੈਂਡਜ਼ ਦੇ ਐਮਸਟਲਵੀਨ ਵਿੱਚ ਹੋਣਗੇ। ਭਾਰਤ ਦਾ ਪਹਿਲਾ ਮੈਚ 15 ਅਗਸਤ ਨੂੰ ਵੇਲਜ਼ ਨਾਲ, ਦੂਜਾ 17 ਨੂੰ ਇੰਗਲੈਂਡ ਨਾਲ ਤੇ ਤੀਜਾ 19 ਅਗਸਤ ਨੂੰ ਪਾਕਿਸਤਾਨ ਨਾਲ ਹੋਵੇਗਾ।

ਮੁੱਖ ਕੋਚ ਕ੍ਰੇਗ ਫੁਲਟਨ ਨੇ ਕਿਹਾ, "ਇਹ ਕਾਫ਼ੀ ਸੰਤੁਲਿਤ ਟੀਮ ਹੈ ਜਿਸ ਵਿੱਚ ਨੌਜਵਾਨਾਂ ਅਤੇ ਤਜਰਬੇਕਾਰ ਖਿਡਾਰੀਆਂ ਦਾ ਸੁਮੇਲ ਹੈ। ਖਿਡਾਰੀਆਂ ਦੀ ਚੋਣ ਉਨ੍ਹਾਂ ਦੇ ਪ੍ਰਦਰਸ਼ਨ ਦੇ ਆਧਾਰ 'ਤੇ ਕੀਤੀ ਗਈ ਹੈ। 1975 ਤੋਂ ਬਾਅਦ ਭਾਰਤ ਨੇ ਵਿਸ਼ਵ ਕੱਪ ਨਹੀਂ ਜਿੱਤਿਆ ਅਤੇ ਇਹ ਟੀਮ ਭਾਰਤੀ ਹਾਕੀ ਦੇ ਇਤਿਹਾਸ ਦਾ ਨਵਾਂ ਅਧਿਆਏ ਲਿਖਣ ਦਾ ਦਮ ਰੱਖਦੀ ਹੈ।"

## ਭਾਰਤੀ ਹਾਕੀ ਟੀਮ 'ਚ ਪੰਜਾਬ ਦੇ ਅੱਠ ਖਿਡਾਰੀ



ਜਲੰਧਰ/ਏ.ਟੀ.ਨਿਊਜ਼: ਨੀਦਰਲੈਂਡਜ਼ ਅਤੇ ਬੈਲਜੀਅਮ 'ਚ 15 ਤੋਂ 30 ਅਗਸਤ ਤੱਕ ਹੋਣ ਵਾਲੇ ਹਾਕੀ ਵਿਸ਼ਵ ਕੱਪ ਲਈ ਚੁਣੀ 20 ਮੈਂਬਰੀ ਭਾਰਤੀ ਪੁਰਸ਼ ਹਾਕੀ ਟੀਮ ਵਿੱਚ ਪੰਜਾਬ ਦੇ ਅੱਠ ਖਿਡਾਰੀਆਂ ਨੇ ਆਪਣੀ ਜਗ੍ਹਾ ਬਣਾਈ ਹੈ। ਪੰਜਾਬ ਦੇ ਇਨ੍ਹਾਂ ਖਿਡਾਰੀਆਂ 'ਚ ਕਪਤਾਨ ਹਰਮਨਪ੍ਰੀਤ ਸਿੰਘ, ਸਾਬਕਾ ਕਪਤਾਨ ਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਜਰਮਨਪ੍ਰੀਤ ਸਿੰਘ, ਜੁਗਰਾਜ ਸਿੰਘ, ਸੁਖਜੀਤ ਸਿੰਘ, ਦਿਲਪ੍ਰੀਤ ਸਿੰਘ ਅਤੇ ਮਨਦੀਪ ਸਿੰਘ ਸ਼ਾਮਲ ਹਨ। ਇਨ੍ਹਾਂ 'ਚੋਂ ਮਨਪ੍ਰੀਤ, ਹਾਰਦਿਕ, ਮਨਦੀਪ ਤੇ ਸੁਖਜੀਤ ਜਲੰਧਰ ਨਾਲ ਸਬੰਧ ਰੱਖਦੇ ਹਨ। ਚੁਣੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਤੇ ਜਨਰਲ ਸਕੱਤਰ ਅਮਰੀਕ ਸਿੰਘ ਪੋਵਾੜ ਨੇ ਕਿਹਾ ਕਿ ਪੰਜਾਬ ਨੂੰ ਮਾਣ ਹੈ ਕਿ ਹਰਮਨਪ੍ਰੀਤ ਸਿੰਘ ਫਿਰ ਕੌਮੀ ਟੀਮ ਦੀ ਅਗਵਾਈ ਕਰੇਗਾ ਜਦਕਿ ਮਨਪ੍ਰੀਤ ਸਿੰਘ ਦਾ ਤਜਰਬਾ ਟੀਮ ਲਈ ਅਹਿਮ ਸਾਬਤ ਹੋਵੇਗਾ।

## ਮੇਸੀ ਦੀਆਂ ਬਾਂਹਾਂ ਤੋਂ ਵਿਸ਼ਵ ਫ਼ੁੱਟਬਾਲ ਦੇ ਮੰਚ ਤੱਕ

# ਲਾਮਿਨ ਯਾਮਾਲ

### ਜਿਸ ਨੇ ਸਾਬਤ ਕਰ ਦਿੱਤਾ ਕਿ ਕਿਸਮਤ ਵੀ ਕਈ ਵਾਰ ਤਸਵੀਰਾਂ ਵਿੱਚ ਆਪਣਾ ਭਵਿੱਖ ਲਿਖ ਜਾਂਦੀ ਹੈ



ਡਾ. ਜਤਿੰਦਰ ਸਾਬੀ

ਕਈ ਵਾਰ ਇਤਿਹਾਸ ਕਿਤਾਬਾਂ ਵਿੱਚ ਨਹੀਂ, ਸਗੋਂ ਇੱਕ ਤਸਵੀਰ ਵਿੱਚ ਲਿਖਿਆ ਜਾਂਦਾ ਹੈ। ਇੱਕ ਤਸਵੀਰ, ਜਿਸ ਵਿੱਚ ਦੁਨੀਆ ਦਾ ਮਹਾਨਤਮ ਫ਼ੁੱਟਬਾਲਰ ਪੰਜ ਮਹੀਨੇ ਦੇ ਇੱਕ ਮਾਸੂਮ ਬੱਚੇ ਨੂੰ ਆਪਣੀਆਂ ਬਾਂਹਾਂ ਵਿੱਚ ਫ਼ੜ ਕੇ ਨਹਲਾ ਰਿਹਾ ਹੈ। ਉਸ ਵੇਲੇ ਕਿਸੇ ਨੇ ਨਹੀਂ ਸੋਚਿਆ ਸੀ ਕਿ ਇਹ ਬੱਚਾ ਇੱਕ ਦਿਨ ਉਸੇ ਮਹਾਨ ਖਿਡਾਰੀ ਦੇ ਯੁੱਗ ਨੂੰ ਚੁਣੌਤੀ ਦੇਵੇਗਾ। ਫ਼ੁੱਟਬਾਲ ਸਿਰਫ਼ 90 ਮਿੰਟਾਂ ਦੀ ਖੇਡ ਨਹੀਂ, ਸਗੋਂ ਲੱਖਾਂ ਸੁਪਨਿਆਂ, ਸੰਘਰਸ਼ਾਂ ਅਤੇ ਕੁਰਬਾਨੀਆਂ ਦਾ ਨਾਮ ਹੈ। ਹਰ ਮਹਾਨ ਖਿਡਾਰੀ ਦੇ ਪਿੱਛੇ ਇੱਕ ਐਸੀ ਕਹਾਣੀ ਹੁੰਦੀ ਹੈ ਜੋ ਮੈਦਾਨ ਦੀ ਚਮਕ ਤੋਂ ਕਈ ਗੁਣਾ ਵੱਡੀ ਹੁੰਦੀ ਹੈ। ਲਾਮਿਨ ਯਾਮਾਲ ਦੀ ਕਹਾਣੀ ਵੀ ਅਜਿਹੀ ਹੀ ਹੈ—ਜਿੱਥੇ ਗਰੀਬੀ ਹੈ, ਪਰ ਹੌਸਲੇ ਵੀ ਹਨ; ਅੱਖਾਂ ਵਿੱਚ ਹੰਝੂ ਹਨ, ਪਰ ਉਨ੍ਹਾਂ ਤੋਂ ਵੱਡੇ ਸੁਪਨੇ ਵੀ ਹਨ। ਅੱਜ ਜਦੋਂ ਸਾਰਾ ਸੰਸਾਰ ਉਸ ਦੇ ਖੱਬੇ ਪੈਰ ਦੀ ਜਾਦੂਗਰੀ 'ਤੇ ਮੋਹਿਤ ਹੈ, ਤਾਂ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਜਾਦੂ ਦੀ ਨੀਂਹ ਰੋਕਾਫ਼ੋਂਡਾ ਦੀਆਂ ਤੰਗ ਗਲੀਆਂ ਵਿੱਚ ਪਈ ਸੀ। ਮੋਰੱਕੋ ਤੋਂ ਆਏ ਪਿਤਾ ਮੁਨੀਰ ਨਸਰਾਉਈ ਅਤੇ ਇਕਵੇਟੋਰੀਅਲ ਗਿਨੀ ਨਾਲ ਸਬੰਧਤ ਮਾਤਾ ਸ਼ੀਲਾ ਏਬਾਨਾ ਨੇ ਬੇਹੱਦ ਮੁਸ਼ਲਿ ਹਾਲਾਤਾਂ ਵਿੱਚ ਆਪਣੇ ਪੁੱਤਰ ਦੀ ਪਰਵਰਿਸ਼ ਕੀਤੀ। ਘਰ ਵਿੱਚ ਪੈਸੇ ਘੱਟ ਸਨ, ਪਰ ਹੌਸਲਾ ਕਦੇ ਘੱਟ ਨਹੀਂ ਹੋਇਆ। ਯਾਮਾਲ ਅੱਜ ਵੀ ਮੰਨਦੇ ਹਨ ਕਿ ਉਨ੍ਹਾਂ ਦੇ ਮਾਪਿਆਂ ਨੇ ਆਪਣੇ ਸੁਪਨੇ ਛੱਡ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਜਿਉਂਦਾ ਰੱਖਿਆ। ਮੈਂ ਜੋ ਵੀ ਹਾਂ, ਆਪਣੇ ਮਾਪਿਆਂ ਦੀ ਕੁਰਬਾਨੀ ਕਰਕੇ ਹਾਂ। ਇਹ ਇੱਕ ਵਾਕ ਹੀ ਉਨ੍ਹਾਂ ਦੇ ਚਰਿੱਤਰ ਦੀ ਸਭ ਤੋਂ ਵੱਡੀ ਪਛਾਣ ਹੈ। ਇੱਕ ਨਾਮ, ਜਿਸ ਵਿੱਚ ਸ਼ੁਕਰਾਨਾ ਵੱਸਦਾ ਹੈ, ਲਾਮਿਨ ਯਾਮਾਲ ਦਾ ਨਾਮ ਸਿਰਫ਼ ਇੱਕ ਪਛਾਣ ਨਹੀਂ, ਸਗੋਂ ਸ਼ੁਕਰਗੁਜ਼ਾਰੀ ਦੀ ਮਿਸਾਲ ਹੈ। ਜਦੋਂ ਉਨ੍ਹਾਂ ਦੇ ਪਿਤਾ ਮੁਸ਼ਕਿਲ ਸਮੇਂ ਵਿੱਚ ਸਨ, ਦੋ ਦੋਸਤਾਂ ਨੇ ਮਦਦ ਕੀਤੀ। ਉਸ ਮਦਦ ਨੂੰ ਜ਼ਿੰਦਗੀ ਭਰ ਯਾਦ ਰੱਖਣ ਲਈ ਉਨ੍ਹਾਂ ਨੇ ਆਪਣੇ ਪੁੱਤਰ ਦਾ ਨਾਮ ਉਨ੍ਹਾਂ ਦੋਸਤਾਂ ਦੇ ਨਾਮਾਂ ਨਾਲ ਜੋੜ ਦਿੱਤਾ। ਅੱਜ ਜਦੋਂ ਸਾਰਾ ਸੰਸਾਰ ਯਾਮਾਲ ਦਾ ਨਾਮ ਲੈਂਦਾ ਹੈ ਤਾਂ ਉਸ ਦੇ ਪਿੱਛੇ ਇੱਕ ਪਰਿਵਾਰ ਦੀ ਇਨਸਾਨੀਅਤ ਦੀ ਕਹਾਣੀ ਵੀ ਲੁਕੀ ਹੋਈ ਹੈ। 304'— ਜਦੋਂ ਸੈਲੀਬ੍ਰੇਸ਼ਨ ਵੀ ਇੱਕ ਸੰਦੇਸ਼ ਬਣ ਜਾਂਦਾ ਹੈ ਤੇ ਹਰ ਗੋਲ ਤੋਂ ਬਾਅਦ ਯਾਮਾਲ ਆਪਣੀਆਂ ਉਂਗਲਾਂ ਨਾਲ 304 ਬਣਾਉਂਦੇ ਹਨ। ਇਹ ਕੋਈ ਫ਼ੈਸ਼ਨ ਨਹੀਂ। ਇਹ ਉਸ ਇਲਾਕੇ ਰੋਕਾਫ਼ੋਂਡਾ (08304) ਨੂੰ ਸਲਾਮ ਹੈ, ਜਿੱਥੇ ਉਨ੍ਹਾਂ ਨੇ ਪਹਿਲੀ ਵਾਰ ਗੇਂਦ ਨੂੰ ਪੈਰ ਲਾਇਆ ਸੀ। ਜਿਸ ਸਮਾਜ ਨੇ ਉਨ੍ਹਾਂ ਨੂੰ ਜਨਮ ਦਿੱਤਾ, ਉਸ ਨੂੰ ਦੁਨੀਆ ਦੇ ਸਭ ਤੋਂ ਵੱਡੇ ਮੰਚ 'ਤੇ ਯਾਦ ਕਰਨਾ ਹੀ ਉਨ੍ਹਾਂ ਦੀ ਅਸਲ ਮਹਾਨਤਾ ਹੈ। ਜਦੋਂ ਕਿਸਮਤ ਨੇ ਦੋ ਦੰਤਕਥਾਵਾਂ ਨੂੰ ਮਿਲਾਇਆ ਸਾਲ 2007 ਸੀ ਤੇ ਜਦੋਂ ਲਿਓਨੇਲ ਮੇਸੀ ਆਪਣੇ ਕੈਰੀਅਰ ਦੀ ਉਡਾਣ ਭਰਨ ਲੱਗੇ ਸਨ। ਉਸੇ ਸਮੇਂ ਪੰਜ ਮਹੀਨੇ ਦਾ ਇੱਕ ਬੱਚਾ, ਜਿਸ ਦਾ ਨਾਮ ਲਾਮਿਨ ਯਾਮਾਲ ਸੀ, ਇੱਕ ਚੈਰਿਟੀ ਫ਼ੋਟੋਸ਼ੂਟ ਦੌਰਾਨ ਮੇਸੀ ਦੀਆਂ ਬਾਂਹਾਂ ਵਿੱਚ ਆ ਗਿਆ। ਮੇਸੀ ਨੇ ਉਸ ਨੂੰ ਨਹਿਲਾਇਆ, ਮੁਸਕਰਾਏ ਤੇ ਤਸਵੀਰ ਖਿੱਚੀ ਗਈ ਅਤੇ ਇਤਿਹਾਸ ਨੇ ਚੁੱਪਚਾਪ ਆਪਣੇ ਅਗਲੇ ਅਧਿਆਇ 'ਤੇ ਦਸਤਖ਼ਤ ਕਰ ਦਿੱਤੇ। ਉਸ ਦਿਨ ਕਿਸੇ ਨੇ ਨਹੀਂ ਸੋਚਿਆ ਸੀ ਕਿ ਇਹ ਤਸਵੀਰ ਇੱਕ ਦਿਨ ਫ਼ੁੱਟਬਾਲ ਇਤਿਹਾਸ ਦੀ ਸਭ ਤੋਂ ਕੀਮਤੀ ਯਾਦ ਬਣ ਜਾਵੇਗੀ। ਤਸਵੀਰ ਦਾ ਅਸਲੀ ਮਤਲਬ 17 ਸਾਲ ਬਾਅਦ ਸਮਝ ਆਇਆ, ਜਦੋਂ 2024 ਵਿੱਚ ਉਹ ਤਸਵੀਰ ਦੁਬਾਰਾ ਸਾਹਮਣੇ ਆਈ ਤਾਂ ਪੂਰੀ ਦੁਨੀਆ ਹੈਰਾਨ ਰਹਿ ਗਈ। ਯਾਮਾਲ ਦੇ ਪਿਤਾ ਨੇ ਲਿਖਿਆ, "ਦੋ ਮਹਾਨ ਖਿਡਾਰੀਆਂ ਦੀ ਸ਼ੁਰੂਆਤ।" ਉਹ ਸ਼ਬਦ ਅੱਜ ਹਕੀਕਤ ਬਣਦੇ ਨਜ਼ਰ ਆ ਰਹੇ ਹਨ। ਇੱਕ ਯੁੱਗ ਦਾ ਅੰਤ, ਦੂਜੇ ਦੀ ਸ਼ੁਰੂਆਤ। ਜੇ ਕਰ ਮੇਸੀ ਫ਼ੁੱਟਬਾਲ ਦੀ ਕਵਿਤਾ ਹਨ ਤਾਂ ਯਾਮਾਲ ਉਸ ਦਾ ਨਵਾਂ ਅਧਿਆਇ ਹਨ। ਮੇਸੀ ਨੇ ਇੱਕ ਪੀੜ੍ਹੀ ਨੂੰ ਸੁਪਨੇ ਦੇਖਣ ਸਿਖਾਏ। ਯਾਮਾਲ ਦੂਜੀ ਪੀੜ੍ਹੀ ਨੂੰ ਵਿਸ਼ਵਾਸ ਕਰਵਾ ਰਹੇ ਹਨ ਕਿ ਸੁਪਨੇ ਸੱਚ ਵੀ ਹੁੰਦੇ ਹਨ।



ਕਈ ਵਾਰ ਰੱਬ ਕਿਸੇ ਬੱਚੇ ਦੇ ਹੱਥ ਵਿੱਚ ਗੇਂਦ ਦੇਣ ਤੋਂ ਪਹਿਲਾਂ ਉਸ ਦੀ ਕਿਸਮਤ ਲਿਖ ਦਿੰਦਾ ਹੈ। ਲਾਮਿਨ ਯਾਮਾਲ ਦੀ ਕਹਾਣੀ ਇਹ ਦੱਸਦੀ ਹੈ ਕਿ ਮਾਪਿਆਂ ਦੀ ਕੁਰਬਾਨੀ, ਆਪਣੀਆਂ ਜੜ੍ਹਾਂ ਨਾਲ ਪਿਆਰ ਅਤੇ ਨਿਮਰਤਾ ਕਿਸੇ ਵੀ ਖਿਡਾਰੀ ਨੂੰ ਸਿਰਫ਼ ਸਟਾਰ ਨਹੀਂ, ਸਗੋਂ ਪ੍ਰੇਰਣਾ ਬਣਾ ਦਿੰਦੇ ਹਨ। ਹੋ ਸਕਦਾ ਹੈ ਆਉਣ ਵਾਲੇ ਸਾਲਾਂ ਵਿੱਚ ਦੁਨੀਆ ਯਾਮਾਲ ਨੂੰ ਮੇਸੀ ਦਾ ਉੱਤਰਾਧਿਕਾਰੀ ਕਹੇ, ਪਰ ਅੱਜ ਉਹ ਆਪਣੇ ਸੰਘਰਸ਼ ਅਤੇ ਆਪਣੇ ਸੁਪਨਿਆਂ ਕਰਕੇ ਪਹਿਲਾਂ ਹੀ ਇੱਕ ਵੱਖਰੀ ਪਛਾਣ ਬਣਾ ਚੁੱਕਾ ਹੈ। ਇਹੀ ਅਸਲ ਜਿੱਤ ਹੈ।

## ਕੈਲਗਰੀ ਵਿਖੇ ਬਜ਼ੁਰਗ ਔਰਤਾਂ ਨੇ ਖੇਡਾਂ ਵਿੱਚ ਮਾਰੀਆਂ ਮੱਲਾਂ



ਕੈਲਗਰੀ/ਏ.ਟੀ.ਨਿਊਜ਼: ਕੈਲਗਰੀ ਵਿਮੈੱਨ ਕਲਚਰਲ ਐਸੋਸੀਏਸ਼ਨ ਦੀਆਂ ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਤਹਿਤ ਜਿੱਥੇ ਗੀਤ ਸੰਗੀਤ ਦਾ ਦੌਰ ਚੱਲਿਆ, ਉੱਥੇ ਯੰਗਸਤਾਨ ਨਾਲ ਮਿਲ ਕੇ ਬਜ਼ੁਰਗ ਔਰਤਾਂ ਨੇ ਖੇਡਾਂ ਵਿੱਚ ਮੱਲਾਂ ਮਾਰੀਆਂ। ਸੌ ਮੀਟਰ ਦੀ ਦੌੜ ਵਿੱਚ ਬਲਵੀਰ ਕੌਰ ਗਰੇਵਾਲ ਪਹਿਲੇ, ਅਵਤਾਰ ਕੌਰ ਦੂਜੇ ਅਤੇ ਕੁਲਵੰਤ ਕੌਰ ਤੀਜੇ ਸਥਾਨ 'ਤੇ ਰਹੀ। ਚਮਚਾ ਅਤੇ ਨਿੰਬੂ ਰੇਸ ਵਿੱਚ ਚਰਨਜੀਤ ਪਹਿਲੇ, ਅਵਤਾਰ ਕੌਰ ਦੂਜੇ ਅਤੇ ਕੁਲਵੰਤ ਕੌਰ ਤੀਜੇ ਸਥਾਨ 'ਤੇ ਰਹੀ। ਚਾਟੀ ਰੇਸ ਵਿੱਚ ਬਲਵੀਰ ਕੌਰ ਗਰੇਵਾਲ ਪਹਿਲੇ, ਗੁਰਨਾਮ ਕੌਰ ਦੂਜੇ ਅਤੇ ਕੁਲਦੀਪ ਕੌਰ ਤੀਜੇ ਨੰਬਰ 'ਤੇ ਰਹੀ।

ਜੁਲਾਈ ਮਹੀਨੇ ਦੀ ਮਹੀਨਾਵਾਰ ਮੀਟਿੰਗ ਦਾ ਜਸ਼ਨ ਸਿਲਵਨ ਲੇਕ ਵਿਖੇ ਮਨਾਇਆ। ਸਭਾ ਦੀ ਪ੍ਰਧਾਨ ਬਲਵਿੰਦਰ ਕੌਰ ਬਰਾੜ ਦੀ ਅਗਵਾਈ ਤਹਿਤ ਰੰਗਾਰੰਗ ਪ੍ਰੋਗਰਾਮ ਸ਼ੁਰੂ ਹੋਇਆ। ਦੋ ਟੀਮਾਂ ਬਣਾ ਕੇ ਟੱਪਿਆਂ ਦੀ ਝੜੀ ਲਾ ਦਿੱਤੀ। ਉਸ ਤੋਂ ਬਾਅਦ ਬੋਲੀਆਂ, ਗੀਤ-ਸੰਗੀਤ ਸ਼ੁਰੂ ਹੋ ਗਿਆ। ਭੈਣਾਂ ਨੇ ਜਵਾਨੀ ਦੇ ਦਿਨਾਂ ਦੀ ਯਾਦ ਤਾਜ਼ਾ ਕੀਤੀ, ਜਿਵੇਂ ਪੰਜਾਬ ਵਿੱਚ ਕਿਸੇ ਵਿਆਹ ਵਾਲੇ ਘਰ ਵਿੱਚ ਆਈਆਂ ਹੋਣ। ਭੈਣਾਂ ਨੇ ਝੀਲ 'ਤੇ ਹੀ ਗੀਤ ਸੰਗੀਤ ਅਤੇ ਗਿੱਧੇ ਦਾ ਪਿੜ ਬੰਨ੍ਹਿਆ। ਬੋਲੀਆਂ ਪਾ ਪਾ ਨੱਚਦੀਆਂ ਭੈਣਾਂ ਨੂੰ ਸੈਲਾਨੀ ਖੜ੍ਹ ਖੜ੍ਹ ਕੇ ਵੇਖ ਰਹੇ ਸਨ ਅਤੇ ਗੋਰੀਆਂ ਵੀ ਨਾਲ ਨੱਚੀਆਂ। ਆਪਣੇ ਦਿਲ ਦੇ ਚਾਅ ਮਲਾਰ ਪੂਰੇ ਕਰਦਿਆਂ ਇਸ ਤਰ੍ਹਾਂ ਜਾਪ ਰਿਹਾ ਸੀ ਜਿਵੇਂ ਜਵਾਨੀ ਮੁੜ ਆਈ ਹੋਵੇ। ਔਰਤਾਂ ਨੇ ਪਾਣੀ ਵਿੱਚ ਵੀ ਖ਼ੂਬ ਮਸਤੀ ਕੀਤੀ।

# ਮੇਰੀ ਚੁੰਨੀ ਦੀਆਂ ਰੇਸ਼ਮੀ ਤੰਦਾਂ....

# ਗੀਤ ਦੀ ਗਾਇਕਾ ਜ਼ੁਬੈਦਾ ਖ਼ਾਨੁਮ

ਅੰਗਰੇਜ਼ ਸਿੰਘ ਵਿਰਦੀ



ਜ਼ੁਬੈਦਾ ਖਾਨੁਮ ਪੰਜਾਬੀ ਗਾਇਕੀ ਦੇ ਅੰਬਰ ਦਾ ਇੱਕ ਅਜਿਹਾ ਸਿਤਾਰਾ ਹੈ ਜੋ ਸੰਗੀਤ ਦੀ ਦੁਨੀਆ ਵਿੱਚ ਰੋਸ਼ਨੀ ਬਿਖੇਰਦਾ ਰਿਹਾ। ਉਸ ਦੀ ਸੁਰੀਲੀ ਆਵਾਜ਼ ਅਤੇ ਠੇਠ ਪੰਜਾਬੀ ਲਹਿਜੇ ਨੇ ਫ਼ਿਲਮਾਂ ਵਿੱਚ ਪੰਜਾਬੀਅਤ ਦੇ ਰੰਗ ਨੂੰ ਹੋਰ ਵੀ ਗੂੜ੍ਹਾ ਕੀਤਾ।

ਜ਼ੁਬੈਦਾ ਖਾਨੁਮ ਦਾ ਜਨਮ 1935 ਵਿੱਚ ਪੰਜਾਬ ਦੇ ਮਸ਼ਹੂਰ ਸ਼ਹਿਰ ਅੰਮ੍ਰਿਤਸਰ ਵਿਖੇ ਰਹਿੰਦੇ ਇੱਕ ਮੁਸਲਿਮ ਪਰਿਵਾਰ ਵਿੱਚ ਹੋਇਆ। ਬੇਸ਼ੱਕ ਉਸ ਨੇ ਸੰਗੀਤ ਦੀ ਬਾਕਾਇਦਾ ਤਾਲੀਮ ਹਾਸਲ ਨਹੀਂ ਕੀਤੀ ਸੀ, ਪਰ ਉਸ ਦਾ ਵੱਡਾ ਭਰਾ ਸ਼ਹਿਰ ਦੇ ਕਿਸੇ ਨਾਮੀ ਸੰਗੀਤ ਉਸਤਾਦ ਕੋਲੋਂ ਸੰਗੀਤ ਦੀ ਵਿੱਦਿਆ ਹਾਸਲ ਕਰਦਾ ਸੀ ਜਿਸ ਕੋਲੋਂ ਅੱਗੇ ਘਰ ਵਿੱਚ ਰਹਿ ਕੇ ਜ਼ੁਬੈਦਾ ਨੇ ਵੀ ਸੰਗੀਤ ਦੀ ਸਿੱਖਿਆ ਹਾਸਲ ਕਰ ਲਈ। ਜ਼ੁਬੈਦਾ ਅਜੇ 12 ਸਾਲ ਦੀ ਹੀ ਸੀ ਜਦੋਂ ਦੇਸ਼ ਦੀ ਵੰਡ ਹੋ ਗਈ ਤੇ ਇਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਤੋਂ ਲਾਹੌਰ ਜਾ ਵੱਸਿਆ।ਸਾਲ 1950 ਦੇ ਆਸਪਾਸ 15 ਸਾਲ ਦੀ ਉਮਰ ਵਿੱਚ ਜ਼ੁਬੈਦਾ ਖਾਨੁਮ ਨੇ ਲਾਹੌਰ ਰੇਡੀਓ ਸਟੇਸ਼ਨ ਤੋਂ ਆਪਣੀ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਕੀਤੀ। ਲੋਕਾਂ ਨੂੰ ਉਸ ਦੇ ਗਾਏ ਗੀਤ ਬੇਹੱਦ ਪਸੰਦ ਆਉਣ ਲੱਗੇ। ਜਦੋਂ ਉਸ ਦੇ ਗਾਏ ਗੀਤ ਘਰ ਘਰ ਗੂੰਜਣ ਲੱਗੇ ਤਾਂ ਇੱਕ ਦਿਨ ਇਹ ਆਵਾਜ਼ ਰੇਡੀਓ 'ਤੇ ਮਸ਼ਹੂਰ ਫ਼ਿਲਮਸਾਜ਼ ਜੋੜੀ ਅਦਾਕਾਰ ਨਜ਼ੀਰ ਅਤੇ ਉਸ ਦੀ ਬੇਗ਼ਮ ਅਦਾਕਾਰਾ ਸਵਰਨ ਲਤਾ ਦੇ ਕੰਨਾਂ ਤੱਕ ਪਹੁੰਚੀ ਜੋ ਉਸ ਦੀ ਸੁਰੀਲੀ ਆਵਾਜ਼ ਸੁਣ ਕੇ ਬੇਹੱਦ ਪ੍ਰਭਾਵਿਤ ਹੋਏ। ਉਹ ਉਨ੍ਹਾਂ ਦਿਨਾਂ ਵਿੱਚ ਆਪਣੀ ਪੰਜਾਬੀ ਫ਼ਿਲਮ 'ਸ਼ਹਿਰੀ ਬਾਬੂ' ਦੇ ਨਿਰਮਾਣ ਵਿੱਚ ਰੁੱਝੇ ਹੋਏ ਸਨ। ਸਵਰਨ ਲਤਾ ਨੇ ਜ਼ੁਬੈਦਾ ਨੂੰ ਆਪਣੀ ਫ਼ਿਲਮ ਵਿੱਚ ਬਤੌਰ ਪਿੱਠਵਰਤੀ ਗਾਇਕਾ ਲੈਣ ਦਾ ਫ਼ੈਸਲਾ ਕੀਤਾ। ਛੇਤੀ ਹੀ ਉਨ੍ਹਾਂ ਨੇ ਉਸ ਦੇ ਘਰ ਦਾ ਪਤਾ ਲੱਭ ਕੇ ਉਸ ਨੂੰ ਆਪਣੀ ਫ਼ਿਲਮ ਵਿੱਚ ਗੀਤ ਗਾਉਣ ਦੀ ਪੇਸ਼ਕਸ਼ ਕਰ ਦਿੱਤੀ। ਇਸ ਤਰ੍ਹਾਂ ਜ਼ੁਬੈਦਾ ਨੇ ਲਾਹੌਰ ਫ਼ਿਲਮ ਇੰਡਸਟਰੀ ਵਿੱਚ ਆਪਣਾ ਪਹਿਲਾ ਕਦਮ ਰੱਖਿਆ।

ਉਸ ਦੇ ਸ਼ਾਨਦਾਰ ਫ਼ਿਲਮੀ ਕੈਰੀਅਰ ਦਾ ਆਗਾਜ਼ ਮਸ਼ਹੂਰ ਰੁਮਾਂਟਿਕ ਅਤੇ ਸੰਗੀਤਕ ਫ਼ਿਲਮ 'ਸ਼ਹਿਰੀ ਬਾਬੂ' ਨਾਲ ਹੋਇਆ। 13 ਜੂਨ 1953 ਨੂੰ ਰਿਲੀਜ਼ ਹੋਈ ਇਸ ਫ਼ਿਲਮ ਵਿੱਚ ਉਸ ਨੇ ਕੁੱਲ 10 ਗੀਤਾਂ ਵਿੱਚੋਂ 8 ਗੀਤ ਗਾਏ ਜਿਨ੍ਹਾਂ ਵਿੱਚ 3 ਦੋਗਾਣੇ ਤੇ 5 ਸੋਲੋ ਗੀਤ ਸਨ। ਇਸ ਫ਼ਿਲਮ ਵਿੱਚ ਉਸ ਵੱਲੋਂ ਗਾਏ ਗੀਤਾਂ ਨੇ ਸੰਗੀਤ ਦੀ ਦੁਨੀਆ ਵਿੱਚ ਤਹਿਲਕਾ ਮਚਾ ਦਿੱਤਾ ਸੀ। ਲੋਕਾਂ ਨੂੰ ਇਸ ਫ਼ਿਲਮ ਵਿੱਚ ਉਸ ਦੇ ਗਾਏ ਗੀਤ 'ਗੱਲਾਂ ਸੁਣ ਕੇ ਮਾਹੀ ਦੇ ਨਾਲ ਮੇਰੀਆਂ ਦੁਪੱਟਾ ਬੇਈਮਾਨ ਹੋ ਗਿਆ', 'ਰਾਤਾਂ ਮੇਰੀਆਂ ਬਣਾ ਕੇ ਰੱਬਾ ਨੇਰ੍ਹੀਆਂ ਨਸੀਬਾਂ ਵਾਲੇ ਤਾਰੇ ਡੁੱਬ ਗਏ', 'ਮੇਰਾ ਨਰਮ ਕਾਲਜਾ ਡੋਲ ਗਿਆ' ਅਤੇ 'ਇੱਕ ਕੁੜੀ ਦੀ ਚੀਜ਼ ਗਵਾਚੀ ਭਲਕੇ ਚੇਤੇ ਆਵੇਗੀ' ਬੇਹੱਦ ਪਸੰਦ ਆਏ।

ਆਪਣੀ ਪਹਿਲੀ ਪੰਜਾਬੀ ਫ਼ਿਲਮ 'ਸ਼ਹਿਰੀ ਬਾਬੂ' ਦੇ ਗੀਤਾਂ ਦੀ ਕਾਮਯਾਬੀ ਤੋਂ ਬਾਅਦ ਸਾਲ 1954 ਵਿੱਚ ਜ਼ੁਬੈਦਾ ਖਾਨੁਮ ਦੀ ਆਵਾਜ਼ ਕਿਸੇ ਵੀ ਫ਼ਿਲਮ ਵਿੱਚ ਸੁਣਾਈ ਨਾ ਦਿੱਤੀ। ਜ਼ੁਬੈਦਾ ਖਾਨੁਮ ਉਸ ਦੌਰ ਵਿੱਚ ਫ਼ਿਲਮਾਂ ਵਿੱਚ ਗਾਇਕੀ ਲਈ ਆਈ ਜਦੋਂ ਪਾਕਿਸਤਾਨੀ ਫ਼ਿਲਮਾਂ ਦੀ ਪਹਿਲੀ ਗਾਇਕਾ ਮੁਨੱਵਰ ਸੁਲਤਾਨਾ ਇੱਕ ਪ੍ਰਸਿੱਧ ਅਤੇ ਰੁੱਝੀ ਹੋਈ ਪਿੱਠਵਰਤੀ ਗਾਇਕਾ ਸੀ। ਬੇਸ਼ੱਕ ਮੈਡਮ ਨੂਰ ਜਹਾਂ ਵੀ ਉਸੇ ਸਮੇਂ ਦੌਰਾਨ ਮੌਜੂਦ ਸਨ, ਪਰ ਉਨ੍ਹਾਂ ਨੇ ਸਿਰਫ਼ ਉਨ੍ਹਾਂ ਫ਼ਿਲਮਾਂ ਲਈ ਗਾਇਆ ਜਿਨ੍ਹਾਂ ਵਿੱਚ ਉਨ੍ਹਾਂ ਨੇ ਅਦਾਕਾਰੀ ਕੀਤੀ।ਸਾਲ 1955 ਦੀ ਸ਼ੁਰੂਆਤ ਵਿੱਚ ਜ਼ੁਬੈਦਾ ਨੇ ਨਜ਼ੀਰ ਦੀ ਨਿਰਦੇਸ਼ਨਾ ਵਿੱਚ ਬਣੀ ਉਰਦੂ ਫ਼ਿਲਮ 'ਖਾਤੂਨ' ਵਿੱਚ ਇੱਕ ਵਾਰ ਫ਼ਿਰ ਸੰਗੀਤਕਾਰ ਰਾਸ਼ੀਦ ਅਤਰੇ ਦੀਆਂ ਬਣਾਈਆਂ ਦਿਲਕਸ਼ ਧੁਨਾਂ ਨੂੰ ਆਪਣੀ ਆਵਾਜ਼ ਦੇ ਜਾਦੂ ਨਾਲ ਗੀਤਾਂ ਵਿੱਚ ਪਰੋਇਆ। ਫ਼ਿਲਮ 'ਖਾਤੂਨ' ਤੋਂ ਬਾਅਦ 24 ਮਈ 1955 ਨੂੰ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਪੱਤਣ' ਦੇ ਗੀਤਾਂ ਦੀ ਕਾਮਯਾਬੀ ਨਾਲ ਜ਼ੁਬੈਦਾ ਦਾ ਨਾਂਅ ਚੋਟੀ ਦੀਆਂ ਫ਼ਿਲਮੀ ਗਾਇਕਾਵਾਂ ਵਿੱਚ ਸ਼ੁਮਾਰ ਹੋਣ ਲੱਗਾ। ਇਸ ਫ਼ਿਲਮ ਦਾ ਸੰਗੀਤ ਤਿਆਰ ਕੀਤਾ ਸੀ ਸੰਗੀਤਕਾਰ ਜੀ.ਏ. ਚਿਸ਼ਤੀ ਨੇ। ਇਸ ਫ਼ਿਲਮ ਦਾ ਇੱਕ ਗੀਤ ਜਿਸ ਦੇ ਬੋਲ ਹਨ, 'ਛੱਡ ਜਾਵੀਂ ਨਾ ਚੰਨਾ ਬਾਂਹ ਫ਼ੜ ਕੇ, ਹਾਏ ਵੇ ਡੋਲੇ ਕਾਲਜਾ ਮੇਰਾ ਤੇ ਦਿਲ ਧੜਕੇ' ਬੇਹੱਦ ਮਕਬੂਲ ਗੀਤ ਹੈ ਜਿਸ ਨੂੰ ਅੱਜ ਵੀ ਸੰਗੀਤ ਪ੍ਰੇਮੀ ਬੇਹੱਦ ਸ਼ੌਕ ਨਾਲ ਸੁਣਨਾ ਪਸੰਦ ਕਰਦੇ ਹਨ। ਇਸੇ ਫ਼ਿਲਮ ਵਿੱਚ ਜ਼ੁਬੈਦਾ ਖਾਨੁਮ ਨੇ ਇਨਾਇਤ ਹੁਸੈਨ ਭੱਟੀ ਨਾਲ ਦੋ ਸਦਾਬਹਾਰ ਗੀਤ ਗਾਏ ਸਨ।

ਸਾਲ 1955 ਵਿੱਚ ਰਿਲੀਜ਼ ਹੋਈਆਂ 19 ਫ਼ਿਲਮਾਂ ਵਿੱਚੋਂ 8 ਵਿੱਚ ਜ਼ੁਬੈਦਾ ਖਾਨੁਮ ਨੂੰ ਲਗਭਗ ਚਾਰ ਦਰਜਨ ਗੀਤ ਗਾਉਣ ਦਾ ਮੌਕਾ ਮਿਲਿਆ। ਉਸ ਸਾਲ ਪੰਜਾਬੀ ਅਤੇ ਉਰਦੂ ਫ਼ਿਲਮਾਂ ਵਿੱਚ ਹਰ ਚੌਥਾ ਗੀਤ ਜ਼ੁਬੈਦਾ ਖਾਨੁਮ ਦੁਆਰਾ ਗਾਇਆ ਗਿਆ ਸੀ। ਉਸ ਸਾਲ ਜ਼ੁਬੈਦਾ ਦੀਆਂ ਜਿਨ੍ਹਾਂ ਫ਼ਿਲਮਾਂ ਵਿੱਚ ਗਾਏ ਗੀਤ ਸੁਪਰ ਹਿੱਟ ਹੋਏ, ਉਹ ਸਨ ਪੰਜਾਬੀ ਫ਼ਿਲਮ 'ਹੀਰ' ਅਤੇ 'ਪਾਟੇ ਖਾਂ'।28 ਅਕਤੂਬਰ 1955 ਨੂੰ ਰਿਲੀਜ਼ ਹੋਈ 'ਹੀਰ' ਪੰਜਾਬ ਦੀ ਪ੍ਰਸਿੱਧ ਲੋਕ ਦਾਸਤਾਨ ਹੀਰ ਰਾਂਝਾ 'ਤੇ ਆਧਾਰਿਤ ਸੀ ਜਿਸ ਵਿੱਚ ਅਦਾਕਾਰਾ ਸਵਰਨ ਲਤਾ ਨੇ ਹੀਰ ਦਾ ਕਿਰਦਾਰ ਅਦਾ ਕੀਤਾ ਸੀ ਜਿਸ 'ਤੇ ਫ਼ਿਲਮਾਇਆ ਇਹ ਗੀਤ 'ਅਸਾਂ ਜਾਣ ਕੇ ਮੀਟ ਲਈ ਅੱਖ ਵੇ ਝੂਠੀ ਮੂਠੀ ਦਾ ਪਾ ਲਿਆ ਈ ਕੱਖ ਵੇ ਕੇ ਸਾਡੇ ਵੱਲ ਤੱਕ ਸੱਜਣਾ' ਨੂੰ ਬੇਹੱਦ ਸ਼ੁਹਰਤ ਹਾਸਲ ਹੋਈ। ਇਸ ਫ਼ਿਲਮ ਦਾ ਇੱਕ ਹੋਰ ਗੀਤ 'ਬੱਦਲ ਨੂੰ ਹੱਥ ਲਾਵਾਂ ਤੇ ਉੱਡੀ ਉੱਡੀ ਜਾਵਾਂ ਹਵਾ ਦੇ ਨਾਲ' ਵੀ ਸੁਪਰਹਿੱਟ ਗੀਤ ਹੈ।

ਇਸੇ ਸਾਲ 18 ਨਵੰਬਰ 1955 ਨੂੰ ਰਿਲੀਜ਼ ਹੋਈ ਫ਼ਿਲਮ 'ਪਾਟੇ ਖਾਨ' ਵਿੱਚ ਜ਼ੁਬੈਦਾ ਖਾਨੁਮ, ਨੂਰਜਹਾਂ ਲਈ ਇੱਕ ਲੋਰੀ ਗਾਉਂਦੀ ਹੋਈ ਸਿਲਵਰ ਸਕਰੀਨ 'ਤੇ ਨਜ਼ਰ ਆਈ। ਇਸ ਫ਼ਿਲਮ ਵਿੱਚ ਜ਼ੁਬੈਦਾ ਨੇ ਪਲੇਅ ਬੈਕ ਗੀਤ ਗਾਉਣ ਤੋਂ ਇਲਾਵਾ ਮੈਡਮ ਨੂਰਜਹਾਂ ਨਾਲ ਪਹਿਲੀ ਵਾਰ ਫ਼ਿਲਮੀ ਪਰਦੇ 'ਤੇ ਅਦਾਕਾਰੀ ਵੀ ਕੀਤੀ। ਮੈਡਮ ਨੂਰਜਹਾਂ ਨੇ ਇਸ ਫ਼ਿਲਮ ਵਿੱਚ ਮੁੱਖ ਕਿਰਦਾਰ ਅਦਾ ਕੀਤਾ ਸੀ ਤੇ ਜ਼ੁਬੈਦਾ ਖਾਨੁਮ ਨੇ ਇਸ ਫ਼ਿਲਮ ਵਿੱਚ ਕਾਮੇਡੀਅਨ ਜ਼ਰੀਫ਼ ਦੀ ਨਾਇਕਾ ਦਾ ਕਿਰਦਾਰ ਅਦਾ ਕੀਤਾ ਸੀ।

ਸਾਲ 1955 ਤੋਂ ਬਾਅਦ ਜ਼ੁਬੈਦਾ ਖਾਨੁਮ ਦਾ ਫ਼ਿਲਮੀ ਸੰਗੀਤ 'ਤੇ ਏਕਾਧਿਕਾਰ ਦਾ ਦੌਰ ਸ਼ੁਰੂ ਹੋ ਗਿਆ ਸੀ ਜੋ 1961 ਤੱਕ ਉਸ ਦੇ ਫ਼ਿਲਮੀ ਦੁਨੀਆ ਨੂੰ ਅਲਵਿਦਾ ਕਹਿਣ ਤੱਕ ਕਾਇਮ ਰਿਹਾ। ਆਪਣੇ ਗਾਇਕੀ ਦੇ ਸੱਤ ਸਾਲਾਂ ਵਿੱਚ ਜ਼ੁਬੈਦਾ ਨੇ ਆਪਣੀਆਂ ਸਮਕਾਲੀ ਗਾਇਕਾਵਾਂ ਨਾਲੋਂ ਕਈ ਗੁਣਾ ਵੱਧ ਗੀਤ ਗਾਏ ਜੋ ਫ਼ਿਲਮਾਂ ਵਿੱਚ ਉਸ ਦੇ ਗੀਤਾਂ ਦੀ ਮੰਗ ਅਤੇ ਮਕਬੂਲੀਅਤ ਦੀ ਮੂੰਹ ਬੋਲਦੀ ਤਸਵੀਰ ਸੀ।


ਜ਼ੁਬੈਦਾ ਖਾਨੁਮ ਦਾ ਸਭ ਤੋਂ ਪਸੰਦੀਦਾ ਗੀਤ ਜਿਸ ਨੂੰ ਗੀਤਕਾਰ ਅਹਿਮਦ ਰਾਹੀ ਨੇ ਲਿਖਿਆ ਸੀ ਤੇ ਜਿਸ ਦੀ ਧੁਨ ਸੰਗੀਤਕਾਰ ਜੀ.ਏ. ਚਿਸ਼ਤੀ ਨੇ ਬਣਾਈ ਸੀ, ਉਹ ਪੰਜਾਬੀ ਫ਼ਿਲਮ 'ਜੱਟੀ' (1958) ਵਿੱਚ ਅਦਾਕਾਰਾ ਮੁਸੱਰਤ ਨਜ਼ੀਰ ਉੱਤੇ ਫ਼ਿਲਮਾਇਆ ਗਿਆ ਸੀ ਜਿਸ ਦੇ ਬੋਲ ਸਨ;



ਮੇਰੀ ਚੁੰਨੀ ਦੀਆਂ ਰੇਸ਼ਮੀ ਤੰਦਾਂ
ਵੇ ਮੈਂ ਘੁੱਟ ਘੁੱਟ ਦੇਂਦੀ ਆਂ ਗੰਢਾਂ
ਕੇ ਚੰਨਾ ਤੇਰੀ ਯਾਦ ਨਾ ਭੁੱਲੇ।

ਆਪਣੇ ਕੈਰੀਅਰ ਦੇ ਸਿਖਰ 'ਤੇ ਪਹੁੰਚ ਕੇ ਫ਼ਿਲਮੀ ਦੁਨੀਆ ਨੂੰ ਅਲਵਿਦਾ ਕਹਿਣ ਵਾਲੀ ਜ਼ੁਬੈਦਾ ਖਾਨੁਮ ਨੇ 152 ਫ਼ਿਲਮਾਂ ਵਿੱਚ ਲਗਭਗ 595 ਗੀਤ ਗਾਏ ਜਿਨ੍ਹਾਂ ਵਿੱਚ 44 ਪੰਜਾਬੀ ਫ਼ਿਲਮਾਂ ਲਈ 216 ਗੀਤ ਅਤੇ 108 ਉਰਦੂ ਫ਼ਿਲਮਾਂ ਲਈ 379 ਦੇ ਕਰੀਬ ਗੀਤ ਸਨ। ਉਸ ਨੂੰ ਇੱਕ ਕੈਲੰਡਰ ਸਾਲ ਵਿੱਚ ਸੌ ਤੋਂ ਵੱਧ ਗੀਤ ਗਾਉਣ ਵਾਲੀ ਪਹਿਲੀ ਗਾਇਕਾ ਹੋਣ ਦਾ ਵਿਲੱਖਣ ਮਾਣ ਵੀ ਹਾਸਲ ਸੀ।ਜ਼ੁਬੈਦਾ ਖਾਨੁਮ ਨੇ 1960 ਦੇ ਕਰੀਬ ਫ਼ਿਲਮ ਕੈਮਰਾਮੈਨ ਰਿਆਜ਼ ਬੁਖਾਰੀ ਨਾਲ ਵਿਆਹ ਕਰਵਾ ਲਿਆ, ਜੋ ਪ੍ਰਸਿੱਧ ਨਿਰਦੇਸ਼ਕ ਜਾਫ਼ਰ ਬੁਖਾਰੀ ਦਾ ਭਰਾ ਸੀ। ਉਨ੍ਹਾਂ ਦੇ ਘਰ ਚਾਰ ਬੱਚਿਆਂ ਨੇ ਜਨਮ ਲਿਆ ਜਿਨ੍ਹਾਂ ਵਿੱਚੋਂ ਉਨ੍ਹਾਂ ਦਾ ਇੱਕ ਪੁੱਤਰ ਫ਼ੈਜ਼ਲ ਬੁਖਾਰੀ ਅੱਜ ਸਿਨੇ ਜਗਤ ਦਾ ਇੱਕ ਪ੍ਰਸਿੱਧ ਫ਼ੋਟੋਗ੍ਰਾਫ਼ਰ ਅਤੇ ਫ਼ਿਲਮ ਨਿਰਦੇਸ਼ਕ ਹੈ। ਘਰ ਪਰਿਵਾਰ ਲਈ ਆਪਣੇ ਗਾਇਕੀ ਦੇ ਸ਼ਾਨਦਾਰ ਕੈਰੀਅਰ ਨੂੰ ਅਲਵਿਦਾ ਕਹਿਣ ਵਾਲੀ ਜ਼ੁਬੈਦਾ ਖਾਨੁਮ ਨੇ ਮੁੜ ਕੇ ਕਦੀ ਫ਼ਿਲਮਾਂ ਵਿੱਚ ਵਾਪਸੀ ਨਾ ਕੀਤੀ ਅਤੇ ਉਹ ਸਾਰੀ ਉਮਰ ਆਪਣੀ ਘਰੇਲੂ ਜ਼ਿੰਦਗੀ ਵਿੱਚ ਹੀ ਰੁੱਝੀ ਰਹੀ।

ਉਸ ਨੇ ਲਾਹੌਰ ਵਿਖੇ ਆਪਣੇ ਘਰ ਪਰਿਵਾਰ ਵਿੱਚ ਖੁਸ਼ਹਾਲ ਜ਼ਿੰਦਗੀ ਬਤੀਤ ਕੀਤੀ ਤੇ ਅਖੀਰ 19 ਅਕਤੂਬਰ 2013 ਨੂੰ ਦਿਲ ਦੀ ਧੜਕਣ ਰੁਕ ਜਾਣ ਕਾਰਨ ਉਸ ਦਾ ਦੇਹਾਂਤ ਹੋ ਗਿਆ। ਸੰਗੀਤ ਦੀ ਦੁਨੀਆ ਵਿੱਚ ਉਸ ਦਾ ਨਾਂਅ ਸਦਾ ਗੂੰਜਦਾ ਰਹੇਗਾ।

# ਬਾਲੀਵੁੱਡ ਅਤੇ ਹਾਲੀਵੁੱਡ ਸਟਾਰ ਆਏ ਵਿਦਿਆਰਥੀ ਸੀ.ਜੇ.ਪੀ. ਅੰਦੋਲਨ ਦੀ ਹਮਾਇਤ 'ਚ



ਪ੍ਰੀਖਿਆਵਾਂ 'ਚ ਗੜਬੜ ਅਤੇ ਨੀਟ ਪੇਪਰ ਲੀਕ ਮਾਮਲੇ 'ਚ ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ 'ਤੇ ਪੁਲਿਸ ਕਾਰਵਾਈ ਮਗਰੋਂ ਮਨੋਰੰਜਨ ਜਗਤ ਦੀਆਂ ਪ੍ਰਮੁੱਖ ਹਸਤੀਆਂ ਨੇ ਉਨ੍ਹਾਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ ਹੈ। ਅਦਾਕਾਰ ਸਲਮਾਨ ਖ਼ਾਨ ਨੇ ਵਿਦਿਆਰਥੀਆਂ ਦੀ ਹਮਾਇਤ ਕਰਦਿਆਂ ਅੰਦੋਲਨ ਦੇ ਸਿਆਸੀਕਰਨ ਤੋਂ ਬਚਣ ਦੀ ਸਲਾਹ ਦਿੱਤੀ ਜਦਕਿ ਕਰੀਨਾ ਕਪੂਰ ਖ਼ਾਨ, ਆਲੀਆ ਭੱਟ ਅਤੇ ਕਮਲ ਹਾਸਨ ਨੇ ਵਿਦਿਆਰਥੀਆਂ ਦੀਆਂ ਮੰਗਾਂ ਮੰਨਣ ਅਤੇ ਪੁਲਿਸ ਜਬਰ ਦੀ ਨਿੰਦਾ ਕੀਤੀ। ਹਾਲੀਵੁੱਡ ਸਟਾਰ ਜੌਹਨ ਕੁਸੈਕ ਨੇ ਵੀ ਲੇਖਿਕਾ ਅਰੁੰਧਤੀ ਰੌਏ ਦਾ ਲੇਖ ਸਾਂਝਾ ਕਰ ਕੇ ਵਿਦਿਆਰਥੀਆਂ ਨੂੰ ਆਪਣੀ ਹਮਾਇਤ ਦਿੱਤੀ ਹੈ। ਕਰੀਨਾ ਨੇ ਕਿਹਾ ਕਿ ਨੌਜਵਾਨਾਂ ਦੀ ਆਵਾਜ਼ ਨੂੰ ਅਣਗੌਲਿਆ ਨਹੀਂ ਕੀਤਾ ਜਾਣਾ ਚਾਹੀਦਾ ਹੈ। ਆਲੀਆ ਨੇ ਕਿਹਾ ਕਿ ਭਵਿੱਖ ਵਿਦਿਆਰਥੀਆਂ ਦਾ ਹੈ ਅਤੇ ਉਨ੍ਹਾਂ ਨਾਲ ਅਜਿਹਾ ਵਤੀਰਾ ਅਪਣਾਉਣਾ ਠੀਕ ਨਹੀਂ। ਕਮਲ ਹਾਸਨ ਨੇ ਕਿਹਾ ਕਿ ਕੋਈ ਮੁਲਕ ਉਦੋਂ ਨਾਕਾਮ ਹੋ ਜਾਂਦਾ ਹੈ, ਜਦੋਂ ਉਸ ਦੇ ਬੱਚਿਆਂ ਨੂੰ ਜਵਾਬਾਂ ਦੀ ਬਜਾਏ ਬੈਰੀਕੇਡਾਂ ਅਤੇ ਲਾਠੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

'ਪੰਚਾਇਤ' ਫੇਮ ਰਘੂਬੀਰ ਯਾਦਵ, ਸ਼ਬਾਨਾ ਆਜ਼ਮੀ, ਨਸੀਰੂਦੀਨ ਸ਼ਾਹ, ਰਤਨਾ ਪਾਠਕ ਸ਼ਾਹ, ਦਿਲਜੀਤ ਦੋਸਾਂਝ, ਫਿਲਮ ਨਿਰਮਾਤਾ ਇਮਤਿਆਜ਼ ਅਲੀ, ਅਨੁਰਾਗ ਕਸ਼ਯਪ ਅਤੇ ਵਿਕਰਮਾਦਿੱਤਿਆ ਮੋਟਵਾਨੇ ਨੇ ਸਰਕਾਰ ਅਤੇ ਪੁਲੀਸ ਦੀ ਕਾਰਵਾਈ 'ਤੇ ਤਿੱਖੇ ਸਵਾਲ ਚੁੱਕੇ ਹਨ। ਮੁੰਬਈ ਅਤੇ ਹੋਰ ਸ਼ਹਿਰਾਂ 'ਚ ਕਾਕਰੋਚ ਜਨਤਾ ਪਾਰਟੀ ਨਾਲ ਇਕਜੁੱਟਤਾ ਦਿਖਾਉਂਦਿਆਂ ਪ੍ਰਦਰਸ਼ਨ ਕੀਤੇ ਗਏ ਜਿਨ੍ਹਾਂ 'ਚ ਅਦਾਕਾਰ ਇਮਰਾਨ ਖ਼ਾਨ, ਅਲਾਇਆ ਐੱਫ, ਰੈਪਰ ਰਫਤਾਰ, ਗਾਇਕ ਅਨੁਵ ਜੈਨ ਅਤੇ ਵਿਵੀਅਨ ਸ਼ਾਹ ਸ਼ਾਮਲ ਹੋਏ। 'ਧੁਰੰਧਰ' ਫਿਲਮ ਦੀ ਅਦਾਕਾਰਾ ਆਇਸ਼ਾ ਖ਼ਾਨ ਨੂੰ ਦਾਦਰ ਜਦਕਿ ਅਹਿਮਦਾਬਾਦ 'ਚ ਗੁਜਰਾਤੀ ਅਦਾਕਾਰਾ ਜਿਗਨਾ ਵਿਆਸ ਨੂੰ ਪੁਲਿਸ ਹਿਰਾਸਤ 'ਚ ਲਿਆ ਗਿਆ।

ਇਸ ਤੋਂ ਇਲਾਵਾ ਸੋਨਾਕਸ਼ੀ ਸਿਨਹਾ, ਪ੍ਰਤਿਭਾ ਰਾਂਟਾ, ਅਨਮੋਲ ਪਰਾਸ਼ਰ, ਰਾਜਕੁਮਾਰ ਰਾਓ, ਰੈਪਰ ਹਨੂਮਾਨਕਾਇੰਡ, ਸੀਮਾ ਪਾਹਵਾ, ਜ਼ੋਇਆ ਅਖ਼ਤਰ, ਰਿਚਾ ਚੱਢਾ, ਸਵਰਾ ਭਾਸਕਰ ਅਤੇ ਹੁਮਾ ਕੁਰੈਸ਼ੀ ਨੇ ਵੀ ਜਨਤਕ ਤੌਰ 'ਤੇ ਵਿਦਿਆਰਥੀਆਂ ਦਾ ਪੱਖ ਪੂਰਿਆ। ਦੱਖਣੀ ਭਾਰਤੀ ਸਿਨੇਮਾ ਤੋਂ ਰੇਵਤੀ, ਟੋਵਿਨੋ ਥੌਮਸ, ਵਿਜੈ ਸੇਤੂਪਤੀ ਅਤੇ ਫਿਲਮ ਨਿਰਮਾਤਾ ਪਾ ਰੰਜੀਤ ਵਰਗੀਆਂ ਹਸਤੀਆਂ ਨੇ ਵੀ ਸੋਸ਼ਲ ਮੀਡੀਆ ਰਾਹੀਂ ਵਿਦਿਆਰਥੀਆਂ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ ਹੈ।

## ਵਰੁਣ ਧਵਨ ਤੇ ਨੋਰਾ ਫਤੇਹੀ ਨੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦਾ ਕੀਤਾ ਸਮਰਥਨ




ਅਦਾਕਾਰ ਵਰੁਣ ਧਵਨ ਅਤੇ ਅਦਾਕਾਰਾ ਨੋਰਾ ਫਤੇਹੀ ਪ੍ਰੀਖਿਆਵਾਂ ਵਿੱਚ ਕਥਿਤ ਬੇਨਿਯਮੀਆਂ ਵਿਰੁੱਧ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਦੇ ਸਮਰਥਨ ਵਿੱਚ ਸਾਹਮਣੇ ਆਏ ਹਨ। ਉਨ੍ਹਾਂ ਨੇ ਸਰਕਾਰ ਨੂੰ ਵਿਦਿਆਰਥੀਆਂ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਉਨ੍ਹਾਂ ਨੂੰ ਹੱਲ ਕਰਨ, ਪ੍ਰੀਖਿਆ ਪ੍ਰਣਾਲੀ ਵਿੱਚ ਜਵਾਬਦੇਹੀ ਯਕੀਨੀ ਬਣਾਉਣ ਅਤੇ ਮਾਮਲੇ ਦਾ ਨਿਰਪੱਖ ਹੱਲ ਲੱਭਣ ਦੀ ਅਪੀਲ ਕੀਤੀ ਹੈ। ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਸੰਦੇਸ਼ ਵਿੱਚ, ਵਰੁਣ ਧਵਨ ਨੇ ਕਿਹਾ ਕਿ ਜੇਕਰ ਵਿਦਿਆਰਥੀ ਨੂੰ ਲੱਗਦਾ ਹੈ ਕਿ ਸਿਸਟਮ ਨੇ ਉਨ੍ਹਾਂ ਨੂੰ ਨਿਰਾਸ਼ ਕੀਤਾ ਹੈ ਤਾਂ ਉਨ੍ਹਾਂ ਨੂੰ ਸਵਾਲ ਪੁੱਛਣ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਕਿਹਾ, 'ਵਿਦਿਆਰਥੀ ਸਾਡੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਨੂੰ ਸਵਾਲ ਪੁੱਛਣ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਦੀਆਂ ਆਵਾਜ਼ਾਂ ਸੁਣੀਆਂ ਜਾਣੀਆਂ ਚਾਹੀਦੀਆਂ ਹਨ, ਉਨ੍ਹਾਂ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ, ਅਤੇ ਉਨ੍ਹਾਂ ਦੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਮੈਂ ਅਧਿਕਾਰੀਆਂ ਨੂੰ ਅਪੀਲ ਕਾਦੀ ਹਾਂ ਕਿ ਉਹ ਇਨ੍ਹਾਂ ਚਿੰਤਾਵਾਂ ਨੂੰ ਦੂਰ ਕਰਨ... ਵਿਰੋਧ ਪ੍ਰਦਰਸ਼ਨ ਸਿਰਫ਼ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਅਤੇ ਉਨ੍ਹਾਂ ਦੇ ਜਾਇਜ਼ ਹੱਲਾਂ 'ਤੇ ਕੇਂਦ੍ਰਿਤ ਹੋਣੇ ਚਾਹੀਦੇ ਹਨ।'

ਉਥੇ ਹੀ ਨੋਰਾ ? ?ਫਤੇਹੀ ਨੇ ਵੀ ਨੀਟ ਪ੍ਰੀਖਿਆ ਵਿੱਚ ਕਥਿਤ ਬੇਨਿਯਮੀਆਂ ਲਈ ਜਵਾਬਦੇਹੀ ਦੀ ਮੰਗ ਕਰਨ ਵਾਲੇ ਵਿਦਿਆਰਥੀਆਂ ਦਾ ਸਮਰਥਨ ਕਰਦੇ ਹੋਏ ਉਨ੍ਹਾਂ ਦੀ ਹਿੰਮਤ ਦੀ ਪ੍ਰਸ਼ੰਸਾ ਕੀਤੀ ਹੈ। ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਪੋਸਟ ਕਰ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਸਾਰਾ ਮਾਮਲਾ 'ਨਿਰਪੱਖਤਾ ਨਾਲ' ਹੱਲ ਹੋ ਜਾਵੇਗਾ। ਨੋਰਾ ਨੇ ਲਿਖਿਆ, 'ਮੇਰਾ ਦਿਲ ਹਰ ਵਿਦਿਆਰਥੀ, ਹਰ ਉਸ ਪਰਿਵਾਰ ਅਤੇ ਹਰ ਉਸ ਵਿਅਕਤੀ ਨਾਲ ਹੈ ਜੋ ਅਨਿਸ਼ਚਿਤਤਾ ਦਾ ਬੋਝ ਝੱਲ ਰਿਹਾ ਹੈ। ਸਿੱਖਿਆ ਸਿਰਫ਼ ਪ੍ਰੀਖਿਆਵਾਂ ਜਾਂ ਅੰਕਾਂ ਬਾਰੇ ਨਹੀਂ ਹੈ; ਇਹ ਕੁਰਬਾਨੀ ਦਾ ਪ੍ਰਤੀਕ ਹੈ। ਹਰ ਵਿਦਿਆਰਥੀ ਜੋ ਦੇਰ ਰਾਤ ਤੱਕ ਪੜ੍ਹਦਾ ਹੈ ਅਤੇ ਹਰ ਪਰਿਵਾਰ ਜੋ ਆਪਣੇ ਬੱਚਿਆਂ ਦੀ ਸਿੱਖਿਆ ਲਈ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਹੈ, ਇੱਕ ਨਿਰਪੱਖ, ਸਨਮਾਨਜਨਕ ਅਤੇ ਭਰੋਸੇਮੰਦ ਸਿਸਟਮ ਦਾ ਹੱਕਦਾਰ ਹੈ।

## ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਹੇਠ

ਇਸ ਦੇ ਨਾਲ ਹੀ ਆਤਮਾ ਸਿੰਘ ਨੂੰ ਪ੍ਰਧਾਨ ਮਾਲਵਾ ਜ਼ੋਨ, ਭਾਈ ਜਸਨੂਰ ਸਿੰਘ ਨੂੰ ਮੀਤ ਪ੍ਰਧਾਨ ਮਾਲਵਾ ਜ਼ੋਨ, ਗੁਰਤੇਜ ਸਿੰਘ ਨੂੰ ਪ੍ਰੈਸ ਸਕੱਤਰ ਮਾਲਵਾ ਜ਼ੋਨ ਲਗਾਉਂਦੇ ਹੋਏ ਜ਼ਿਲ੍ਹਾ ਪ੍ਰਧਾਨਾਂ ਵਜੋਂ ਅੰਮ੍ਰਿਤਸਰ ਤੋਂ ਸੁਖਲਾਲ ਸਿੰਘ ਬਾਸਰਕੇ, ਤਰਨ ਤਾਰਨ ਤੋਂ ਅਵਤਾਰ ਸਿੰਘ ਮਾਲੂਵਾਲ, ਗੁਰਦਾਸਪੁਰ ਤੋਂ ਗਿਆਨੀ ਗੁਰਪ੍ਰੀਤ ਸਿੰਘ ਵੈਦ, ਪਠਾਨਕੋਟ ਤੋਂ ਡਾ. ਅਵਤਾਰ ਸਿੰਘ ਬੁੱਟਰ, ਜਲੰਧਰ ਤੋਂ ਕਰਮਜੀਤ ਸਿੰਘ (ਡਿਪਟੀ ਪਰਾਗਪੁਰ), ਹੁਸ਼ਿਆਰਪੁਰ ਤੋਂ ਗਿਆਨੀ ਤਰਲੋਚਨ ਸਿੰਘ ਸਹਾਏਪੁਰ, ਕਪੂਰਥਲਾ ਤੋਂ ਸੁਖਜੀਤ ਸਿੰਘ ਢੱਪਈ, ਬਠਿੰਡਾ ਤੋਂ ਭਾਈ ਜਗਤਾਰ ਸਿੰਘ ਸੇਖੂ, ਸੰਗਰੂਰ ਤੋਂ ਬਾਬਾ ਸੁਖਦੇਵ ਸਿੰਘ ਸਿਧਾਨਾ ਸਾਹਿਬ, ਮੋਗਾ ਤੋਂ ਬਲਰਾਜ ਸਿੰਘ ਭਿੰਡਰ ਕਲਾਂ, ਬਰਨਾਲਾ ਤੋਂ ਸਤਪਾਲ ਸਿੰਘ ਭੂਰੇ, ਮਲੇਰਕੋਟਲਾ ਤੋਂ ਮਹਿੰਦਰ ਸਿੰਘ ਨਾਰੀਕੇ, ਫ਼ਾਜ਼ਿਲਕਾ ਤੋਂ ਪੂਰਨ ਸਿੰਘ ਜਲਾਲਾਬਾਦ, ਫ਼ਿਰੋਜ਼ਪੁਰ ਤੋਂ ਹਰਪਾਲ ਸਿੰਘ ਮੱਲਾਂਵਾਲਾ, ਸ੍ਰੀ ਮੁਕਤਸਰ ਸਾਹਿਬ ਤੋਂ ਸੁਖਵਿੰਦਰ ਸਿੰਘ ਸਰਪੰਚ ਸੁਖਨਾ ਅਬਲੂ, ਰੂਪਨਗਰ ਤੋਂ ਪਿਆਰ ਸਿੰਘ ਝੱਲੀਆਂ, ਫ਼ਰੀਦਕੋਟ ਤੋਂ ਭੋਲਾ ਸਿੰਘ ਬੁਢੀਮਾਲ, ਫ਼ਤਿਹਗੜ੍ਹ ਸਾਹਿਬ ਤੋਂ ਭਾਈ ਸਤਵਿੰਦਰ ਸਿੰਘ ਭੜੀ, ਸ਼ਹੀਦ ਭਗਤ ਸਿੰਘ ਨਗਰ ਤੋਂ ਦਵਿੰਦਰ ਸਿੰਘ ਬੰਗਾ, ਪਟਿਆਲਾ ਤੋਂ ਜਸਵਿੰਦਰ ਸਿੰਘ ਮਾਂਗਟ, ਮੋਹਾਲੀ ਤੋਂ ਭਾਈ ਸਿਮਰਨਜੀਤ ਸਿੰਘ ਸਹੋੜਾ, ਮਾਨਸਾ ਤੋਂ ਜਥੇਦਾਰ ਬੂਟਾ ਸਿੰਘ ਮਾਖਾ, ਸਰਦੂਲਗੜ੍ਹ ਤੋਂ ਗੁਰਪਿਆਰ ਸਿੰਘ ਤੇ ਜੈਤੋਂ ਤੋਂ ਗਿਆਨੀ ਬਚਨ ਸਿੰਘ, ਫ਼ਤਿਆਬਾਦ ਤੋਂ ਭਾਈ ਗੁਰਨਾਮ ਸਿੰਘ ਦੀ ਚੋਣ ਕੀਤੀ ਗਈ ਹੈ, ਜਦਕਿ ਭਾਈ ਪ੍ਰਗਟ ਸਿੰਘ ਨੂੰ ਹਲਕਾ ਪ੍ਰਧਾਨ ਕਾਲਿਆਂਵਾਲੀ, ਗੁਰਮੀਤ ਸਿੰਘ ਨੂੰ ਬਲਾਕ ਪ੍ਰਧਾਨ ਬਡਾਗੁੜਾ, ਕੁਲਦੀਪ ਸਿੰਘ ਨੂੰ ਮੀਤ ਪ੍ਰਧਾਨ ਬਡਾਗੁੜਾ ਅਤੇ ਬਾਬਾ ਬੱਗਾ ਸਿੰਘ ਨੂੰ ਬਲਾਕ ਪ੍ਰਧਾਨ ਔਡਾਂ ਨਿਯੁਕਤ ਕੀਤਾ ਗਿਆ ਹੈ

ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਨਵੇਂ ਅਹੁਦੇਦਾਰਾਂ ਨੂੰ ਗੁਰੂ ਘਰ ਦੀ ਮਰਿਆਦਾ ਅਨੁਸਾਰ ਨਿਸ਼ਕਾਮ ਸੇਵਾ, ਅਨੁਸ਼ਾਸਨ ਅਤੇ ਸਮਰਪਣ ਦੀ ਭਾਵਨਾ ਨਾਲ ਕਾਰਜ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਦਮਦਮੀ ਟਕਸਾਲ ਸੇਵਕ ਜਥਾ ਗੁਰੂ ਸਾਹਿਬਾਨ ਦੀ ਬਖ਼ਸ਼ੀ ਵਿਚਾਰਧਾਰਾ ਨੂੰ ਘਰ-ਘਰ ਤੱਕ ਪਹੁੰਚਾਉਣ, ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ, ਸਮਾਜ ਵਿੱਚ ਨੈਤਿਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਸਮਰਪਿਤ ਭਾਵਨਾ ਨਾਲ ਕੰਮ ਕਰੇਗਾ।

***

## ਕੀ ਪੰਜਾਬ ਦੀ ਸਿਆਸਤ ਮੁੜ ਲੈ ਰਹੀ ਹੈ

ਇਹ ਲੋਕ ਅਕਸਰ ਖੁੱਲ੍ਹ ਕੇ ਕਿਸੇ ਸਿਆਸੀ ਪਾਰਟੀ ਦੇ ਨਾਲ ਨਹੀਂ ਤੁਰਦੇ ਪਰ ਅੰਦਰੂਨੀ ਤੌਰ 'ਤੇ ਇਹ ਆਪਣੀਆਂ ਵੋਟਾਂ ਹਰ ਚੋਣਾਂ ਦੌਰਾਨ ਪੰਥ ਦੀ ਝੋਲੀ ਪਾਉਂਦੇ ਹਨ, ਜਿਸ ਦਾ ਫਾਇਦਾ ਪੰਥਕ ਸਿਆਸੀ ਪਾਰਟੀਆਂ ਨੂੰ ਹੁੰਦਾ ਹੈ। ਇਹਨਾਂ 'ਪੰਥਕ ਵੋਟਾਂ' ਦਾ ਝੁਕਾਅ ਕਈ ਦਹਾਕਿਆਂ ਤੱਕ 'ਸ਼੍ਰੋਮਣੀ ਅਕਾਲੀ ਦਲ' ਵੱਲ ਰਿਹਾ ਹੈ ਅਤੇ ਇਹਨਾਂ ਵੋਟਾਂ ਦੀ ਹਮਾਇਤ ਨਾਲ ਕਈ ਸਾਲਾਂ ਤੱਕ 'ਸ਼੍ਰੋਮਣੀ ਅਕਾਲੀ ਦਲ' ਰਾਜ ਸੱਤਾ ਦਾ ਸੁੱਖ ਭੋਗਦਾ ਰਿਹਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਅਕਾਲੀ ਦਲ ਦੀਆਂ ਪੱਕੀਆਂ ਸਮਝੀਆਂ ਜਾਂਦੀਆਂ ਇਹ 'ਪੰਥਕ ਵੋਟਾਂ' ਅਕਾਲੀ ਦਲ ਤੋਂ ਹੀ ਦੂਰ ਹੋ ਗਈਆਂ, ਜਿਸ ਦਾ ਫਾਇਦਾ ਉਠਾ ਕੇ ਆਮ ਆਦਮੀ ਪਾਰਟੀ ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਇਤਿਹਾਸਿਕ ਜਿੱਤ ਪ੍ਰਾਪਤ ਕਰ ਗਈ। ਅਸਲ ਵਿੱਚ ਬੇਅਦਬੀ ਅਤੇ ਹੋਰ ਮੁੱਦਿਆਂ ਕਾਰਨ ਅਕਾਲੀ ਦਲ ਦੀਆਂ 'ਪੰਥਕ ਵੋਟਾਂ' ਅਕਾਲੀ ਦਲ ਖਾਸ ਕਰਕੇ ਕੁਝ ਅਕਾਲੀ ਆਗੂਆਂ ਨਾਲ ਨਾਰਾਜ਼ ਹੋ ਗਈਆਂ ਅਤੇ ਇਹ ਨਾਰਾਜ਼ਗੀ ਅਜੇ ਵੀ ਜਾਰੀ ਹੈ। ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਤਜਰਬੇਕਾਰ ਸਿਆਸਤਦਾਨ ਹਨ, ਉਹ ਵੀ 'ਪੰਥਕ ਵੋਟਾਂ' ਦੀ ਅਹਿਮੀਅਤ ਨੂੰ ਸਮਝਦੇ ਹਨ, ਇਹੋ ਕਾਰਨ ਹੈ ਕਿ ਉਹਨਾਂ ਵੱਲੋਂ 'ਪੰਥਕ ਅਤੇ ਪੇਂਡੂ ਵੋਟ ਬੈਂਕ' ਨੂੰ ਮੁੜ ਅਕਾਲੀ ਦਲ ਨਾਲ ਜੋੜਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਪਰ ਪੰਜਾਬ ਵਿੱਚ ਸਰਗਰਮ ਅਕਾਲੀ ਦਲ ਪੁਨਰ ਸੁਰਜੀਤ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀਆਂ ਵੱਲੋਂ ਅਕਾਲੀ ਦਲ ਬਾਦਲ ਦੇ 'ਪੰਥਕ ਵੋਟ ਬੈਂਕ' ਨੂੰ ਖੋਰਾ ਲਗਾਉਣ ਦੇ ਯਤਨ ਕੀਤੇ ਜਾ ਰਹੇ ਹਨ, ਜਿਸ ਕਾਰਨ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਬਾਦਲ ਨੂੰ ਇਹਨਾਂ ਦੋਵਾਂ ਅਕਾਲੀ ਦਲਾਂ ਕਾਰਨ ਨੁਕਸਾਨ ਉਠਾਉਣਾ ਪੈ ਸਕਦਾ ਹੈ।

ਅਕਾਲੀ ਦਲ ਬਾਦਲ ਕੋਲ ਇਸ ਸਮੇਂ ਇੱਕ ਹੀ ਲੋਕ ਸਭਾ ਮੈਂਬਰ ਅਤੇ ਇੱਕ ਹੀ ਵਿਧਾਇਕ ਹੈ। ਜਦੋਂ ਕਿ 'ਅਕਾਲੀ ਦਲ ਵਾਰਿਸ ਪੰਜਾਬ ਦੇ' ਪਾਰਟੀ ਕੋਲ ਦੋ ਲੋਕ ਸਭਾ ਮੈਂਬਰ ਅਤੇ ਇੱਕ ਵਿਧਾਇਕ ਹੈ। ਅਕਾਲੀ ਦਲ ਪੁਨਰ ਸੁਰਜੀਤ ਦਾ ਜੋ ਹਾਲ ਹੋ ਰਿਹਾ ਹੈ, ਉਹ ਸਭ ਦੇ ਸਾਹਮਣੇ ਹੈ। ਪੰਥਕ ਏਕਤਾ, ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਨੂੰ ਇੱਕ ਛੱਤ ਹੇਠ ਲਿਆਉਣ ਅਤੇ ਪੰਥਕ ਰਾਜਨੀਤੀ ਨੂੰ ਮੁੜ ਸੁਰਜੀਤ ਕਰਨ ਦੇ ਦਾਅਵਿਆਂ ਨਾਲ ਵਜੂਦ ਵਿੱਚ ਆਇਆ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਸੁਰਜੀਤ ਹੋਣ ਦੀ ਥਾਂ ਪੂਰੀ ਤਰ੍ਹਾਂ ਖਿਲਰ ਗਿਆ ਹੈ।

ਦੂਜੇ ਪਾਸੇ ਅਕਾਲੀ ਦਲ ਵਾਰਿਸ ਪੰਜਾਬ ਦੇ ਦਿਨੋਂ ਦਿਨ ਮਜਬੂਤ ਹੁੰਦਾ ਦਿਖਾਈ ਦੇ ਰਿਹਾ ਹੈ। ਸਿਆਸੀ ਮਾਹਿਰ ਕਹਿੰਦੇ ਹਨ ਕਿ 'ਅਕਾਲੀ ਦਲ ਵਾਰਿਸ ਪੰਜਾਬ ਦੇ' ਪਾਰਟੀ ਦੇ ਮੁਖੀ ਅਤੇ ਸਾਂਸਦ ਭਾਈ ਅੰਮ੍ਰਿਤਪਾਲ ਸਿੰਘ ਇਸ ਸਮੇਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਇਸ ਪਾਰਟੀ ਵੱਲੋਂ ਉਹਨਾਂ ਨੂੰ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਮੁੱਖ ਮੰਤਰੀ ਉਮੀਦਵਾਰ ਦਾ ਚਿਹਰਾ ਐਲਾਨ ਦਿੱਤਾ ਗਿਆ ਹੈ। ਉਹ ਜੇਲ੍ਹ ਦੀਆਂ ਸਲਾਖਾਂ ਪਿੱਛੋਂ ਹੀ ਇਹ ਚੋਣ ਲੜਨਗੇ ਅਤੇ ਸੂਬੇ ਵਿੱਚ ਆਪਣੀ ਪਾਰਟੀ ਦੀ ਚੋਣ ਮੁਹਿੰਮ ਦੀ ਅਗਵਾਈ ਕਰਨਗੇ। 'ਅਕਾਲੀ ਦਲ ਵਾਰਿਸ ਪੰਜਾਬ ਦੇ' ਪਾਰਟੀ ਦੀਆਂ ਵੱਧ ਰਹੀਆਂ ਸਿਆਸੀ ਗਤੀਵਿਧੀਆਂ ਨੇ ਪੰਜਾਬ ਵਿੱਚ ਨਵੀਂ ਸਿਆਸੀ ਚਰਚਾ ਛੇੜ ਦਿੱਤੀ ਹੈ। ਸਿਆਸੀ ਮਾਹਿਰਾਂ ਅਨੁਸਾਰ ਇਸ ਪਾਰਟੀ ਨੂੰ ਨੌਜਵਾਨ ਵਰਗ ਵੱਲੋਂ ਮਿਲ ਰਿਹਾ ਹੁੰਗਾਰਾ ਪੰਜਾਬ ਦੇ ਸਿਆਸੀ ਸਮੀਕਰਨਾਂ ਨੂੰ ਪੂਰੀ ਤਰ੍ਹਾਂ ਬਦਲ ਸਕਦਾ ਹੈ। ਸਾਲ 2027 ਦੀਆਂ ਚੋਣਾਂ ਦੇ ਨੇੜੇ ਜਾ ਕੇ ਹੀ ਪਤਾ ਚੱਲੇਗਾ ਕਿ ਇਹ ਪਾਰਟੀ ਸਿਰਫ਼ ਭਾਵਨਾਤਮਕ ਬਿਰਤਾਂਤ ਤੱਕ ਸੀਮਿਤ ਰਹਿੰਦੀ ਹੈ ਜਾਂ ਸੱਚਮੁੱਚ ਦੂਜੀਆਂ ਪਾਰਟੀਆਂ ਲਈ ਵੱਡੀ ਚੁਣੌਤੀ ਬਣਦੀ ਹੈ।

ਸਿਆਸੀ ਮਾਹਿਰ ਕਹਿ ਰਹੇ ਹਨ ਕਿ ਪੰਜਾਬ ਦੀਆਂ ਸਾਰੀਆਂ ਰਵਾਇਤੀ ਸਿਆਸੀ ਪਾਰਟੀਆਂ ਨੂੰ ਨਵੀਆਂ ਬਣੀਆਂ ਸਿਆਸੀ ਪਾਰਟੀਆਂ ਅਕਾਲੀ ਦਲ 'ਪੁਨਰ ਸੁਰਜੀਤ' ਅਤੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਚੁਣੌਤੀਆਂ ਦੇਣ ਦੇ ਯਤਨ ਕੀਤੇ ਜਾ ਰਹੇ ਹਨ। 'ਵਾਰਿਸ ਪੰਜਾਬ ਦੇ' ਪਾਰਟੀ ਨੇ ਆਪਣੀਆਂ ਸਰਗਰਮੀਆਂ ਨੂੰ ਬਹੁਤ ਤੇਜ਼ ਕਰ ਦਿੱਤਾ ਹੈ। ਜਿਸ ਕਾਰਨ ਪੰਜਾਬ ਦੀ ਸਿਆਸਤ ਵਿੱਚ ਨਵੇਂ ਸਮੀਕਰਨ ਬਣਨੇ ਸ਼ੁਰੂ ਹੋ ਗਏ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਵੋਟਰਾਂ ਦੀ ਸੋਚ ਵਿੱਚ ਆ ਰਹੀ ਤਬਦੀਲੀ ਕਿਤੇ ਕਿਸੇ ਅਣਕਿਆਸੀ ਪਾਰਟੀ ਨੂੰ ਹੁੰਗਾਰਾ ਨਾ ਭਰ ਦੇਵੇ। ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਨਵੀਂਆਂ ਬਣੀਆਂ ਸਿਆਸੀ ਪਾਰਟੀਆਂ ਆਮ ਆਦਮੀ ਪਾਰਟੀ ਸਮੇਤ ਰਵਾਇਤੀ ਸਿਆਸੀ ਪਾਰਟੀਆਂ ਨੂੰ ਅਗਲੀਆਂ ਪੰਜਾਬ ਵਿਧਾਨ ਚੋਣਾਂ ਵਿੱਚ ਕੋਈ ਵੱਡੀ ਚੁਣੌਤੀ ਪੇਸ਼ ਕਰ ਸਕਣਗੀਆਂ ਜਾਂ ਨਹੀਂ ?

***

## ਡੇਰਾ ਸੱਚਖੰਡ ਬੱਲਾਂ ਉੱਪਰ ਮੋਦੀ ਮਿਹਰਬਾਨ ਕਿਉਂ ?

ਪੰਜਾਬ ਵਿੱਚ ਦਲਿਤ ਸਮਾਜ ਦੇ ਸਮਾਜਿਕ-ਧਾਰਮਿਕ ਤਾਣੇ-ਬਾਣੇ ਵਿੱਚ ਹਜ਼ਾਰਾਂ ਛੋਟੇ-ਵੱਡੇ ਡੇਰੇ ਸ਼ਾਮਲ ਹਨ। ਡੇਰਾ ਸੱਚਖੰਡ ਬੱਲਾਂ ਤੋਂ ਇਲਾਵਾ ਫਗਵਾੜੇ ਦਾ ਡੇਰਾ ਚੱਕ ਹਕੀਮ, ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਡੇਰਾ ਬੇਗੋਵਾਲ, ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ, ਡੇਰਾ ਸੱਚਾ ਸੌਦਾ ਅਤੇ ਅੰਮ੍ਰਿਤਸਰ ਦਾ ਭਗਵਾਨ ਵਾਲਮੀਕਿ ਆਸ਼ਰਮ (ਰਾਮ ਤੀਰਥ) ਅਜਿਹੇ ਪ੍ਰਮੁੱਖ ਕੇਂਦਰ ਹਨ ਜਿਨ੍ਹਾਂ ਦਾ ਲੱਖਾਂ ਦਲਿਤ ਸ਼ਰਧਾਲੂਆਂ 'ਤੇ ਡੂੰਘਾ ਅਸਰ ਹੈ।

ਰਾਜਨੀਤਿਕ ਬੁੱਧੀਜੀਵੀਆਂ ਅਤੇ ਸਮਾਜ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਡੇਰਾ ਬੱਲਾਂ ਦਾ ਉਭਾਰ ਕੇਵਲ ਧਰਮ ਤੱਕ ਸੀਮਤ ਨਹੀਂ, ਬਲਕਿ ਇਹ ਦਲਿਤਾਂ ਦੇ ਸਮਾਜਿਕ 'ਸਵੈ-ਮਾਣ' ਅਤੇ ਆਰਥਿਕ ਤਰੱਕੀ ਦੀ ਵਿਰਾਸਤ ਦਾ ਪ੍ਰਤੀਕ ਹੈ। ਜਦੋਂ ਦੇਸ਼ ਦੇ ਵੱਡੇ ਨੇਤਾ ਡੇਰੇ ਆਉਂਦੇ ਹਨ, ਤਾਂ ਭਾਈਚਾਰਾ ਇਸ ਨੂੰ ਆਪਣੀ ਸਮਾਜਿਕ ਮਾਨਤਾ ਵਜੋਂ ਦੇਖਦਾ ਹੈ। ਹਾਲਾਂਕਿ ਮਾਹਿਰ ਇਹ ਵੀ ਚਿਤਾਵਨੀ ਦਿੰਦੇ ਹਨ ਕਿ ਜੇਕਰ ਕੋਈ ਵੀ ਰਾਜਨੀਤਿਕ ਪਾਰਟੀ ਕੇਵਲ ਇੱਕ ਖ਼ਾਸ ਦਲਿਤ ਧੜੇ ਨੂੰ ਜ਼ਿਆਦਾ ਤਰਜੀਹ ਦਿੰਦੀ ਹੈ, ਤਾਂ ਇਸ ਨਾਲ ਹੋਰਨਾਂ ਦਲਿਤ ਉਪ-ਜਾਤੀਆਂ (ਜਿਵੇਂ ਵਾਲਮੀਕਿ ਜਾਂ ਮਜ਼ਹਬੀ ਸਮਾਜ) ਵਿੱਚ ਨਾਰਾਜ਼ਗੀ ਵੀ ਪੈਦਾ ਹੋ ਸਕਦੀ ਹੈ।

## ਪੰਜਾਬ ਸੰਤਾਪ ਦੇ ਦੌਰ ਤੋਂ ਵੀ ਵੱਡਾ ਸੰਕਟ ਛਾਇਆ

ਇਸ ਦੇ ਨਾਲ ਹੀ, ਖੇਤੀ ਲਈ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਕਾਰਨ ਜ਼ਮੀਨ ਹੇਠਲੇ ਪਾਣੀ ਦੀ ਦੁਰਵਰਤੋਂ ਹੋਈ। ਪੰਜਾਬ ਆਪਣੇ ਜ਼ਮੀਨ ਹੇਠਲੇ ਪਾਣੀ ਦੇ ਕੁਦਰਤੀ ਤੌਰ 'ਤੇ ਭਰਨ ਦੀ ਸਮਰੱਥਾ ਨਾਲੋਂ 150% ਤੋਂ ਵੀ ਵੱਧ ਪਾਣੀ ਬਾਹਰ ਕੱਢ ਰਿਹਾ ਹੈ। ਸਰਕਾਰ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਬਿਜਲੀ ਸਬਸਿਡੀ 'ਤੇ ਰੋੜ੍ਹ ਰਹੀ ਹੈ, ਜਿਸ ਨਾਲ ਖ਼ਜ਼ਾਨਾ ਵੀ ਖਾਲੀ ਹੋ ਰਿਹਾ ਹੈ ਅਤੇ ਪੰਜਾਬ ਦਾ ਕੁਦਰਤੀ ਸਰਮਾਇਆ—ਪਾਣੀ—ਵੀ ਖਤਮ ਹੋ ਰਿਹਾ ਹੈ।

ਕਰਜ਼ਾ ਲੈ ਕੇ ਵਿਕਾਸ ਕਾਰਜ ਕਰਨਾ ਕੋਈ ਗਲਤ ਨੀਤੀ ਨਹੀਂ ਹੈ, ਪਰ ਜੇਕਰ ਜ਼ਿਆਦਾਤਰ ਪੈਸਾ ਸਿਰਫ਼ ਰੋਜ਼ਾਨਾ ਦੇ ਖਰਚਿਆਂ ਅਤੇ ਪੁਰਾਣੇ ਕਰਜ਼ੇ ਦੇ ਵਿਆਜ ਵਿੱਚ ਚਲਾ ਜਾਵੇ, ਤਾਂ ਇਹ ਚਿੰਤਾਜਨਕ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਸੂਬੇ ਦੀ ਆਪਣੀ ਆਮਦਨ (ਟੈਕਸ ਅਤੇ ਗ਼ੈਰ-ਟੈਕਸ) ਵਧਾਉਣ ਦੇ ਠੋਸ ਉਪਾਅ ਕੀਤੇ ਜਾਣ। ਫਾਲਤੂ ਦੇ ਸਰਕਾਰੀ ਖਰਚਿਆਂ 'ਤੇ ਲਗਾਮ ਲਗਾਈ ਜਾਵੇ। ਅਜਿਹੇ ਉਦਯੋਗਿਕ ਅਤੇ ਵਿਕਾਸ ਪ੍ਰੋਜੈਕਟਾਂ 'ਤੇ ਧਿਆਨ ਦਿੱਤਾ ਜਾਵੇ ਜੋ ਭਵਿੱਖ ਵਿੱਚ ਸੂਬੇ ਲਈ ਆਮਦਨ ਦੇ ਨਵੇਂ ਸਾਧਨ ਪੈਦਾ ਕਰ ਸਕਣ। ਸਰਕਾਰ ਨੂੰ ਇੱਕ ਮਜ਼ਬੂਤ ਉਦਯੋਗਿਕ ਨੀਤੀ, ਖੇਤੀਬਾੜੀ ਵਿੱਚ ਢਾਂਚਾਗਤ ਬਦਲਾਅ ਅਤੇ ਅਜਿਹਾ ਵਪਾਰਕ ਮਾਹੌਲ ਸਿਰਜਣਾ ਪਵੇਗਾ ਤਾਂ ਜੋ ਨੌਜਵਾਨਾਂ ਨੂੰ ਆਪਣੇ ਹੀ ਰਾਜ ਵਿੱਚ ਭਵਿੱਖ ਸੁਰੱਖਿਅਤ ਨਜ਼ਰ ਆਵੇ, ਨਾ ਕਿ ਵਿਦੇਸ਼ੀ ਧਰਤੀ 'ਤੇ।

***

## ਜ਼ਿੰਦਾ ਸ਼ਖ਼ਸ ਨੂੰ ਪੋਸਟਮਾਰਟਮ ਲਈ ਲਿਆਉਣ

ਫ਼ਿਲਮ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਬਲਜੀਤ ਕੌਰ ਨੇ ਬਹੁਤ ਹੀ ਭਾਵੁਕ ਸ਼ਬਦ ਕਹੇ ਕਿ ਫ਼ਿਲਮ ਸਾਨੂੰ ਕੀ ਯਾਦ ਕਰਵਾਏਗੀ ? ਸਾਡੇ ਜ਼ਖ਼ਮ ਤਾਂ ਪਹਿਲਾਂ ਹੀ ਮੌਜੂਦ ਹਨ। ਫ਼ਿਲਮ ਤਾਂ ਫ਼ਿਲਮ ਹੁੰਦੀ ਹੈ, ਪਰ ਅਸਲੀ ਫ਼ਿਲਮ ਉਹ ਹੈ ਜੋ ਲੋਕਾਂ ਨੇ ਆਪਣੇ ਪਿੰਡੇ 'ਤੇ ਹੰਢਾਈ ਹੈ। ਅੱਜ ਲੋੜ ਹੈ ਕਿ ਇਤਿਹਾਸ ਤੋਂ ਸਬਕ ਲਿਆ ਜਾਵੇ। ਮਾਝੇ ਦੇ ਖਡੂਰ ਸਾਹਿਬ, ਅੰਮ੍ਰਿਤਸਰ ਅਤੇ ਤਰਨ ਤਾਰਨ ਵਰਗੇ ਇਲਾਕਿਆਂ ਵਿੱਚ ਤਾਂ ਹਰ ਇੱਕ ਜੀਅ ਇਸ ਇਤਿਹਾਸ ਦਾ ਗਵਾਹ ਹੈ।

ਮਹਾਵੀਰ ਸਿੰਘ ਨੇ ਵੀ ਜ਼ੋਰ ਦੇ ਕੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਵਰਗੇ ਮਨੁੱਖੀ ਅਧਿਕਾਰ ਕਾਰਕੁੰਨਾਂ ਦਾ ਸੰਘਰਸ਼ ਬਿਲਕੁਲ ਅਹਿੰਸਕ ਸੀ। ਉਨ੍ਹਾਂ ਨੇ ਕੋਈ ਹਥਿਆਰ ਨਹੀਂ ਚੁੱਕਿਆ, ਸਗੋਂ ਉਹ ਸਿਰਫ਼ ਸਰਕਾਰੀ ਅੰਕੜਿਆਂ ਅਤੇ ਤੱਥਾਂ ਦੇ ਆਧਾਰ 'ਤੇ ਲਾਪਤਾ ਹੋਏ ਨੌਜਵਾਨਾਂ ਦੀਆਂ ਲਾਸ਼ਾਂ ਦਾ ਸੱਚ ਸਾਹਮਣੇ ਲਿਆ ਰਹੇ ਸਨ।

ਉਸ ਦੌਰ ਵਿੱਚ ਧਾਰਮਿਕ ਵੰਡ ਦੇ ਬਣਾਏ ਗਏ ਪ੍ਰਭਾਵ 'ਤੇ ਗੱਲ ਕਰਦਿਆਂ ਨਰਸ ਬਲਜੀਤ ਕੌਰ ਨੇ ਬਹੁਤ ਵੱਡਾ ਸੱਚ ਸਾਹਮਣੇ ਰੱਖਿਆ। ਉਨ੍ਹਾਂ ਕਿਹਾ ਕਿ ਹਸਪਤਾਲਾਂ ਵਿੱਚ ਆਉਣ ਵਾਲੀਆਂ ਲਾਸ਼ਾਂ ਅਤੇ ਜ਼ਖ਼ਮੀ ਕਿਸੇ ਇੱਕ ਧਰਮ ਦੇ ਨਹੀਂ ਹੁੰਦੇ ਸਨ। ਹਰ ਭਾਈਚਾਰੇ ਦੇ ਲੋਕ ਉਸ ਦੌਰ ਦਾ ਸ਼ਿਕਾਰ ਹੋਏ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਿੰਦੂਆਂ ਅਤੇ ਸਿੱਖਾਂ ਦੀ ਸਾਂਝ ਪੀੜ੍ਹੀਆਂ ਪੁਰਾਣੀ ਹੈ। ਪਿੰਡਾਂ ਵਿੱਚ ਅੱਜ ਵੀ ਲੋਕ ਇੱਕ-ਦੂਜੇ ਨੂੰ ਧਰਮ ਦੇਖ ਕੇ ਨਹੀਂ, ਸਗੋਂ ਤਾਇਆ, ਚਾਚਾ, ਤਾਈ ਅਤੇ ਚਾਚੀ ਕਹਿ ਕੇ ਬੁਲਾਉਂਦੇ ਹਨ। ਉਨ੍ਹਾਂ ਕਿਹਾ ਕਿ ਵੰਡੀਆਂ ਲੋਕਾਂ ਨੇ ਨਹੀਂ ਪਾਈਆਂ, ਸਗੋਂ ਇਹ ਵੱਡੇ ਪੱਧਰ 'ਤੇ ਰਾਜਨੀਤੀ ਅਤੇ ਪ੍ਰਚਾਰ ਦਾ ਨਤੀਜਾ ਸਨ। ਜੇ ਇਹ ਲੜਾਈ ਮਜਹਬਾਂ ਦੀ ਹੁੰਦੀ ਤਾਂ ਵੱਖ-ਵੱਖ ਭਾਈਚਾਰਿਆਂ ਦੇ ਲੋਕ, ਵਕੀਲ ਅਤੇ ਸਾਥੀ ਇੱਕ-ਦੂਜੇ ਦੀ ਮਦਦ ਲਈ ਅੱਗੇ ਨਾ ਆਉਂਦੇ ਬਲਜੀਤ ਕੌਰ ਅਤੇ ਮਹਾਵੀਰ ਸਿੰਘ ਦੀ ਇਹ ਕਹਾਣੀ ਸਿਰਫ਼ 1993 ਦੀ ਇੱਕ ਘਟਨਾ ਦੀ ਨਹੀਂ ਹੈ, ਸਗੋਂ ਇਹ ਪੰਜਾਬ ਦੇ ਉਸ ਸੰਤਾਪ ਦੇ ਦੌਰ ਵਿੱਚ ਚਾਨਣ ਦੀ ਉਹ ਕਿਰਨ ਹੈ ਜੋ ਦੱਸਦੀ ਹੈ ਕਿ ਜਦੋਂ ਕਾਨੂੰਨ ਦੇ ਰੱਖਿਅਕ ਹੀ ਜ਼ਾਲਮ ਬਣ ਜਾਣ, ਉਦੋਂ ਵੀ ਇੱਕ ਸਾਧਾਰਨ ਇਨਸਾਨ ਦੀ ਜ਼ਮੀਰ ਅਤੇ ਹਿੰਮਤ ਪੂਰੇ ਸਿਸਟਮ ਨੂੰ ਝੁਕਣ ਲਈ ਮਜਬੂਰ ਕਰ ਸਕਦੀ ਹੈ। ਉਨ੍ਹਾਂ ਦੀ ਇਹ ਲੜਾਈ ਆਉਣ ਵਾਲੀਆਂ ਪੀੜ੍ਹੀਆਂ ਲਈ ਮਨੁੱਖੀ ਹੱਕਾਂ ਅਤੇ ਨੈਤਿਕ ਫ਼ਰਜ਼ਾਂ ਦੀ ਇੱਕ ਮਿਸਾਲ ਬਣੀ ਰਹੇਗੀ।

***

## ਵਿੰਡਸਰ ਵਿਖੇ ਜਿਮ 'ਚ ਸਿੱਖ ਨੌਜਵਾਨ ਨੂੰ

ਇਹ ਪੂਰਾ ਮਾਮਲਾ ਸਿਰਫ਼ ਇੱਕ ਜਿਮ ਦੀ ਬਹਿਸ ਤੱਕ ਸੀਮਤ ਨਹੀਂ, ਸਗੋਂ ਕੈਨੇਡਾ ਦੇ ਬਹੁ-ਸੱਭਿਆਚਾਰਕ ਸਿਧਾਂਤਾਂ ਲਈ ਇੱਕ ਵੱਡਾ ਇਮਤਿਹਾਨ ਹੈ। ਪ੍ਰਸਿੱਧ ਚਿੰਤਕ ਡਾ. ਗੁਰਵਿੰਦਰ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਅਦਾਲਤਾਂ ਅਤੇ ਸੰਵਿਧਾਨ ਨੇ ਭਾਵੇਂ ਸਾਲਾਂ ਪਹਿਲਾਂ ਧਾਰਮਿਕ ਕਕਾਰਾਂ ਦੀ ਹੋਂਦ ਨੂੰ ਪ੍ਰਵਾਨਗੀ ਦੇ ਦਿੱਤੀ ਸੀ, ਪਰ ਜ਼ਮੀਨੀ ਪੱਧਰ 'ਤੇ ਆਮ ਲੋਕਾਂ ਅਤੇ ਨਿੱਜੀ ਅਦਾਰਿਆਂ ਦੇ ਮੁਲਾਜ਼ਮਾਂ ਵਿੱਚ ਜਾਣਕਾਰੀ ਦਾ ਵੱਡਾ ਘਾਟਾ ਅਜੇ ਵੀ ਬਰਕਰਾਰ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿਰਫ਼ ਕਾਨੂੰਨ ਬਣਾ ਦੇਣਾ ਹੀ ਕਾਫ਼ੀ ਨਹੀਂ, ਸਗੋਂ ਵੱਖ-ਵੱਖ ਭਾਈਚਾਰਿਆਂ ਦੇ ਧਾਰਮਿਕ ਚਿੰਨ੍ਹਾਂ ਦੀ ਮਹੱਤਤਾ ਅਤੇ ਮਰਿਆਦਾ ਬਾਰੇ ਜਨਤਕ ਥਾਵਾਂ ਦੇ ਅਮਲੇ ਨੂੰ ਨਿਰੰਤਰ ਜਾਗਰੂਕ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ, ਤਾਂ ਜੋ ਸੁਰੱਖਿਆ ਦੇ ਨਾਂਅ 'ਤੇ ਕਿਸੇ ਦੀ ਆਸਥਾ ਨੂੰ ਠੇਸ ਨਾ ਪੁੱਜੇ।

***

## ਹੇਠਲੀਆਂ ਅਦਾਲਤਾਂ 'ਚ 52 ਲੱਖ ਕੇਸ ਪੈਂਡਿੰਗ

ਇਸ ਤੋਂ ਇਲਾਵਾ 'ਡਿਜੀਟਲ ਕੋਰਟਸ 2.1' ਨਾਂਅ ਦਾ ਟੂਲ ਜੱਜਾਂ ਨੂੰ ਪੇਪਰ-ਰਹਿਤ ਤਰੀਕੇ ਨਾਲ ਕੰਮ ਕਰਨ ਲਈ ਸਿੰਗਲ ਵਿੰਡੋ ਪ੍ਰਦਾਨ ਕਰਦਾ ਹੈ, ਜਿਸ ਵਿੱਚ ਵਾਇਸ-ਟੂ-ਟੈਕਸਟ ਲਈ 'ਸ਼ਰੁਤੀ' ਅਤੇ ਅਨੁਵਾਦ ਲਈ 'ਪਾਣਿਨੀ' ਵਰਗੇ ਆਧੁਨਿਕ ਫੀਚਰ ਸ਼ਾਮਲ ਹਨ।

ਤਕਨੀਕੀ ਦਾਅਵਿਆਂ ਦੇ ਬਾਵਜੂਦ ਨੀਤੀਗਤ ਘਾਟਾਂ ਅਤੇ ਜ਼ਮੀਨੀ ਸਮੱਸਿਆਵਾਂ ਬਰਕਰਾਰ ਹਨ। ਏ.ਆਈ. ਟੂਲਜ਼ ਨੂੰ ਅਪਣਾਉਣ ਲਈ ਅਜੇ ਤੱਕ ਕੋਈ ਰਸਮੀ ਕਾਨੂੰਨੀ ਨੀਤੀ ਨਹੀਂ ਹੈ ਅਤੇ ਇਹ ਸਿਰਫ਼ ਪਾਇਲਟ ਪੜਾਅ 'ਚ ਹਨ। ਕਾਨੂੰਨੀ ਮਾਹਿਰਾਂ ਅਤੇ ਸਾਬਕਾ ਜੱਜਾਂ ਅਨੁਸਾਰ, 52.56 ਲੱਖ ਕੇਸਾਂ ਦਾ 10 ਸਾਲਾਂ ਤੱਕ ਲਟਕੇ ਰਹਿਣਾ ਸਾਡੇ ਪ੍ਰਸ਼ਾਸਨਿਕ ਢਾਂਚੇ ਦੀ ਵੱਡੀ ਨਾਕਾਮੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਸਰਕਾਰ ਅਦਾਲਤਾਂ ਵਿੱਚ ਜੱਜਾਂ ਦੀਆਂ ਖ਼ਾਲੀ ਅਸਾਮੀਆਂ ਨਹੀਂ ਭਰਦੀ, ਹੇਠਲੀਆਂ ਅਦਾਲਤਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਨਹੀਂ ਕਰਦੀ ਅਤੇ ਲੋੜੀਂਦੇ ਫੰਡ ਜਾਰੀ ਨਹੀਂ ਕਰਦੀ, ਉਦੋਂ ਤੱਕ ਸਿਰਫ਼ ਡਿਜੀਟਲਾਈਜ਼ੇਸ਼ਨ ਜਾਂ ਏ.ਆਈ. ਦੇ ਸਹਾਰੇ ਇੰਨੇ ਵੱਡੇ ਬੈਕਲਾਗ ਦਾ ਪੂਰਾ ਹੱਲ ਹੋਣਾ ਅਸੰਭਵ ਹੈ।

***

## ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਜਾਇਜ਼ ਠਹਿਰਾਉਣ

### ਕੈਨੇਡਾ 'ਚ ਵੀ ਵੇਖਣ ਨੂੰ ਮਿਲ ਰਿਹਾ ਕੇਸ ਦਾ ਅਸਰ

ਇਸ ਕੇਸ ਦਾ ਅਸਰ ਸਿਰਫ਼ ਅਮਰੀਕਾ ਤੱਕ ਸੀਮਤ ਨਹੀਂ ਰਿਹਾ, ਸਗੋਂ ਗੁਆਂਢੀ ਮੁਲਕ ਕੈਨੇਡਾ ਵਿੱਚ ਵੀ ਵੇਖਣ ਨੂੰ ਮਿਲ ਰਿਹਾ ਹੈ। ਰਣਬੀਰ ਸਿੰਘ ਨੇ ਦਸਿਆ ਕਿ ਕੈਨੇਡਾ ਦੇ ਓਨਟਾਰੀਓ ਵਰਗੇ ਸੂਬਿਆਂ ਵਿੱਚ ਪਹਿਲਾਂ ਵਿਜ਼ਿਟਰ ਵੀਜ਼ੇ 'ਤੇ ਆਏ ਲੋਕਾਂ ਨੂੰ ਵੀ ਡਰਾਈਵਿੰਗ ਲਾਇਸੈਂਸ ਵਿੱਚ ਛੋਟ ਮਿਲ ਜਾਂਦੀ ਸੀ, ਪਰ ਇਸ ਘਟਨਾ ਤੋਂ ਬਾਅਦ ਨਿਯਮ ਬਹੁਤ ਸਖ਼ਤ ਕਰ ਦਿੱਤੇ ਗਏ ਹਨ। ਹੁਣ ਟਰੱਕ ਲਾਇਸੈਂਸ (ਸੀ.ਡੀ.ਐਲ.) ਲਈ ਘੱਟੋ-ਘੱਟ ਦੋ ਸਾਲ ਦਾ ਪੁਰਾਣਾ ਡਰਾਈਵਿੰਗ ਤਜਰਬਾ ਲਾਜ਼ਮੀ ਕਰ ਦਿੱਤਾ ਗਿਆ ਹੈ।

ਵਿਦੇਸ਼ਾਂ ਦੇ ਸਿਸਟਮ ਦੀ ਪਾਲਣਾ ਬਹੁਤ ਜ਼ਰੂਰੀ ਅਖ਼ੀਰ ਵਿੱਚ ਯੂਨਾਈਟਿਡ ਸਿੱਖਜ਼ ਦੇ ਆਗੂਆਂ ਨੇ ਬਾਹਰਲੇ ਮੁਲਕਾਂ ਵਿੱਚ ਜਾ ਕੇ ਟਰੱਕਾਂ ਦਾ ਕੰਮ ਕਰਨ ਦੇ ਚਾਹਵਾਨ ਨੌਜਵਾਨਾਂ ਨੂੰ ਖ਼ਾਸ ਅਪੀਲ ਕੀਤੀ। ਰਣਬੀਰ ਸਿੰਘ ਨੇ ਕਿਹਾ ਕਿ ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਜਦੋਂ ਵੀ ਤੁਸੀਂ ਕੈਨੇਡਾ ਜਾਂ ਅਮਰੀਕਾ ਜਾਣਾ ਹੈ, ਪੂਰੀ ਪੜ੍ਹਾਈ ਕਰ ਕੇ ਜਾਉ। ਜੇ ਟਰੱਕ ਚਲਾਉਣ ਲਈ ਜਾਣਾ ਹੈ ਤਾਂ ਪਹਿਲਾਂ ਛੋਟੀਆਂ ਗੱਡੀਆਂ ਦਾ ਲਾਇਸੈਂਸ ਲੈ ਕੇ ਤਜਰਬਾ ਵੀ ਲਵੋ। ਉਦਯੋਗ ਬਾਰੇ ਜਾਣੋ, ਉੱਥੋਂ ਦੇ ਸਿਸਟਮ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ। ਜੇਕਰ ਤੁਸੀਂ ਯੋਜਨਾਬੱਧ ਤਰੀਕੇ ਨਾਲ ਚਲੋਗੇ ਤਾਂ ਉੱਥੇ ਅਣਗਿਣਤ ਮੌਕੇ ਹਨ, ਪਰ ਕਾਨੂੰਨੀ ਰਾਹ ਅਪਣਾਉਣਾ ਸਭ ਤੋਂ ਜ਼ਰੂਰੀ ਹੈ।

***

## ਟਰੰਪ ਦੀ 'ਟਰੁਥ ਸੋਸ਼ਲ' ਪੋਸਟ ਨਾਲ

ਅਮਰੀਕੀ ਸੈਂਟਰਲ ਕਮਾਂਡ ਦੇ ਮੁਖੀ ਐਡਮਿਰਲ ਬ੍ਰੈਡ ਕੂਪਰ ਨੇ ਰਾਸ਼ਟਰਪਤੀ ਟਰੰਪ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਹੋਰਮੁਜ਼ ਦੇ ਆਸ-ਪਾਸ ਹਵਾਈ ਹਮਲੇ ਹੁਣ ਆਪਣੀ ਪ੍ਰਭਾਵਸ਼ੀਲਤਾ ਗੁਆ ਚੁੱਕੇ ਹਨ, ਕਿਉਂਕਿ ਨਿਸ਼ਾਨਾ ਬਣਾਏ ਗਏ ਲਗਭਗ ਸਾਰੇ ਸੈਨਿਕ ਅਤੇ ਬੰਦਰਗਾਹ ਬੁਨਿਆਦੀ ਢਾਂਚੇ ਪਹਿਲਾਂ ਹੀ ਤਬਾਹ ਹੋ ਚੁੱਕੇ ਹਨ। ਇਸ ਦੇ ਬਾਵਜੂਦ, ਇਹ ਸਮੁੰਦਰੀ ਰਸਤਾ ਆਮ ਵਪਾਰਕ ਜਹਾਜ਼ਾਂ ਲਈ ਪੂਰੀ ਤਰ੍ਹਾਂ ਬੰਦ ਪਿਆ ਹੈ। ਨਿਰਧਾਰਤ ਰਸਤਿਆਂ ਤੋਂ ਥੋੜ੍ਹਾ ਜਿਹਾ ਵੀ ਭਟਕਣ ਵਾਲੇ ਤੇਲ ਟੈਂਕਰਾਂ ਵਿੱਚ ਹੋ ਰਹੇ ਧਮਾਕੇ ਅਤੇ ਸਮੁੰਦਰੀ ਮਾਈਨਾਂ ਦਾ ਖ਼ਤਰਾ ਇਹ ਸਾਬਤ ਕਰਦਾ ਹੈ ਕਿ ਇਸ ਖੇਤਰ ਵਿੱਚ ਅਮਰੀਕੀ ਹਵਾਈ ਤਾਕਤ ਵੀ ਪੂਰਾ ਨਿਯੰਤਰਣ ਕਾਇਮ ਕਰਨ ਵਿੱਚ ਅਸਫ਼ਲ ਰਹੀ ਹੈ। ਇਰਾਨ ਇਸ ਰਸਤੇ ਤੋਂ ਲੰਘਣ ਵਾਲੇ ਜਹਾਜ਼ਾਂ 'ਤੇ ਸਰਵਿਸ ਫ਼ੀਸ (ਟੋਲ) ਵਸੂਲਣ ਦੀ ਆਪਣੀ ਜ਼ਿੱਦ 'ਤੇ ਅੜਿਆ ਹੋਇਆ ਹੈ ਅਤੇ ਅਮਰੀਕੀ ਨਿਯਮਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਰਿਹਾ ਹੈ, ਜਦਕਿ ਓਮਾਨ ਵਰਗੇ ਵਿਚੋਲੇ ਦੇਸ਼ ਬਿਨਾਂ ਟੋਲ ਦੇ ਨਿਗਰਾਨੀ ਵਾਲੇ ਇੱਕ ਸਾਂਝੇ ਤੰਤਰ ਦੀ ਪੇਸ਼ਕਸ਼ ਕਰਕੇ ਰਾਹ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਜੰਗ ਦਾ ਸਭ ਤੋਂ ਨਵਾਂ, ਅਣਕਿਆਸਿਆ ਅਤੇ ਚਿੰਤਾਜਨਕ ਮੋੜ ਕੈਸਪੀਅਨ ਸਾਗਰ ਵਿੱਚ ਇੱਕ ਇਰਾਨੀ ਜਹਾਜ਼ 'ਤੇ ਹੋਏ ਹਮਲੇ ਤੋਂ ਬਾਅਦ ਸਾਹਮਣੇ ਆਇਆ ਹੈ। ਇਸ ਦਾ ਦੋਸ਼ ਇਰਾਨ ਨੇ ਸਿੱਧੇ ਤੌਰ 'ਤੇ ਯੂਕ੍ਰੇਨ 'ਤੇ ਲਗਾਇਆ ਹੈ। ਕੈਸਪੀਅਨ ਸਾਗਰ ਵਿੱਚ ਯੂਕ੍ਰੇਨ ਦੀ ਇਹ ਐਂਟਰੀ ਕੋਈ ਸੰਜੋਗ ਨਹੀਂ ਹੈ, ਬਲਕਿ ਇੱਕ ਡੂੰਘੀ ਰਣਨੀਤੀ ਦਾ ਹਿੱਸਾ ਹੈ। ਇਰਾਨ ਲਗਾਤਾਰ ਰੂਸ ਨੂੰ ਯੂਕ੍ਰੇਨ ਜੰਗ ਵਿੱਚ ਵਰਤੇ ਜਾਣ ਵਾਲੇ 'ਸ਼ਾਹਿਦ' ਡਰੋਨ ਅਤੇ ਹੋਰ ਫ਼ੌਜੀ ਸਾਜ਼ੋ-ਸਾਮਾਨ ਦੀ ਸਪਲਾਈ ਕਰਦਾ ਰਿਹਾ ਹੈ। ਕੈਸਪੀਅਨ ਸਾਗਰ ਹੀ ਉਹ ਸੁਰੱਖਿਅਤ ਸਮੁੰਦਰੀ ਰਸਤਾ ਹੈ ਜਿੱਥੋਂ ਇਹ ਹਥਿਆਰ ਰੂਸ ਪਹੁੰਚਦੇ ਹਨ। ਯੂਕ੍ਰੇਨ ਵੱਲੋਂ ਇਸ ਰਸਤੇ ਨੂੰ ਨਿਸ਼ਾਨਾ ਬਣਾਉਣ ਨਾਲ ਮੱਧ-ਪੂਰਬੀ ਜੰਗ ਦਾ ਘੇਰਾ ਵਿਸ਼ਵ ਪੱਧਰ 'ਤੇ ਫ਼ੈਲ ਗਿਆ ਹੈ। ਹੁਣ ਇਹ ਸੰਘਰਸ਼ ਮਹਿਜ਼ ਅਮਰੀਕਾ-ਈਰਾਨ ਤੱਕ ਸੀਮਤ ਨਹੀਂ ਰਿਹਾ, ਬਲਕਿ ਇਸ ਵਿੱਚ ਰੂਸ, ਯੂਕ੍ਰੇਨ ਅਤੇ ਯੂਰਪੀਅਨ ਹਿੱਤ ਵੀ ਸਿੱਧੇ ਤੌਰ 'ਤੇ ਸ਼ਾਮਲ ਹੋ ਗਏ ਹਨ। ਕੈਸਪੀਅਨ ਵਰਗੇ ਸ਼ਾਂਤ ਖੇਤਰ ਵਿੱਚ ਨਵਾਂ ਫ਼ਰੰਟ ਖੁੱਲ੍ਹਣ ਨਾਲ ਇੱਕ ਬਹੁ-ਪੱਖ ਅਤੇ ਵਿਸ਼ਵ-ਵਿਆਪੀ ਸੰਘਰਸ਼ ਦਾ ਖ਼ਤਰਾ ਕਈ ਗੁਣਾ ਵਧ ਗਿਆ ਹੈ। ਇਸ ਭਿਆਨਕ ਹਥਿਆਰਬੰਦ ਤਣਾਅ ਅਤੇ ਤਬਾਹੀ ਦੇ ਵਿਚਕਾਰ, ਸ਼ਾਂਤੀ ਦੀ ਇੱਕ ਹਲਕੀ ਜਿਹੀ ਕਿਰਨ ਈਰਾਨ ਦੇ ਅੰਦਰੋਂ ਹੀ ਉੱਭਰਦੀ ਦਿਖਾਈ ਦੇ ਰਹੀ ਹੈ। ਇਰਾਨ ਦੇ ਸਾਬਕਾ ਸੰਸਦ ਮੈਂਬਰਾਂ ਦੀ ਸਭਾ ਦੇ ਜਨਰਲ ਸਕੱਤਰ ਯਾਦੁੱਲਾ ਇਸਲਾਮੀ ਨੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੂੰ ਇੱਕ ਸਾਹਸੀ ਸਲਾਹ ਦਿੰਦਿਆਂ ਅਪੀਲ ਕੀਤੀ ਹੈ ਕਿ ਉਹ ਰਸਮੀ ਪ੍ਰੋਟੋਕੋਲ ਅਤੇ ਕੱਟੜਪੰਥੀ ਦਬਾਅ ਨੂੰ ਛੱਡ ਕੇ ਵਾਸ਼ਿੰਗਟਨ ਨਾਲ ਸਿੱਧੀ ਗੱਲਬਾਤ ਦਾ ਰਸਤਾ ਅਪਣਾਉਣ। ਉਨ੍ਹਾਂ ਦਾ ਮੰਨਣਾ ਹੈ ਕਿ ਮਹਿਜ਼ ਫ਼ੌਜੀ ਜ਼ੋਰ-ਅਜ਼ਮਾਈ ਨਾਲ ਇਸ ਵਿਵਾਦ ਨੂੰ ਨਹੀਂ ਸੁਲਝਾਇਆ ਜਾ ਸਕਦਾ, ਬਲਕਿ ਅਮਰੀਕਾ ਨਾਲ ਸਿੱਧਾ ਸੰਵਾਦ ਹੀ ਈਰਾਨ ਨੂੰ ਆਰਥਿਕ ਅਤੇ ਫ਼ੌਜੀ ਤਬਾਹੀ ਤੋਂ ਬਚਾ ਸਕਦਾ ਹੈ। ਸੈਂਟਕਾਮ ਦੀ ਰਿਪੋਰਟ ਵੀ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਫ਼ੌਜੀ ਕਾਰਵਾਈਆਂ ਦੀ ਵੀ ਇੱਕ ਸੀਮਾ ਹੁੰਦੀ ਹੈ ਅਤੇ ਕੇਵਲ ਬੰਬਾਰੀ ਨਾਲ ਕਿਸੇ ਦੇਸ਼ ਨੂੰ ਸਮਝੌਤੇ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ।

ਅੰਤ ਵਿੱਚ, ਇਹ ਸਪੱਸ਼ਟ ਹੈ ਕਿ ਮੱਧ-ਪੂਰਬ ਵਿੱਚ ਅਮਨ-ਸ਼ਾਂਤੀ ਬਹਾਲ ਕਰਨ ਲਈ ਏ.ਆਈ. ਦੁਆਰਾ ਤਿਆਰ ਕੀਤੇ ਗਏ 'ਸੋਸ਼ਲ ਮੀਡੀਆ ਦਾਅਵਿਆਂ' ਜਾਂ ਹਥਿਆਰਾਂ ਦੀ ਸ਼ੇਖ਼ੀਬਾਜ਼ੀ ਦੀ ਨਹੀਂ, ਬਲਕਿ ਇੱਕ ਅਤਿ-ਗੰਭੀਰ ਅਤੇ ਇਮਾਨਦਾਰ ਕੂਟਨੀਤੀ ਦੀ ਲੋੜ ਹੈ। ਅਮਰੀਕਾ ਅਤੇ ਇਰਾਨ ਦੋਵਾਂ ਦੇਸ਼ਾਂ ਨੂੰ ਇਹ ਸਮਝਣਾ ਹੋਵੇਗਾ ਕਿ ਜ਼ਿੱਦ ਅਤੇ ਤਾਕਤ ਦਾ ਵਿਖਾਵਾ ਪੂਰੀ ਦੁਨੀਆ ਨੂੰ ਇੱਕ ਅਜਿਹੀ ਆਰਥਿਕ ਮੰਦੀ ਅਤੇ ਊਰਜਾ ਸੰਕਟ ਵੱਲ ਧੱਕ ਰਿਹਾ ਹੈ, ਜਿਸ ਦਾ ਖਾਮਿਆਜ਼ਾ ਆਮ ਜਨਤਾ ਨੂੰ ਭੁਗਤਣਾ ਪਵੇਗਾ। ਜੇਕਰ ਦੋਵੇਂ ਦੇਸ਼ ਓਮਾਨ ਵਰਗੇ ਖੇਤਰੀ ਵਿਚੋਲਿਆਂ ਦੀ ਮਦਦ ਨਾਲ ਪਰਮਾਣੂ ਪ੍ਰੋਗਰਾਮ ਅਤੇ ਹੋਰਮੁਜ਼ ਦੀ ਸਮੁੰਦਰੀ ਸੁਰੱਖਿਆ ਵਰਗੇ ਅਹਿਮ ਮੁੱਦਿਆਂ 'ਤੇ ਤੁਰੰਤ ਮੇਜ਼ 'ਤੇ ਬੈਠ ਕੇ ਗੱਲਬਾਤ ਸ਼ੁਰੂ ਨਹੀਂ ਕਰਦੇ, ਤਾਂ ਇਹ ਅਸਥਾਈ ਠੱਲ੍ਹ ਬਹੁਤ ਜਲਦ ਇੱਕ ਅਜਿਹੀ ਤਬਾਹਕੁੰਨ ਵਿਸ਼ਵ ਜੰਗ ਦਾ ਰੂਪ ਧਾਰਨ ਕਰ ਲਵੇਗੀ। ਫ਼ਿਰ ਇਸ ਤੋਂ ਉੱਭਰਨਾ ਮਾਨਵਤਾ ਲਈ ਅਸੰਭਵ ਹੋ ਜਾਵੇਗਾ।

## ਪੰਜਾਬੀ ਸੱਭਿਆਚਾਰ 'ਚ ਬਹੁਤ ਮਹੱਤਵ

ਚਰਖਾ ਨਿਰਾਪੁਰਾ ਸੂਤ ਕੱਤਣ ਦੀ ਇੱਕ ਮਸ਼ੀਨ ਹੀ ਨਹੀਂ ਹੈ, ਪੰਜਾਬੀ ਔਰਤ ਨੇ ਆਪਣੀ ਸੁਚੱਜੀ ਕਿਰਤ ਨਾਲ ਇਸ ਦੀ ਵਰਤੋਂ ਦੀ ਕਿਰਿਆ ਵਿੱਚ 'ਸ਼ਿੰਗਾਰ ਰਸ' ਘੋਲ ਦਿੱਤਾ ਹੈ। ਚਰਖੇ ਦੀ ਕਿਰਤ ਕਲਾ ਵਿੱਚੋਂ ਹਜ਼ਾਰਾਂ ਲੋਕ ਬੋਲੀਆਂ ਪੈਦਾ ਹੋਈਆਂ ਹਨ। ਦੇਖੋ ਇੱਕ ਖ਼ੂਬਸੂਰਤ ਲੋਕ ਬੋਲੀ;

ਬੱਲੇ-ਬੱਲੇ ਬਈ ਲੋਕਾਂ ਭਾਵੇਂ ਮੋਰ ਬੋਲਦੇ
ਚੀਕੇ ਚਰਖਾ ਬਿਸ਼ਨੀਏ ਤੇਰਾ

ਚਰਖੇ ਨੂੰ ਅਦਭੁੱਤ ਰੂਪ ਦਿੰਦੀ ਹੋਈ ਪੰਜਾਬੀ ਔਰਤ ਕਹਿੰਦੀ ਹੈ;

ਚਰਖਾ ਮੇਰਾ ਰੰਗ ਰੰਗੀਲਾ, ਵਿੱਚ ਸੋਨੇ ਦੀਆਂ ਮੇਖਾਂ
ਮਾਂ ਮੇਰੀ ਦੀਆਂ ਯਾਦਾਂ ਆਵਣ, ਜਦ ਚਰਖੇ ਵੱਲ ਦੇਖਾਂ

***

ਮਾਂ ਮੇਰੀ ਨੇ ਚਰਖਾ ਦਿੱਤਾ, ਪੀੜ੍ਹੀ ਲਿਆਦੇ ਤੂੰ
ਵੇ ਸਾਰੀ ਰਾਤ ਕੱਤਿਆ ਕਰੂੰ, ਕੱਤਿਆ ਕਰੂੰ ਤੇਰੀ ਰੂੰ।

ਚਰਖੇ ਦੀ ਸਮੁੱਚੀ ਵਿਧਾ ਵਿੱਚ ਤ੍ਰਿੰਝਣ ਇਸ ਦਾ ਅਜਿਹਾ ਮਹੱਤਵਪੂਰਨ ਅੰਗ ਹੈ, ਜਿਸਨੇ ਚਰਖੇ ਦੀ ਸੰਪੂਰਨ ਵਿਧਾ ਨੂੰ ਰਸਮਈ ਬਣਾ ਦਿੱਤਾ ਹੈ। ਖੁੱਲ੍ਹੇ ਵਿਹੜੇ ਵਿੱਚ ਜਾਂ ਗਲੀ ਵਿੱਚ ਔਰਤਾਂ ਇਕੱਠੀਆਂ ਹੋ ਕੇ ਚਰਖਾ ਕੱਤਦੀਆਂ ਹਨ, ਨਾਲੇ ਲੋਕ ਬੋਲੀਆਂ ਰਾਹੀਂ ਲੋਕ ਸਾਹਿਤ ਦੀ ਸਿਰਜਣਾ ਕਰਦੀਆਂ ਹਨ। ਤ੍ਰਿੰਝਣ ਦੇ ਝਲਕਾਰੇ ਦੀ ਇੱਕ ਬੋਲੀ ਦੇਖੋ;

ਬੱਲੇ-ਬੱਲੇ ਬਈ ਚਾਅ ਨੀਂ ਤ੍ਰਿੰਝਣਾਂ ਦਾ
ਹੱਥੀਂ ਪੂਣੀਆਂ ਢਾਕ 'ਤੇ ਚਰਖਾ
ਚਾਅ ਨੀਂ ਤ੍ਰਿੰਝਣਾਂ ਦਾ...

'ਸ਼ਿੰਗਾਰ ਰਸ' ਭਰੀ ਤ੍ਰਿੰਝਣ ਨੂੰ ਪ੍ਰਗਟਾਉਂਦੀ ਇੱਕ ਹੋਰ ਲੋਕ ਬੋਲੀ ਇੰਝ ਹੈ;

ਵਿੱਚ ਤ੍ਰਿੰਝਣ ਹੋਈਆਂ 'ਕੱਠੀਆਂ
ਨੰਦ ਕੁਰ ਤੇ ਹਰਨਾਮੀ।
ਬਈ ਬਿਸ਼ਨੀ ਨਾਰ ਦਾ ਚਰਖਾ ਸੋਹਣਾ
ਕਰਦੇ ਭੌਰ ਗੁਲਾਮੀ।
ਬਈ ਬੰਤੋ ਕੁੜੀ ਨੇ ਗੁੰਦੀਆਂ ਮੀਢੀਆਂ
ਬਹਿ ਗਈ ਪੀੜ੍ਹਾਂ ਡਾਹ ਕੇ
ਨੱਚ ਸੁਰਜੀਤ ਕੁਰੇ, ਝਾਂਜਰ ਨੂੰ ਛਣਕਾ ਕੇ।

ਇੱਕ ਹਜ਼ਾਰ ਸਾਲ ਤੱਕ ਹਮਲਾਵਰਾਂ ਵੱਲੋਂ ਲਿਤਾੜੇ ਪੰਜਾਬ ਵਿੱਚ ਔਰਤਾਂ ਨੇ ਆਪਣੀ ਹਿੰਮਤ ਨਹੀਂ ਹਾਰੀ। ਉਹ ਲੁੱਟੇ ਗਏ ਅਤੇ ਉੱਜੜੇ ਘਰਾਂ ਨੂੰ ਕੱਚੀ ਮਿੱਟੀ ਨਾਲ ਲਿੱਪ ਕੇ ਫਿਰ ਨਿਖਾਰ ਲੈਂਦੀਆਂ ਸਨ। ਚੁੱਲ੍ਹੇ-ਚੌਂਕਿਆਂ, ਦਰਵਾਜ਼ਿਆਂ ਉੱਪਰ ਕੁਦਰਤ ਦੇ ਚਿੰਨ੍ਹਾਂ ਨੂੰ ਦਰਸਾਉਂਦੀ ਚਿੱਤਰਕਾਰੀ ਕਰਕੇ ਕੱਚੇ ਘਰਾਂ ਵਿੱਚ 'ਸ਼ਿੰਗਾਰ ਰਸ' ਭਰ ਦਿੰਦੀ ਸੀ।

ਸਮੁੱਚਾ ਪੰਜਾਬੀ ਸੱਭਿਆਚਾਰ 'ਸ਼ਿੰਗਾਰ ਰਸ' ਦੀ ਚਾਸ਼ਨੀ ਵਿੱਚ ਘੁਲਿਆ ਹੈ। ਪੰਜਾਬੀ ਜਨ ਮਾਨਸ ਦੇ ਮਨਾਂ ਦੇ ਵਲਵਲਿਆਂ ਨੂੰ ਜਦੋਂ ਲੋਕ ਬੋਲੀਆਂ ਰਾਹੀਂ, ਗਾਇਕੀ ਰਾਹੀਂ, ਚਿੱਤਰਕਲਾ ਰਾਹੀਂ ਜਾਂ ਕਿਰਤ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ ਤਾਂ 'ਸ਼ਿੰਗਾਰ ਰਸ' ਉਮੜ-ਉਮੜ ਪੈਂਦਾ ਹੈ। 'ਸ਼ਿੰਗਾਰ ਰਸ' ਮਨੁੱਖੀ ਆਨੰਦ ਅਤੇ ਮਨ ਦੀ ਤ੍ਰਿਪਤੀ ਦਾ ਅਦਭੁੱਤ ਸਰੋਤ ਹੈ।

***

## ਚੜ੍ਹਿਆ ਸਾਵਣ ਮਹੀਨਾ...

ਕਈ ਗੀਤ ਤਾਂ ਲੋਕ ਗੀਤਾਂ ਦਾ ਰੂਪ ਧਾਰਨ ਕਰ ਗਏ ਹਨ। ਜਿਵੇਂ ਬਾਬਾ ਬੁੱਲ੍ਹੇ ਸ਼ਾਹ ਆਪਣੇ ਬਾਰਾਂ ਮਾਹ ਵਿੱਚ ਦੇਸੀ ਬਾਰਾਂ ਮਹੀਨਿਆਂ ਦਾ ਬਾਖ਼ੂਬੀ ਜ਼ਿਕਰ ਕਰਦੇ ਹਨ। ਸਾਉਣ ਮਹੀਨੇ ਬਾਰੇ ਵੀ ਉਹ ਆਪਣੇ ਜਜ਼ਬਾਤ ਪ੍ਰਗਟ ਕਰਦੇ ਲਿਖਦੇ ਹਨ;

ਸਾਵਣ ਸੋਹੇ ਮੇਘਲਾ ਘਟ ਸੋਹੇ ਕਰਤਾਰ
ਠੋਰ ਠੋਰ ਅਨਾਇਤ ਬਸੇ ਪਪੀਹਾ ਕਰੇ ਪੁਕਾਰ
ਸੋਹਣ ਮਲਿਹਾਰਾਂ ਸਾਰੇ ਸਾਵਣ
ਦੂਤੀ ਦੁੱਖ ਲੱਗੇ ਉੱਠ ਜਾਵਣ
ਨੀਂਗਰ ਖੇਡਣ ਕੁੜੀਆਂ ਗਾਵਣ
ਮੈਂ ਘਰ ਰੰਗ ਰੰਗੀਲੇ ਆਵਣ
ਆਸਾਂ ਪੁੰਨੀਆਂ
ਮੇਰੀਆਂ ਆਸਾਂ ਰੱਬ ਪੁਚਾਈਆਂ
ਮੈਂ ਤਾਂ ਉੱਠ ਸੰਗ ਅੱਖੀਆਂ ਲਾਈਆਂ
ਸਈਆਂ ਦੇਣ ਮੁਬਾਰਕ ਆਈਆਂ
ਸ਼ਾਹ ਅਨਾਇਤ ਆਖਾਂ ਸਾਈਆਂ
ਆਸਾਂ ਪੁੰਨੀਆਂ

ਭਾਈ ਵੀਰ ਸਿੰਘ ਆਪਣੀ 'ਕੰਤ ਮਹੇਲੀ ਬਾਰਾਂ ਮਾਹ' ਨਾਂਅ ਦੀ ਕਿਤਾਬ ਵਿੱਚ 'ਸਾਵਣ' ਕਵਿਤਾ ਰਾਹੀਂ ਸੰਬੋਧਨ ਹੁੰਦਿਆਂ ਲਿਖਦੇ ਹਨ;

ਚੜ੍ਹਿਆ ਸਾਵਣ ਮਹੀਨਾ
ਸਹੀਆਂ ਪੀਘਾਂ ਨੇ ਪਾਈਆਂ।
ਸੂਲਾਂ ਵੱਜਣ ਕਲੇਜੇ
ਝਿੱਕੀ ਮੰਜੀ ਤੇ ਪਈਆਂ।
ਸਹੀਆਂ ਟੁੰਬਦੀਆਂ ਆ ਜਾ
'ਉੱਠ ਨੀ ਸਾਂਵੇਂ' ਨੀਂ ਆਏ
ਅਨੀਓ! ਮਾਹੀ ਵਿਹੂਣੀ
ਦੁੱਖਾਂ ਮਾਰ ਮੁਕਈਆਂ।
ਟੁਰ ਗਿਆ ਦੇਸ ਬਿਦੇਸੀਂ
ਛਡ ਕੇ ਹਾਇ ਇਕੱਲੀ
ਰੋ ਰੋ ਹੋਈ ਹਾਂ ਝੱਲੀ
ਜੀਉਂਦੀ ਕਾਹਨੂੰ ਹਾਂ ਰਹੀਆਂ।

***

## ਬੱਚਿਆਂ ਨੂੰ ਦਿਓ ਨੈਤਿਕਤਾ ਦੀ ਸਿੱਖਿਆ

ਸਕੂਲਾਂ ਵਿੱਚ ਨੈਤਿਕ ਸਿੱਖਿਆ ਦੇ ਮੁਕਾਬਲੇ ਮਹਿੰਗੀ ਅਤੇ ਵਿਖਾਵੇ ਦੀ ਮੁਕਾਬਲੇਬਾਜ਼ੀ ਦੀ ਸਿੱਖਿਆ 'ਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ। ਇਸ ਨਾਲ ਦੋ-ਚਾਰ ਬੱਚਿਆਂ ਵਿੱਚ ਉਤਸ਼ਾਹ ਤਾਂ ਆ ਜਾਂਦਾ ਹੈ, ਪਰ ਬਾਕੀ ਬੱਚਿਆਂ ਵਿੱਚ ਹੀਣ ਭਾਵਨਾ ਅਤੇ ਮਾਨਸਿਕ ਤਣਾਅ ਵਧਦਾ ਹੈ ਜਿਸ ਨਾਲ ਬੱਚਿਆਂ ਵਿੱਚ ਚਿੜਚਿੜਾਪਣ ਅਤੇ ਹਿੰਸਕ ਪ੍ਰਵਿਰਤੀਆਂ ਉਤਪੰਨ ਹੁੰਦੀਆਂ ਹਨ।

ਬੱਚਿਆਂ ਵਿੱਚ ਵਧ ਰਹੀ ਅਨੈਤਿਕਤਾ ਉੱਤੇ ਸਾਡੇ ਸਮਾਜ ਦਾ ਵੀ ਪ੍ਰਭਾਵ ਪੈਂਦਾ ਹੈ। ਸਾਡੇ ਸਮਾਜ ਦਾ ਚਿਹਰਾ ਵੀ ਦਿਨੋ ਦਿਨ ਕਰੂਪ ਹੋ ਰਿਹਾ ਹੈ। ਪਹਿਲਾਂ ਕਿਤੇ ਕਦੇ ਕਦਾਈਂ ਕੋਈ ਹਿੰਸਕ ਘਟਨਾ ਹੁੰਦੀ ਸੀ ਤਾਂ ਬਹੁਤੇ ਸਾਧਨ ਨਾ ਹੋਣ ਕਰਕੇ ਬੱਚਿਆਂ ਤੱਕ ਇਹੋ ਜਿਹੀਆਂ ਗੱਲਾਂ ਪਹੁੰਚਦੀਆਂ ਹੀ ਨਹੀਂ ਸਨ। ਬੱਚਿਆਂ ਦੇ ਦਿਮਾਗ਼ ਵਿੱਚ ਸਮਾਜ ਦੀ ਸਾਫ਼ ਸੁਥਰੀ ਤਸਵੀਰ ਹੀ ਹੁੰਦੀ ਸੀ। ਅੱਜ ਸਾਡੇ ਸਮਾਜ ਵਿੱਚ ਨਿੱਤ ਦਿਹਾੜੇ ਅਗਵਾ, ਬਲਾਤਕਾਰ, ਕਤਲੋਗਾਰਦ, ਲੁੱਟਾਂ ਖੋਹਾਂ ਆਦਿਕ ਦੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਉਨ੍ਹਾਂ ਨੂੰ ਸਾਡਾ ਮੀਡੀਆ ਤੰਤਰ ਐਨੀ ਕੁ ਵਾਰ ਦਿਖਾਉਂਦਾ ਹੈ ਕਿ ਉਹ ਗੱਲਾਂ ਬੱਚਿਆਂ ਦੇ ਦਿਮਾਗ਼ ਵਿੱਚ ਘਰ ਕਰ ਜਾਂਦੀਆਂ ਹਨ ਤੇ ਉਨ੍ਹਾਂ ਦੀ ਮਾਨਸਿਕ ਸਥਿਤੀ 'ਤੇ ਦੁਰਪ੍ਰਭਾਵ ਪਾਉਂਦੀਆਂਹਨ। ਕਈ ਬੱਚੇ ਉਨ੍ਹਾਂ ਮਾੜੇ ਕਾਰਨਾਮਿਆਂ ਦੇ ਨਕਸ਼ੇ ਕਦਮ 'ਤੇ ਤੁਰਨਾ ਸ਼ੁਰੂ ਕਰ ਦਿੰਦੇ ਹਨ। ਬੱਚਿਆਂ ਵਿੱਚ ਅਨੈਤਿਕਤਾ ਪੈਦਾ ਕਰਨ ਲਈ ਸਾਡਾ ਸਮਾਜ ਤੇ ਮੀਡੀਆ ਤੰਤਰ ਵੀ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ।

ਬੱਚਿਆਂ ਵਿੱਚ ਵਧ ਰਹੀ ਅਨੈਤਿਕਤਾ ਉੱਤੇ ਕਾਬੂ ਪਾਉਣ ਲਈ ਘਰ ਅਤੇ ਸਕੂਲ ਵਿੱਚ ਨੈਤਿਕ ਸਿੱਖਿਆ ਨੂੰ ਪਹਿਲ ਦੇ ਆਧਾਰ 'ਤੇ ਮਹੱਤਵ ਦੇਣਾ ਪਵੇਗਾ। ਮਾਪਿਆਂ ਅਤੇ ਅਧਿਆਪਕਾਂ ਨੂੰ ਤਾਨਾਸ਼ਾਹੀ ਰਵੱਈਆ ਤਿਆਗ ਕੇ ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਜੋ ਬੱਚੇ ਆਪਣੇ ਮਨ ਦੀ ਗੱਲ ਖੁੱਲ੍ਹ ਕੇ ਕਰ ਸਕਣ। ਮਾਪਿਆਂ ਨੂੰ ਬੱਚਿਆਂ ਨਾਲ ਕੁਝ ਸਮਾਂ ਸ਼ਾਂਤ ਮਾਹੌਲ ਵਿੱਚ ਬਿਤਾਉਣਾ ਚਾਹੀਦਾ ਹੈ ਤਾਂ ਜੋ ਰਲ਼ ਮਿਲ਼ ਕੇ ਹੱਸਿਆ ਖੇਡਿਆ ਜਾਵੇ ਅਤੇ ਆਪਣੇ ਦਿਲ ਦੀਆਂ ਸਾਝਾਂ ਪਾ ਕੇ ਪਿਆਰ ਭਰਿਆ ਮਾਹੌਲ ਸਿਰਜਿਆ ਜਾਵੇ। ਬੱਚਿਆਂ ਸਾਹਮਣੇ ਆਪਣੇ ਵੱਡਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕੀਤੀ ਜਾਣੀ ਚਾਹੀਦੀ ਹੈ। ਮਾਪਿਆਂ ਵੱਲੋਂ ਬੱਚਿਆਂ ਵਿੱਚ ਮੋਬਾਈਲ ਅਤੇ ਇੰਟਰਨੈੱਟ ਦੀ ਸੰਤੁਲਿਤ ਵਰਤੋਂ ਯਕੀਨੀ ਬਣਾਉਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਵੱਲੋਂ ਖੇਡਾਂ, ਸਾਹਿਤਕ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਬੱਚਿਆਂ ਦੀ ਭਾਗੀਦਾਰੀ ਵਧਾਉਣੀ ਚਾਹੀਦੀ ਹੈ ਤਾਂ ਜੋ ਬੱਚਿਆਂ ਦਾ ਧਿਆਨ ਬੁਰੇ ਪਾਸੇ ਨਾ ਜਾਵੇ। ਅਧਿਆਪਕਾਂ, ਮਾਪਿਆਂ ਅਤੇ ਸਮਾਜ ਨੂੰ ਮਿਲ ਕੇ ਬੱਚਿਆਂ ਲਈ ਚੰਗਾ ਮਾਹੌਲ ਤਿਆਰ ਕਰਨਾ ਚਾਹੀਦਾ ਹੈ। ਕਦੇ ਨਾ ਭੁੱਲੋ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਵਿੱਚ ਇਮਾਨਦਾਰੀ, ਅਨੁਸ਼ਾਸਨ, ਦਇਆ ਅਤੇ ਜ਼ਿੰਮੇਵਾਰੀ ਵਰਗੇ ਨੈਤਿਕ ਗੁਣ ਪੈਦਾ ਕਰਨਾ ਪਰਿਵਾਰ, ਸਕੂਲ ਅਤੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਸਹੀ ਮਾਰਗਦਰਸ਼ਨ ਅਤੇ ਚੰਗੇ ਸੰਸਕਾਰਾਂ ਨਾਲ ਅਸੀਂ ਇੱਕ ਨੈਤਿਕ, ਜ਼ਿੰਮੇਵਾਰ ਅਤੇ ਸੰਵੇਦਨਸ਼ੀਲ ਪੀੜ੍ਹੀ ਦਾ ਨਿਰਮਾਣ ਕਰ ਸਕਦੇ ਹਾਂ ਤੇ ਬੱਚਿਆਂ ਵਿੱਚ ਵਧਦੀ ਹੋਈ ਅਨੈਤਿਕਤਾ 'ਤੇ ਰੋਕ ਲਗਾ ਸਕਦੇ ਹਾਂ।

***

## ਸੀ.ਜੇ.ਪੀ. ਅੰਦੋਲਨ ਨੂੰ ਨਜ਼ਰਅੰਦਾਜ਼ ਕਰਨਾ

ਸੀ.ਪੀ.ਆਈ.-ਐਮ ਦੀ ਬ੍ਰਿੰਦਾ ਕਰਾਤ ਨੇ ਕਿਹਾ ਹੈ ਕਿ ਸੋਨਮ ਵਾਂਗਚੁਕ ਨਾਲ ਜੋ ਹੋਇਆ ਉਹ ਲੋਕਤੰਤਰੀ ਤੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਕੁਚਲਣ ਵਾਂਗ ਹੈ, ਇਹ ਸਿੱਧੇ ਤੌਰ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ਼ਾਰੇ 'ਤੇ ਕੀਤਾ ਗਿਆ ਹੈ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਹੈ ਕਿ ਦਮਨਕਾਰੀ ਭਾਜਪਾ ਸਰਕਾਰ ਦੀ ਇਸ ਬੇਇਨਸਾਫ਼ੀ ਵਾਲੀ ਕਾਰਵਾਈ ਨੇ ਸਾਡੇ ਦੇਸ਼ ਦੇ ਮਾਨਵਤਾਵਾਦੀ ਤੇ ਲੋਕਤੰਤਰੀ ਅਕਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਬੁਰੀ ਤਰ੍ਹਾਂ ਵਿਗਾੜ ਦਿੱਤਾ ਹੈ... ਭਾਜਪਾ ਦੀ ਵਿਚਾਰਧਾਰਾ ਵੰਡਣ ਵਾਲੀ ਹੈ; ਇਸ ਲਈ ਜਿੱਥੇ ਵੀ ਏਕਤਾ, ਸਦਭਾਵਨਾ ਤੇ ਏਕਤਾ ਦੀ ਗੱਲ ਹੋਵੇ, ਉੱਥੇ ਭਾਜਪਾ ਡਰ ਦੇ ਮਾਰੇ ਵਿਰੋਧੀ ਰਵੱਈਆ ਅਪਣਾਉਂਦਿਆਂ ਅੰਦੋਲਨਾਂ ਨੂੰ ਖਿੰਡਾਉਂਦੀ ਹੈ। ਪਰ ਭਾਜਪਾ ਇਹ ਭੁੱਲ ਗਈ ਹੈ ਕਿ ਅੱਜ ਦੀ ਨਵੀਂ ਪੀੜ੍ਹੀ 'ਡਿਜੀਟਲ ਏਕਤਾ' ਰਾਹੀਂ ਵਿਚਾਰਧਾਰਕ ਕ੍ਰਾਂਤੀ ਲਿਆਉਣ ਦੇ ਸਮਰੱਥ ਹੈ। ਆਪ ਮੁਖੀ ਅਰਵਿੰਦ ਕੇਜਰੀਵਾਲ ਦਾ ਕਹਿਣਾ ਹੈ ਕਿ ਸਰਕਾਰ ਦਾ ਇਹ ਹੰਕਾਰ ਗਲਤ ਹੈ। 'ਕਾਕਰੋਚ ਅੰਦੋਲਨ' ਨੂੰ ਕੁਚਲਣ ਦੀ ਬਜਾਏ, ਦੇਸ਼ ਦੀ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਕਰੋ। ਵਿਰੋਧੀ ਧਿਰ ਨੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਰਾਹੀਂ ਮੁੱਦੇ ਦਾ ਹੱਲ ਕਰਨ ਤੋਂ ਬਚਣ ਦੀ ਨਿੰਦਾ ਕੀਤੀ ਹੈ। ਸੰਸਦ ਦੇ ਮੌਨਸੂਨ ਇਜਲਾਸ ਦੌਰਾਨ ਇਸ ਮੁੱਦੇ 'ਤੇ ਹੰਗਾਮਾ ਹੋਣ ਦੀ ਪੂਰੀ ਸੰਭਾਵਨਾ ਹੈ ਤੇ ਬਾਹਰ ਵੀ ਵਿਰੋਧ ਪ੍ਰਦਰਸ਼ਨ ਤੇਜ਼ ਹੋ ਸਕਦੇ ਹਨ।

***

## ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ

ਪੰਜਾਬ ਦੇ ਪੇਂਡੂ ਵਿਕਾਸ ਫ਼ੰਡ ਨੂੰ ਰੋਕਣਾ, ਬੀ.ਐੱਸ.ਐੱਫ਼. ਦਾ ਅਧਿਕਾਰ ਖੇਤਰ ਸਰਹੱਦ ਤੋਂ 50 ਕਿਲੋਮੀਟਰ ਤੱਕ ਵਧਾ ਕੇ ਸੂਬੇ ਦੀ ਕਾਨੂੰਨ ਵਿਵਸਥਾ ਵਿੱਚ ਦਖ਼ਲ ਦੇਣਾ, ਅਤੇ ਪੰਜਾਬ ਦੇ ਕੋਲੇ ਦੇ ਕੋਟੇ 'ਤੇ ਸ਼ਰਤਾਂ ਲਾਉਣੀਆਂ-ਇਹ ਸਭ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬ ਨੂੰ ਆਰਥਿਕ ਤੌਰ 'ਤੇ ਕੰਗਾਲ ਕਰਕੇ ਗੋਡਿਆਂ ਭਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬੀ ਹਮੇਸ਼ਾ ਦੇਸ਼ ਦੇ ਅੰਨਦਾਤਾ ਰਹੇ ਹਨ, ਪਰ ਅੱਜ ਉਨ੍ਹਾਂ ਨੂੰ ਆਪਣੀ ਹੀ ਫ਼ਸਲ ਦੀ ਕੀਮਤ ਮੰਗਣ ਲਈ ਦਿੱਲੀ ਦੀਆਂ ਸਰਹੱਦਾਂ 'ਤੇ ਕੀਲੀਆਂ ਵਾਲੀਆਂ ਤਾਰਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਆਸੀ ਪਾਰਟੀਆਂ ਇਹਨਾਂ ਗੰਭੀਰ ਮਸਲਿਆਂ 'ਤੇ ਲੜਨ ਦੀ ਬਜਾਏ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਵਿੱਚ ਮਸਰੂਫ਼ ਹਨ, ਜਿਸ ਕਾਰਨ ਆਮ ਪੰਜਾਬੀ ਖ਼ੁਦ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ।

ਕੀ ਪੰਜਾਬੀ ਆਪਣੀ ਜਨਸੰਖਿਆ ਦੇ ਸਰੂਪਾਂ ਨੂੰ ਧਰਮ ਅਤੇ ਜਾਤ ਦੀ ਵੰਡ ਦੇ ਕੋਝੇ ਪੇਚੇ ਪਾ ਕੇ ਆਪਣੇ ਉਸ ਸ਼ਾਨਦਾਰ ਇਤਿਹਾਸ ਨੂੰ ਖ਼ਰਾਬ ਕਰ ਲੈਣਗੇ, ਜਿਹੜੀ ਉਨ੍ਹਾਂ ਨੇ ਲੰਮੇ ਸੰਘਰਸ਼ਾਂ ਵਿੱਚੋਂ ਸਾਂਝੀਵਾਲਤਾ ਦੇ ਸੰਦੇਸ਼ ਰਾਹੀਂ ਪ੍ਰਾਪਤ ਕੀਤੀ ਹੈ? ਕੀ ਪੰਜਾਬ ਵਿੱਚ ਹਿੰਦੂ-ਸਿੱਖ ਦੀ ਵੰਡ ਅਤੇ ਧਰੁਵੀਕਰਨ ਪੰਜਾਬ ਦੇ ਹਿਤ ਵਿੱਚ ਹੈ? ਬਿਲਕੁਲ ਨਹੀਂ। ਜਿਸ ਪੋਲਰਾਈਜ਼ੇਸ਼ਨ ਵਾਸਤੇ ਕੇਂਦਰੀ ਅਤੇ ਸਥਾਨਕ ਸਿਆਸੀ ਧਿਰਾਂ ਆਪਣਾ ਪੂਰਾ ਤਾਣ ਲਾ ਰਹੀਆਂ ਹਨ, ਜੇਕਰ ਉਹ ਕਾਮਯਾਬ ਹੋ ਗਈਆਂ, ਤਾਂ ਇਹ ਪੰਜਾਬੀ ਦੀ ਸੂਝਵਾਨ ਸੋਚ ਉੱਤੇ ਇੱਕ ਵੱਡਾ ਕਲੰਕ ਹੋਵੇਗਾ। ਇਹ ਵੰਡ ਪੰਜਾਬੀ ਸੱਭਿਆਚਾਰ, ਪੰਜਾਬੀਅਤ ਦੀ ਰੂਹ ਅਤੇ ਪੰਜਾਬ ਦੇ ਹਿਤਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦੇਵੇਗੀ।

ਹੁਣ ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਬੇਹੱਦ ਦਿਲਚਸਪ ਅਤੇ ਅਹਿਮ ਹੋਵੇਗਾ ਕਿ ਕੀ ਪੰਜਾਬੀ ਆਪਣੇ ਨਿਡਰ ਸਰੂਪ, ਜਾਗਰੂਕ ਜ਼ਮੀਰ ਅਤੇ ਦੂਰਅੰਦੇਸ਼ੀ ਸੋਚ ਨੂੰ ਕਾਇਮ ਰੱਖਦੇ ਹਨ? ਕੀ ਉਹ ਪੰਜਾਬ ਦੇ ਹੱਕਾਂ, ਵੱਧ ਸੂਬਾਈ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ, ਮਨੁੱਖੀ ਅਧਿਕਾਰਾਂ ਦੇ ਸੱਚੇ ਪਹਿਰੇਦਾਰਾਂ, ਸਾਂਝੀਵਾਲਤਾ ਦੇ ਹਿਤੈਸ਼ੀਆਂ ਅਤੇ ਪੰਜਾਬ ਦੇ ਅਸਲ ਮਸਲਿਆਂ ਦਾ ਹੱਲ ਕਰਨ ਵਾਲਿਆਂ ਦਾ ਸਾਥ ਦਿੰਦੇ ਹਨ? ਜਾਂ ਫ਼ਿਰ ਉਹ ਕਾਰਪੋਰੇਟਾਂ ਦੇ ਉਹਨਾਂ ਸੌਦਾਗਰਾਂ ਅਤੇ ਵੱਡੇ-ਵੱਡੇ ਦਿਖਾਵਟੀ ਵਿਕਾਸ ਕਾਰਜਾਂ ਦੇ ਝੂਠੇ ਜਾਲ ਵਿੱਚ ਫ਼ਸਦੇ ਹਨ, ਜਿਹੜੇ ਦੇਸ਼ ਦੇ ਜਮਹੂਰੀ ਸੰਵਿਧਾਨ ਨੂੰ ਬਦਲ ਕੇ ਇਸ ਦਾ ਚਿਹਰਾ-ਮੋਹਰਾ ਹੀ ਵਿਗਾੜਨਾ ਚਾਹੁੰਦੇ ਹਨ।

ਪੰਜਾਬ ਅਤੇ ਇੱਥੋਂ ਦੇ ਵਸਨੀਕ ਭਾਵੇਂ ਕੁਝ ਸਮੇਂ ਲਈ ਜਜ਼ਬਾਤੀ ਹੋ ਕੇ ਸਿਆਸੀ ਗੁੰਮਰਾਹਕੁਨ ਪ੍ਰਚਾਰ ਦਾ ਸ਼ਿਕਾਰ ਹੋ ਸਕਦੇ ਹਨ, ਪਰ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਦੀ ਧਰਤੀ, ਇਸ ਦੀ ਮਾਂ-ਬੋਲੀ, ਸੱਭਿਆਚਾਰ ਅਤੇ ਅਣਖ 'ਤੇ ਵਾਰ ਹੋਇਆ ਹੈ, ਉਨ੍ਹਾਂ ਨੇ ਹਮੇਸ਼ਾ ਸਿਆਸੀ ਭਰਮਜਾਲ ਨੂੰ ਤੋੜ ਕੇ ਸੰਘਰਸ਼ਾਂ ਨੂੰ ਤਰਜੀਹ ਦਿੱਤੀ ਹੈ। ਪੰਜਾਬੀ ਹਮੇਸ਼ਾ ਜ਼ੁਲਮ ਅਤੇ ਹਾਕਮਾਂ ਦੇ ਦਾਬੇ ਵਿਰੁੱਧ ਹਿੱਕ ਤਾਣ ਕੇ ਖੜ੍ਹੇ ਹੋਏ ਹਨ। ਭਾਵੇਂ ਉਹ 1975 ਦੀ ਦੇਸ਼ ਵਿਆਪੀ ਐਮਰਜੈਂਸੀ ਦਾ ਦੌਰ ਹੋਵੇ, ਜਾਂ ਦਿੱਲੀ ਦੀਆਂ ਬਰੂਹਾਂ 'ਤੇ ਲੜਿਆ ਗਿਆ ਕਾਲੇ ਖੇਤੀ ਕਾਨੂੰਨਾਂ ਦਾ ਇਤਿਹਾਸਕ ਅੰਦੋਲਨ-ਪੰਜਾਬੀਆਂ ਲਈ ਹਮੇਸ਼ਾ ਨੈਤਿਕ ਕਦਰਾਂ-ਕੀਮਤਾਂ ਕਾਇਮ ਰੱਖੀਆਂ ਹਨ। ਉਹ ਆਪਣੇ ਹੱਕਾਂ ਲਈ ਮਰ-ਮਿਟਣ ਵਾਸਤੇ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਹਨ। ਪੰਜਾਬ ਦੇ ਲੋਕਾਂ ਨੇ ਬਹੁਤ ਔਖੇ ਅਤੇ ਕਾਲੇ ਸਮਿਆਂ ਵਿੱਚ ਵੀ ਆਪਣੇ ਹਿੰਦੂ-ਸਿੱਖ ਭਾਈਚਾਰੇ ਦੀ ਸਾਂਝ ਨੂੰ ਟੁੱਟਣ ਨਹੀਂ ਦਿੱਤਾ। ਅੱਜ ਫ਼ਿਰ ਲੋੜ ਹੈ ਕਿ ਉਹ ਪੰਜਾਬੀ ਸਿਆਸਤਦਾਨਾਂ ਦੇ ਧਰਮ ਅਤੇ ਜਾਤ ਦੇ ਪਾਏ ਜਾ ਰਹੇ ਭਰਮਜਾਲ ਵਿੱਚੋਂ ਬਾਹਰ ਨਿਕਲਣ, ਆਪਣੀ ਹੋਸ਼ ਸੰਭਾਲਣ, ਅਤੇ ਪੰਜਾਬ ਦੇ ਉੱਜਵਲ, ਸਾਂਝੇ ਤੇ ਸੁਨਹਿਰੀ ਭਵਿੱਖ ਲਈ ਇੱਕਜੁੱਟ ਹੋ ਕੇ ਆਪਣੇ ਅੰਦਰਲੇ ਅਸਲ ਪੰਜਾਬੀ ਅਤੇ ਨੈਤਿਕ ਆਦਰਸ਼ਾਂ 'ਤੇ ਪਹਿਰਾ ਦੇਣ।

***

## ਪ੍ਰਵਾਸ ਕਾਰਨ ਪੰਜਾਬ ਨੂੰ

ਸਮਾਜ ਨੂੰ ਵੀ ਆਪਣੇ ਰਵੱਈਏ ਬਾਰੇ ਆਤਮ-ਚਿੰਤਨ ਕਰਨ ਦੀ ਲੋੜ ਹੈ। ਅੱਜ ਵਿਦੇਸ਼ ਜਾਣਾ ਇੱਕ ਸਮਾਜਿਕ ਰੁਤਬੇ ਦਾ ਪ੍ਰਤੀਕ ਬਣ ਗਿਆ ਹੈ। ਕਈ ਵਾਰ ਪਰਿਵਾਰ ਆਪਣੀ ਆਰਥਿਕ ਸਮਰੱਥਾ ਤੋਂ ਬਾਹਰ ਜਾ ਕੇ ਵੀ ਸਿਰਫ਼ ਇਸ ਲਈ ਬੱਚਿਆਂ ਨੂੰ ਵਿਦੇਸ਼ ਭੇਜਦੇ ਹਨ ਕਿ ਸਮਾਜ ਵਿੱਚ ਉਨ੍ਹਾਂ ਦੀ ਇੱਜ਼ਤ ਵਧੇ। ਇਸ ਸੋਚ ਨੂੰ ਬਦਲਣਾ ਵੀ ਸਮੇਂ ਦੀ ਮੰਗ ਹੈ। ਸਫ਼ਲਤਾ ਦਾ ਅਰਥ ਸਿਰਫ਼ ਵਿਦੇਸ਼ ਵਿੱਚ ਵਸਣਾ ਨਹੀਂ, ਸਗੋਂ ਜਿੱਥੇ ਵੀ ਰਹੋ, ਇਮਾਨਦਾਰੀ, ਮਿਹਨਤ ਅਤੇ ਸਵੈ-ਮਾਣ ਨਾਲ ਜੀਵਨ ਬਤੀਤ ਕਰਨਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਸਰਕਾਰ, ਨੀਤੀ-ਨਿਰਮਾਤਾ, ਸਿੱਖਿਆ ਸੰਸਥਾਵਾਂ, ਉਦਯੋਗ ਜਗਤ ਅਤੇ ਸਮਾਜ ਮਿਲ ਕੇ ਇੱਕ ਲੰਬੀ ਮਿਆਦ ਦੀ ਦੂਰਅੰਦੇਸ਼ੀ ਯੋਜਨਾ ਤਿਆਰ ਕਰਨ। ਜਦੋਂ ਕੋਈ ਕਿਸਾਨ ਆਪਣੀ ਪੁਸ਼ਤੈਨੀ ਜ਼ਮੀਨ ਵੇਚਦਾ ਹੈ, ਤਾਂ ਉਹ ਸਿਰਫ਼ ਇੱਕ ਜਾਇਦਾਦ ਨਹੀਂ ਗੁਆਉਂਦਾ, ਸਗੋਂ ਆਪਣੀਆਂ ਜੜ੍ਹਾਂ, ਆਪਣੀ ਵਿਰਾਸਤ ਅਤੇ ਆਪਣੀ ਪਛਾਣ ਨਾਲ ਜੁੜਿਆ ਇੱਕ ਅਨਮੋਲ ਰਿਸ਼ਤਾ ਵੀ ਗੁਆ ਬੈਠਦਾ ਹੈ।

ਸਮਾਂ ਅਜੇ ਵੀ ਪੂਰੀ ਤਰ੍ਹਾਂ ਹੱਥੋਂ ਨਹੀਂ ਨਿਕਲਿਆ। ਜੇ ਅਸੀਂ ਅੱਜ ਹੀ ਪੰਜਾਬ ਵਿੱਚ ਰੁਜ਼ਗਾਰ, ਉਦਯੋਗ, ਖੇਤੀ ਸੁਧਾਰ ਅਤੇ ਗੁਣਵੱਤਾ ਵਾਲੀ ਸਿੱਖਿਆ ਨੂੰ ਕੇਂਦਰ ਵਿੱਚ ਰੱਖ ਕੇ ਦੂਰਅੰਦੇਸ਼ੀ ਵਾਲੀਆਂ ਨੀਤੀਆਂ ਅਪਣਾਈਆਂ, ਤਾਂ ਪੰਜਾਬ ਮੁੜ ਆਪਣੀ ਤਾਕਤ, ਆਪਣੀ ਜਵਾਨੀ ਅਤੇ ਆਪਣੀ ਆਰਥਿਕ ਸਵੈ-ਨਿਰਭਰਤਾ ਨੂੰ ਪ੍ਰਾਪਤ ਕਰ ਸਕਦਾ ਹੈ। ਸਾਨੂੰ ਅਜਿਹਾ ਪੰਜਾਬ ਸਿਰਜਣ ਦਾ ਸੰਕਲਪ ਕਰਨਾ ਹੋਵੇਗਾ, ਜਿੱਥੇ ਨੌਜਵਾਨ ਆਪਣੀ ਮਿੱਟੀ ਨਾਲ ਜੁੜ ਕੇ ਤਰੱਕੀ ਕਰਨ ਵਿੱਚ ਮਾਣ ਮਹਿਸੂਸ ਕਰਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਇਹ ਨਾ ਕਹਿਣਾ ਪਵੇ ਕਿ ਪੰਜਾਬ ਦੀ ਉਪਜਾਊ ਧਰਤੀ ਕੈਨੇਡਾ ਦੀ ਬਰਫ਼ ਹੇਠ ਦੱਬ ਗਈ ਸੀ।

***

## ਆਈ.ਆਰ.ਸੀ.ਸੀ. ਨੇ ਪਹਿਲੀ ਵਾਰ ਜਾਰੀ

ਦੂਜੀ, ਪਰਿਵਾਰਕ ਸ਼੍ਰੇਣੀ ਵਿੱਚ ਕੁੱਲ 1,59,765 ਅਰਜ਼ੀਆਂ ਫੈਸਲੇ ਦੀ ਉਡੀਕ ਵਿੱਚ ਸਨ। ਇਸ ਵਿੱਚੋਂ 60% ਅਰਜ਼ੀਆਂ 'ਤੇ ਐਕਟਿਵ ਕੰਮ ਚੱਲ ਰਿਹਾ ਹੈ ਅਤੇ 40% ਅਰਜ਼ੀਆਂ ਨੂੰ ਵੇਟਲਿਸਟ ਕੀਤਾ ਗਿਆ ਹੈ। ਇਸ ਸ਼੍ਰੇਣੀ ਵਿੱਚ ਜੀਵਨ ਸਾਥ, ਨਿਰਭਰ ਬੱਚੇ, ਮਾਤਾ-ਪਿਤਾ/ਦਾਦਾ-ਦਾਦੀ ਸਪਾਂਸਰਸ਼ਿਪ, ਅਤੇ ਅੰਤਰਰਾਸ਼ਟਰੀ ਗੋਦ ਲੈਣ ਦੀਆਂ ਅਰਜ਼ੀਆਂ ਆਉਂਦੀਆਂ ਹਨ।

ਤੀਜੀ, ਪ੍ਰੋਟੈਕਸ਼ਨ ਅਤੇ ਰਿਫਿਊਜੀ ਸ਼੍ਰੇਣੀ ਵਿੱਚ ਕੁੱਲ 3,07,215 ਅਰਜ਼ੀਆਂ ਪੈਂਡਿੰਗ ਸਨ। ਇਹਨਾਂ ਵਿੱਚੋਂ 54% ਅਰਜ਼ੀਆਂ 'ਤੇ ਐਕਟਿਵ ਪ੍ਰੋਸੈਸਿੰਗ ਹੋ ਰਹੀ ਹੈ, ਜਦਕਿ 46% ਵੇਟਲਿਸਟ ਵਿੱਚ ਰੱਖੀਆਂ ਗਈਆਂ ਹਨ। ਇਸ ਵਿੱਚ ਕੈਨੇਡਾ ਦੇ ਅੰਦਰ ਸੁਰੱਖਿਅਤ ਵਿਅਕਤੀ, ਸਰਕਾਰ ਵੱਲੋਂ ਮਦਦ ਪ੍ਰਾਪਤ ਸ਼ਰਨਾਰਥੀ, ਪ੍ਰਾਈਵੇਟ ਸਪਾਂਸਰਡ ਸ਼ਰਨਾਰਥੀ ਅਤੇ ਮਨੁੱਖੀ ਤੇ ਹਮਦਰਦੀ ਆਧਾਰ 'ਤੇ ਲਗਾਈਆਂ ਅਰਜ਼ੀਆਂ ਸ਼ਾਮਲ ਹਨ।

### ਸਾਲ 2026 ਲਈ ਕੈਨੇਡਾ ਦਾ ਪੀ.ਆਰ. ਅਡਮਿਸ਼ਨ ਟੀਚਾ

ਸਾਲ 2026 ਦੌਰਾਨ ਕੈਨੇਡਾ ਦੀ ਫੈਡਰਲ ਸਰਕਾਰ ਨੇ ਕਿਊਬੈਕ ਸੂਬੇ ਤੋਂ ਬਾਹਰ ਕੁੱਲ 3,80,000 ਨਵੇਂ ਪੱਕੇ ਨਿਵਾਸੀਆਂ ਨੂੰ ਵਸਾਉਣ ਦਾ ਨਿਸ਼ਾਨਾ ਰੱਖਿਆ ਹੈ। ਇਸ ਵਿੱਚੋਂ ਇਕਨਾਮਿਕ ਸ਼੍ਰੇਣੀ ਲਈ 2,39,800, ਪਰਿਵਾਰਕ ਮੇਲ-ਜੋਲ ਲਈ 84,000, ਸ਼ਰਨਾਰਥੀ ਤੇ ਪ੍ਰੋਟੈਕਟਡ ਸ਼੍ਰੇਣੀ ਲਈ 49,300, ਅਤੇ ਮਨੁੱਖੀ ਆਧਾਰ 'ਤੇ 6,900 ਸੀਟਾਂ ਨਿਰਧਾਰਤ ਕੀਤੀਆਂ ਗਈਆਂ ਹਨ।

### ਸਾਲ ਦੇ ਪਹਿਲੇ 5 ਮਹੀਨਿਆਂ ਦੀ ਪ੍ਰਗਤੀ ਅਤੇ ਅਗਲਾ ਅੱਪਡੇਟ

ਆਈ.ਆਰ.ਸੀ.ਸੀ. ਨੇ ਦੱਸਿਆ ਹੈ ਕਿ 1 ਜਨਵਰੀ ਤੋਂ 31 ਮਈ 2026 ਤੱਕ, ਵਿਭਾਗ ਨੇ ਸਾਰੀਆਂ ਸ਼੍ਰੇਣੀਆਂ ਵਿੱਚ ਕੁੱਲ 1,98,700 ਪੱਕੀ ਰਿਹਾਇਸ਼ ਦੀਆਂ ਅਰਜ਼ੀਆਂ ਦਾ ਨਿਪਟਾਰਾ ਕੀਤਾ ਸੀ, ਜਿਸ ਵਿੱਚ ਮਨਜ਼ੂਰ ਅਤੇ ਰੱਦ ਕੀਤੀਆਂ ਗਈਆਂ ਦੋਵੇਂ ਅਰਜ਼ੀਆਂ ਸ਼ਾਮਲ ਸਨ। ਇਮੀਗ੍ਰੇਸ਼ਨ ਵਿਭਾਗ ਅਨੁਸਾਰ, ਅਰਜ਼ੀਆਂ ਦੀ ਇਨਵੈਂਟਰੀ ਦਾ ਅਗਲਾ ਮਹੀਨਾਵਾਰ ਅੱਪਡੇਟ ਅਗਸਤ ਦੇ ਮੱਧ ਤੋਂ ਆਖਰ ਤੱਕ ਜਾਰੀ ਕੀਤਾ ਜਾਵੇਗਾ, ਜਿਸ ਵਿੱਚ 30 ਜੂਨ 2026 ਤੱਕ ਦੇ ਤਾਜ਼ਾ ਅੰਕੜੇ ਸ਼ਾਮਲ ਹੋਣਗੇ। ਇਸ ਨਵੇਂ ਕਦਮ ਨਾਲ ਕੈਨੇਡਾ ਪੀ.ਆਰ. ਲਈ ਅਪਲਾਈ ਕਰਨ ਵਾਲੇ ਲੱਖਾਂ ਬਿਨੈਕਾਰਾਂ ਨੂੰ ਆਪਣੀ ਅਰਜ਼ੀ ਦੀ ਸਥਿਤੀ ਬਾਰੇ ਜ਼ਿਆਦਾ ਸਪੱਸ਼ਟਤਾ ਮਿਲੇਗੀ।

***

## ਕੈਨੇਡਾ 'ਚ ਭਾਰਤੀ ਵਿਦਿਆਰਥੀਆਂ

ਕੈਨੇਡਾ ਦੇ ਕਾਲਜ ਨੇ ਵਿਰੋਧ ਕਰ ਰਹੇ ਭਾਰਤੀ ਵਿਦਿਆਰਥੀਆਂ ਨੂੰ ਜ਼ਰੂਰੀ ਦਸਤਾਵੇਜ਼ ਆਪਣੇ ਕੋਲ ਰੱਖਣ ਲਈ ਕਿਹਾ ਹੈ। ਵੈੱਬਸਾਈਟ 'ਤੇ ਪੋਰਟੇਜ ਕਾਲਜ ਨੇ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਅਜਿਹੇ ਜ਼ਰੂਰੀ ਦਸਤਾਵੇਜ਼ ਆਪਣੇ ਕੋਲ ਰੱਖਣ ਜੋ ਭਵਿੱਖ ਵਿੱਚ ਕਿਸੇ ਅਰਜ਼ੀ, ਦੁਬਾਰਾ ਵਿਚਾਰ ਕਰਨ ਦੀ ਬੇਨਤੀ ਜਾਂ ਕਿਸੇ ਅਧਿਕਾਰਤ ਇਮੀਗ੍ਰੇਸ਼ਨ ਪੇਸ਼ੇਵਰ ਦੀ ਸਲਾਹ 'ਤੇ ਕੀਤੀ ਜਾਣ ਵਾਲੀ ਕਿਸੇ ਹੋਰ ਪ੍ਰਕਿਰਿਆ ਲਈ ਕੰਮ ਆ ਸਕਦੇ ਹਨ।

***

## ਕੈਨੇਡਾ ਸਰਕਾਰ ਵੱਲੋਂ ਕਾਂਗੋ ਦ

ਭਾਵੇਂ ਕੈਨੇਡਾ ਵਿੱਚ ਈਬੋਲਾ ਵਾਇਰਸ ਦਾ ਖ਼ਤਰਾ ਬੇਹੱਦ ਘੱਟ ਹੈ ਪਰ ਕੌਮਾਂਤਰੀ ਆਵਾਜਾਈ ਨਾਲ ਸਬੰਧਿਤ ਤੱਥਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਦੁਨੀਆ ਵਿੱਚ ਤੀਜੀ ਵਾਰ ਈਬੋਲਾ ਵਾਇਰਸ ਐਨੇ ਵੱਡੇ ਪੱਧਰ 'ਤੇ ਖ਼ਤਰਾ ਪੈਦਾ ਕਰ ਰਿਹਾ ਹੈ, ਜਿਸ ਦਾ ਕੋਈ ਇਲਾਜ ਅੱਜ ਤੱਕ ਲੱਭਿਆ ਨਹੀਂ ਜਾ ਸਕਿਆ। ਇਸ ਵਾਰ ਈਬੋਲਾ 828 ਮੌਤਾਂ ਦਾ ਕਾਰਨ ਬਣ ਚੁੱਕਾ ਹੈ ਪਰ ਜੁਲਾਈ ਦੇ ਅੰਤ ਤੱਕ ਮੌਤਾਂ ਦੀ ਗਿਣਤੀ 1,330 ਤੋਂ ਟੱਪਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ। ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਕਾਂਗੋ ਵਿੱਚ ਇਸ ਵਾਰ 80 ਫ਼ੀਸਦੀ ਮਰੀਜ਼ ਅਜਿਹੇ ਸਾਹਮਣੇ ਆਏ ਜੋ ਜਾਣਕਾਰਾਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਸਨ। ਅਫ਼ਰੀਕਾ ਮਹਾਂਦੀਪ ਦੇ ਕਈ ਹੋਰ ਦੇਸ਼ਾਂ ਵਿੱਚ ਵੀ ਈਬੋਲਾ ਵਾਇਰਸ ਦੇ ਮਰੀਜ਼ ਸਾਹਮਣੇ ਆ ਰਹੇ ਹਨ ਪਰ ਕਾਂਗੋ ਵਿਚਲੇ ਹਾਲਾਤ ਜ਼ਿਆਦਾ ਚਿੰਤਾ ਵਾਲੇ ਹਨ, ਜਿਥੇ ਲੋਕਾਂ ਨੂੰ ਮੁਢਲੀਆਂ ਸਿਹਤ ਸਹੂਲਤਾਂ ਵੀ ਨਹੀਂ ਮਿਲ ਰਹੀਆਂ।

***

## ਜਥੇਦਾਰ ਗੜਗੱਜ ਨੇ ਸਰਕਾਰ ਨੂੰ ਬੇਅਦਬੀ ਰੋਕੂ ਐਕਟ

ਇਸ ਗੈਰ- ਰਸਮੀ ਗੱਲਬਾਤ ਦੀ ਪੁਸ਼ਟੀ ਕੀਤੀ ਹੈ। ਜਥੇਦਾਰ ਵੱਲੋਂ ਸਤਿਕਾਰ ਸੋਧ ਐਕਟ ਵਿੱਚ ਕੁਝ ਮੱਦਾਂ 'ਤੇ ਸਖਤ ਇਤਰਾਜ਼ ਕੀਤਾ ਗਿਆ।ਉਨ੍ਹਾਂ ਆਖਿਆ ਕਿ ਐਕਟ ਵਿਚਲੀਆਂ ਇਹ ਮੱਦਾਂ ਸਿੱਖਾਂ ਨੂੰ ਗੁਰਬਾਣੀ ਤੋਂ ਦੂਰ ਕਰਨਗੀਆਂ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਅਤੇ ਹੋਰ ਵੀ ਕਈ ਸਿੱਖ ਜਥੇਬੰਦੀਆਂ ਸਖਤ ਇਤਰਾਜ਼ ਪ੍ਰਗਟ ਕਰ ਚੁੱਕੀਆਂ ਹਨ।ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਸਬੰਧ ਵਿੱਚ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸੱਦਿਆ ਗਿਆ ਸੀ ਅਤੇ ਇਨ੍ਹਾਂ ਇਤਰਾਜ਼ਯੋਗ ਮੱਦਾਂ ਬਾਰੇ ਜਾਣੂ ਕਰਵਾਇਆ ਗਿਆ ਸੀ।

## 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ

ਕਰਨ ਦਾ ਸੱਦਾ ਦਿੱਤਾ। ਸਮਾਗਮ ਦੌਰਾਨ ਸਿੰਘ ਸਾਹਿਬਾਨ, ਰਾਗੀ, ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਗੁਰਬਾਣੀ ਕੀਰਤਨ, ਕਥਾ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਸਿੱਖੀ ਸਿਧਾਂਤਾਂ ਨਾਲ ਜੋੜਿਆ। ਇਸ ਮੌਕੇ ਮੁੱਖ ਪ੍ਰਚਾਰਕ ਗਿਆਨੀ ਕਲਿਆਣ ਸਿੰਘ, ਗੁਰਦੁਆਰਾ ਗਰਨਾ ਸਾਹਿਬ ਦੇ ਮੈਨੇਜਰ ਸਰਬਜੀਤ ਸਿੰਘ, ਵਿਧਾਇਕ ਜੰਗੀ ਲਾਲ ਮਹਾਜਨ, ਅਰੁਣੇਸ਼ ਸ਼ਾਕਰ, ਸ਼ਹਿਰੀ ਪ੍ਰਧਾਨ ਗੁਰਜਿੰਦਰ ਸਿੰਘ ਚੱਕ, ਜਸਵਿੰਦਰ ਸਿੰਘ ਬਿੱਟੂ, ਆਸਾ ਸਿੰਘ ਕੋਲੀਆਂ, ਸੌਦਾਗਰ ਸਿੰਘ ਚਨੌਰ, ਹਰਮਨਜੀਤ ਸਿੰਘ ਚੱਕ ਆਦਿ ਹਾਜ਼ਰ ਸਨ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home